₹5

ਮਾਸਕ

ਸੀਸ ਗੰਜ

Vol. 54 - Issue No. 7

JULY 2017



ਗੁਰਦੁਆਰਾ ਤਖ਼ਤ ਕੋਟ ਸਾਹਿਬ, ਕੀਰਤਪੁਰ ਸਾਹਿਬ

ਇਸ ਮਹੀਨੇ ਦਾ ਵਿਚਾਰ

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥
ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥
ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ॥
ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ॥
ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥੬॥

ਸਰਸੀ - ਪ੍ਰਸੰਨ ਹੋਈ, ਖਿੜੀ ਹੋਈ। ਬਿਖਿਆ - ਬਿਖ ਰੂਪ ਮਾਇਆ ਅਥਵਾ ਵਿਸ਼ਿਆਂ ਦੇ। ਮਉਲਿਆ - ਖਿੜਿਆ, ਪ੍ਰਫੁਲਤ; ਸੰਪ੍ਰਦਾ ਵਿੱਚ ਭਾਵ ਇਉਂ ਲੈਂਦੇ ਹਨ :- ਵਣੁ - ਸਰੀਰ, ਤਿਣੁ - ਇੰਦਰੇ ਜਾਂ ਸੰਮ੍ਰਥ ਤੇ ਅਪਾਰੁ ਪੁਰਖ ਦੇ ਸੰਗ ਵਿੱਚ ਮੇਰਾ ਸਰੀਰ ਤੇ ਇੰਦਰੇ ਖਿੜ ਆਏ ਹਨ। ਸਾਵਣੁ - ਹਰਿਆ ਭਰਿਆ ਭਾਵ ਸੁਹਾਵਣਾ ਹੈ, ਸਾਵਾ+ਵਣ (ਸੰਸਕ੍ਰਿਤ ਸ੍ਰਾਵਣ ਤੋਂ ਸਾਵਣ ਬਣਿਆ ਹੈ।)

: ਅਰਥ :

ਸਾਵਣ ਵਿੱਚ (ਉਹ ਜਗਯਾਸੂ ਰੂਪ) ਇਸਤਰੀ ਪ੍ਰਸੰਨ ਹੋਈ ਜਿਸਦਾ ਵਾਹਿਗੁਰੂ ਦੇ ਚਰਨਾਂ ਕਵਲਾਂ ਨਾਲ ਪਿਆਰ ਹੈ। ਜਿਸ ਨੂੰ ਇੱਕੋ ਨਾਮ ਦਾ ਆਸਰਾ ਹੈ ਅਤੇ ਜਿਸ ਨੇ ਮਨ ਤੇ ਤਨ ਨੂੰ ਸੱਚੇ ਪ੍ਰੇਮ ਦੇ ਰੰਗ ਵਿੱਚ ਰੰਗ ਲਿਆ ਹੈ। ਜਿਸ ਨੂੰ ਮਾਇਆ ਰੂਪੀ ਬਿਖ ਦੇ ਸਾਰੇ ਕੂੜੇ ਅਨੰਦ ਸੁਆਹ ਦਿੱਸਦੇ ਹਨ ਭਾਵ ਨਿਕੰਮੇ ਦਿੱਸਦੇ ਹਨ। ਉਸ ਨੂੰ ਹਰੀ ਦੇ ਅੰਮ੍ਰਿਤ ਦੀ ਬੂੰਦ ਸੁਹਾਵਣੀ ਲੱਗਦੀ ਹੈ (ਤੇ ਜੇ ਉਹ) ਸਾਧੂ ਨੂੰ ਮਿਲਕੇ ਪੀਣ ਵਾਲੀ ਬਣ ਗਈ ਹੈ। (ਐਸੀਆਂ ਸੁਭਾਗਣਾਂ ਨੂੰ ਵੇਖ ਕੇ ਅਤੇ) ਅਪਾਰ ਤੇ ਸਮਰੱਥ ਪ੍ਰਭੂ ਦੇ ਸੰਗ ਨਾਲ ਬਨ ਤੇ ਬਨਸਪਤੀ ਨੂੰ ਮਉਲਿਆ ਤੱਕ ਕੇ ਹੁਣ ਮੇਰਾ ਮਨ ਵੀ ਵਾਹਿਗੁਰੂ ਨੂੰ ਮਿਲਣ ਲਈ ਲੋਚਦਾ ਹੈ। ਪਰੰਤੂ ਮਿਲਾਵਣਾ ਉਸੇ ਪ੍ਰਭੂ ਦੀ ਆਪਣੀ ਹੀ ਬਖਸ਼ਿਸ਼ ਦੇ ਵਸੀਲੇ ਹਨ। (ਇਸ ਪ੍ਰਾਪਤੀ ਦੇ ਸਹਾਇਕ ਮਿਲੇ ਹੋਏ ਸੰਤ ਹਨ ਇਸ ਲਈ) ਜਿੰਨ੍ਹਾਂ (ਸੰਤ ਰੂਪ) ਸਖੀਆਂ ਨੇ ਪ੍ਰਭੂ ਨੂੰ ਪਾਇਆ ਹੈ, ਮੈਂ ਉਨ੍ਹਾਂ ਤੋਂ ਸੌ ਵਾਰੀ ਸਦਕੇ ਹੋ ਰਹੀ ਹਾਂ। ਹੇ ਵਾਹਿਗੁਰੂ! ਦਇਆ ਕਰਕੇ ਨਾਮ ਦੇ ਕੇ ਸੁਧਾਰ ਦੇਣ ਵਾਲੇ ਐਸੇ ਸੰਤ ਦਾ ਮਿਲਾਪ ਕਰਾ ਦੇਹ, ਇਹ ਨਾਨਕ ਦੀ ਅਰਦਾਸ ਹੈ। (ਹਾਂ) ਉਨ੍ਹਾਂ ਸੁਹਾਗਣਾਂ ਲਈ ਸਾਵਣ (ਸਾਵਣ) ਹੈ ਜਿਨ੍ਹਾਂ ਦੇ ਹਿਰਦੇ ਵਿੱਚ ਰਾਮ ਦਾ ਨਾਮ ਹਾਰ ਵਾਂਗ ਪਿਆ ਹੋਇਆ ਹੈ।

ਟੀਕਾਕਾਰ: ਭਾਈ ਸਾਹਿਬ ਭਾਈ ਡਾ. ਵੀਰ ਸਿੰਘ ਜੀ

ਸੀਸ ਗੰਜ

ਜਿਲਦ - 54, ਨੰਬਰ - 7
ਜੁਲਾਈ - 2017, ਹਾੜ / ਸਾਵਣ 2074

ਐਡੀਟੋਰੀਅਲ ਬੋਰਡ : ਸ੍ਰ. ਮਨਜੀਤ ਸਿੰਘ ਜੀ.ਕੇ.
ਸ੍ਰ. ਹਰਮੀਤ ਸਿੰਘ ਕਾਲਕਾ
ਸ੍ਰ. ਹਰਮਨਜੀਤ ਸਿੰਘ
ਸ੍ਰ. ਮਨਜਿੰਦਰ ਸਿੰਘ ਸਿਰਸਾ
ਸ੍ਰ. ਅਮਰਜੀਤ ਸਿੰਘ ਫਤਿਹ ਨਗਰ

ਚੀਫ ਐਡੀਟਰ : ਸ੍ਰ. ਮਨਜਿੰਦਰ ਸਿੰਘ ਸਿਰਸਾ

ਐਡੀਟਰ : ਸ੍ਰ. ਪਰਮਜੀਤ ਸਿੰਘ ਰਾਣਾ

ਪ੍ਰਿੰਟਰ ਤੇ ਪਬਲਿਸ਼ਰ : ਸ੍ਰ. ਅਜਮੇਰ ਸਿੰਘ
ਚੀਫ ਐਡਮਨਿਸਟ੍ਰੇਟਰ

ਫੋਟੋ : ਸ੍ਰੀ ਅਨੂਪ ਅਸਥਾਨਾ

'ਸੀਸ ਗੰਜ' ਮਾਸਕ ਵਿੱਚ ਪ੍ਰਕਾਸ਼ਤ ਲੇਖਾਂ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਅਤੇ ਖੋਜਾਂ ਨਾਲ ਸੰਪਾਦਕ ਅਤੇ ਐਡੀਟੋਰੀਅਲ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਇਹ ਵਿਚਾਰ ਉਨ੍ਹਾਂ ਦੇ ਨਿੱਜੀ ਹਨ।

ਸਭ ਵਾਦ-ਵਿਵਾਦ ਦਿੱਲੀ ਕੋਰਟ ਵਿੱਚ ਹੀ ਨਿਪਟਾਏ ਜਾਣਗੇ।

Printer and Publisher Ajmer Singh - Chief Administrator for Delhi Sikh Gurdwara Management Committee composed and printed at Gurupdesh Printers, Guru Granth Sahib Bhawan, Gurdwara Rakab Ganj Sahib and published from office, Guru Gobind Singh Bhawan, Gurdwara Rakab Ganj Sahib, New Delhi - 110001.

Email : editorsisganj@dsgmc.in
Website : www.dsgmc.in
For Enquiry : 23712580-81-82
23737328-29
104 (Extn.)
Total Pages : 1 to 64 (With Cover)

: ਚੰਦੇ ਦਾ ਵੇਰਵਾ :

ਭੇਟਾ ਇੱਕ ਕਾਪੀ	5/-ਰੁਪਏ
ਸਾਲਾਨਾ ਚੰਦਾ ਦੇਸ਼	50/-ਰੁਪਏ
ਲਾਈਫ਼ ਮੈਂਬਰ ਦੇਸ਼	500/-ਰੁਪਏ
ਸਾਲਾਨਾ ਚੰਦਾ ਵਿਦੇਸ਼	500/-ਰੁਪਏ
ਲਾਈਫ਼ ਮੈਂਬਰ ਵਿਦੇਸ਼	5000/-ਰੁਪਏ

: ਚੰਦਾ ਭੇਜਣ ਦਾ ਪਤਾ :

ਜਨਰਲ ਮੈਨੇਜਰ
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਗੁਰੂ ਗੋਬਿੰਦ ਸਿੰਘ ਭਵਨ,
ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-1

ਸੀਸ ਗੰਜ ਦੇ ਇਸ ਅੰਕ 'ਚ

ਸੰਪਾਦਕੀ — 4
(ਸ੍ਰ. ਕੁਲਮੋਹਨ ਸਿੰਘ)

ਜੁਲਾਈ ਮਹੀਨੇ ਦੀਆਂ ਸਿੱਖ ਇਤਿਹਾਸਕ ਘਟਨਾਵਾਂ — 5

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ — 7
(ਡਾ. ਹਰਬੰਸ ਕੌਰ ਸਾਗੂ)

ਜਿਸ ਡਿਠੇ ਸਭਿ ਦੁਖਿ ਜਾਇ — 12
(ਡਾ. ਕੁਲਦੀਪ ਸਿੰਘ ਧੀਰ)

ਮੀਰੀ ਪੀਰੀ — 15
(ਡਾ. ਸਮਸ਼ੇਰ ਸਿੰਘ)

ਸ੍ਰੀ ਅਕਾਲ ਤਖ਼ਤ ਸਾਹਿਬ — 19
(ਡਾ. ਸੁਖਦਿਆਲ ਸਿੰਘ)

ਸ਼ਹੀਦ ਭਾਈ ਮਨੀ ਸਿੰਘ ਜੀ — 24
(ਕਰਨਲ ਡਾ. ਦਲਵਿੰਦਰ ਸਿੰਘ ਗਰੇਵਾਲ)

ਸ਼ਹੀਦ ਭਾਈ ਤਾਰੂ ਸਿੰਘ ਜੀ — 36
(ਪ੍ਰੋ. ਕਿਰਪਾਲ ਸਿੰਘ ਬਡੂੰਗਰ)

ਨਿਹੰਗ ਸਿੰਘ — 41
(ਸ੍ਰੀ ਰਮੇਸ਼ ਬੱਗਾ ਚੋਹਲਾ)

ਗਦਰੀ ਬਾਬਾ ਈਸ਼ਰ ਸਿੰਘ ਮਰਹਾਣਾ — 43
(ਸ੍ਰੀ ਚਿਰੰਜੀ ਲਾਲ ਕੰਗਣੀਵਾਲ)

ਸਰਬੱਤ ਦਾ ਭਲਾ — 46
(ਸ੍ਰੀ ਉਮ ਪ੍ਰਕਾਸ਼ ਜੁਨੇਜਾ)

ਸਰਗਰਮੀਆਂ (ਦਿੱ. ਸਿੱ. ਗੁ. ਪ੍ਰ. ਕਮੇਟੀ) — 49

ਚਿੱਠਾ ਆਮਦਨ ਖਰਚ — 59

'ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ ਤਿੰਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ, ਬੋਲੋ ਜੀ ਵਾਹਿਗੁਰੂ'

ਇਹ ਅਰਦਾਸ ਕੇਵਲ ਗੁਰਦੁਆਰਿਆਂ ਵਿਚ ਹੀ ਨਹੀਂ ਸਗੋਂ ਉਨ੍ਹਾਂ ਪਰਿਵਾਰਾਂ ਦੇ ਘਰਾਂ ਵਿਚ ਵੀ ਦਿਨ ਵਿੱਚ ਘਟੋ-ਘਟ ਦੋ ਵਾਰ ਤਾਂ ਜ਼ਰੂਰ ਕੀਤੀ ਜਾਂਦੀ ਹੈ। ਜੋ ਨਿਤਨੇਮ ਨਾਲ ਜੁੜੇ ਹੋਏ ਹਨ, ਹੋ ਸਕਦਾ ਹੈ, ਕੁਝ ਵੀਰ ਇਹ ਅਰਦਾਸ, ਕੇਵਲ ਨੇਮ ਦੇ ਹੀ ਇਕ ਅੰਗ ਵਜੋਂ ਸਮਝ ਰਸਮੀ ਤੌਰ 'ਤੇ ਕਰਦੇ ਹੋਣ, ਪ੍ਰੰਤੂ ਸਚਾਈ ਇਹ ਹੈ ਕਿ ਇਹ ਅਰਦਾਸ ਸਾਨੂੰ ਉਨ੍ਹਾਂ ਅਨੇਕਾਂ ਸ਼ਹੀਦਾਂ ਦੀ ਯਾਦ ਕਰਵਾਉਂਦੀ ਹੈ, ਜਿਨ੍ਹਾਂ ਨੇ ਸਿੱਖੀ ਕੇਸਾਂ ਸੰਗ ਨਿਭਾਈ ਹੈ! ਉਨ੍ਹਾਂ ਦੀ ਸ਼ਹਾਦਤ ਹੀ ਹੈ, ਜਿਸ ਨੇ ਗੁਰੂ ਸਾਹਿਬਾਨ ਤੋਂ ਬਾਅਦ ਅਨੇਕਾਂ ਮੁਸੀਬਤਾਂ ਦੇ ਝੁਲੇ ਝਖੜਾਂ ਵਿਚ ਵੀ ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਰੱਖਿਆ। ਵੱਡੇ ਵੱਡੇ ਘਲੂਘਾਰਿਆਂ, ਜ਼ਾਲਮ ਹਾਕਮਾਂ ਦੀਆਂ ਸ਼ਿਕਾਰ ਮੁਹਿੰਮਾਂ ਵੀ ਉਨ੍ਹਾਂ ਨੂੰ ਆਪਣੇ ਸਿੱਖੀ ਸਿਦਕ ਤੋਂ ਡੁਲਾ ਨਹੀਂ ਸਕੀਆਂ। ਅਜਿਹੇ ਦੋ ਸ਼ਹੀਦ ਭਾਈ ਤਾਰੂ ਸਿੰਘ ਜੀ ਅਤੇ ਭਾਈ ਮਨੀ ਸਿੰਘ ਜੀ ਦੇ ਸ਼ਹੀਦੀ ਦਿਵਸ ਇਸ ਮਹੀਨੇ ਵਿਚ ਆ ਰਹੇ ਹਨ।

ਭਾਈ ਤਾਰੂ ਸਿੰਘ ਜੀ ਨੇ ਸਿੱਖੀ ਸਿਦਕ ਅਤੇ ਸਿੱਖੀ ਸਰੂਪ ਪ੍ਰਤੀ ਵਿਸ਼ਵਾਸ ਤੇ ਅਦੁਤੀ ਨਿਸ਼ਠਾ ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੰਦਿਆਂ ਆਪਣੀ ਖੋਪੜੀ ਉਤਰਵਾ ਲਈ। ਕੋਈ ਵੀ ਲਾਲਚ ਕੋਈ ਵੀ ਧਮਕੀ ਜਾਂ ਡਰਾਵਾ ਉਨ੍ਹਾਂ ਨੂੰ ਆਪਣੇ ਵਿਸ਼ਵਾਸ ਤੇ ਸਿਦਕ ਤੋਂ ਡੁਲਾ ਨਹੀਂ ਸਕਿਆ। ਇਸੇ ਤਰ੍ਹਾਂ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਵੀ ਇਸੇ ਗੱਲ ਦਾ ਪ੍ਰਮਾਣ ਹੈ। ਉਨ੍ਹਾਂ ਨੇ ਬੰਦ ਬੰਦ ਕਟਵਾ ਲਏ ਪਰ ਆਪਣੇ ਸਿੱਖੀ ਸਿਦਕ 'ਤੇ ਕਿਸੇ ਤਰ੍ਹਾਂ ਦੀ ਆਂਚ ਨਹੀਂ ਆਉਣ ਦਿੱਤੀ। ਇਹ ਦੋਵੇਂ ਸ਼ਹਾਦਤਾਂ ਉਨ੍ਹਾਂ ਸਿੱਖ ਨੌਜਵਾਨਾਂ ਲਈ ਪ੍ਰੇਰਨਾ ਦਾ ਸ੍ਰੋਤ ਬਣ ਸਕਦੀਆਂ ਹਨ, ਜੋ ਪਛਮੀ ਸੰਸਕ੍ਰਿਤੀ ਦੇ ਪ੍ਰਭਾਵ ਹੇਠ ਆਪਣੇ ਕੇਸਾਂ ਨੂੰ ਭਾਰ ਸਮਝਦੇ, ਸਿੱਖੀ ਵਿਰਸੇ ਨਾਲੋਂ ਟੁੱਟ ਸਿੱਖੀ ਸਰੂਪ ਨੂੰ ਤਿਆਗਦੇ ਜਾ ਰਹੇ ਹਨ।

ਇਸੇ ਮਹੀਨੇ ਅਸੀਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਦੀ ਸਿਰਜਣਾ ਕਰਨ ਅਤੇ ਉਨ੍ਹਾਂ ਵਲੋਂ ਮੀਰੀ-ਪੀਰੀ ਦੀਆਂ ਕਿਰਪਾਨਾਂ ਧਾਰਨ ਕਰ ਧਰਮ ਤੇ ਸ਼ਕਤੀ ਵਿਚ ਸੁਮੇਲ ਸਥਾਪਤ ਕਰਨ ਦੀ ਯਾਦ ਵੀ ਮਨਾ ਰਹੇ ਹਾਂ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕਰ ਉਨ੍ਹਾਂ ਹਾਕਮਾਂ ਨੂੰ ਚੁਨੌਤੀ ਦਿੱਤੀ, ਜੋ ਆਪਣੀ ਪਰਜਾ ਨੂੰ ਗੁਲਾਮ ਸਮਝਦਿਆਂ ਅਤਿਆਚਾਰ ਦਾ ਸ਼ਿਕਾਰ ਬਣਾ ਰਹੇ ਸਨ ਅਤੇ ਇਸ ਦੇ ਨਾਲ ਹੀ ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕਰ ਉਨ੍ਹਾਂ ਲੋਕਾਂ ਵਿਚ ਆਤਮ ਵਿਸ਼ਵਾਸ ਅਤੇ ਆਤਮ ਸਨਮਾਨ ਦੀ ਭਾਵਨਾ ਦਾ ਸੰਚਾਰ ਕੀਤਾ, ਜੋ ਜ਼ਾਲਮ ਹਾਕਮਾਂ ਦੇ ਜ਼ੁਲਮ ਦਾ ਸ਼ਿਕਾਰ ਹੋ ਰਹੇ ਸਨ ਅਤੇ ' ਆਹ !' ਦਾ ਨਾਹਰਾ ਵੀ ਨਹੀਂ ਸਨ ਮਾਰ ਸਕਦੇ। ਇਸੇ ਆਦਰਸ਼ ਨੂੰ ਅੱਗੇ ਵਧਾਉਣ ਲਈ ਹੀ ਉਨ੍ਹਾਂ ਨੇ ਮੀਰੀ ਤੇ ਪੀਰੀ ਦੀਆਂ ਕ੍ਰਿਪਾਨਾਂ ਧਾਰ ਧਰਮ ਅਤੇ ਸ਼ਕਤੀ ਵਿਚ ਸੁਮੇਲ ਪੈਦਾ ਕਰ ਦਿੱਤਾ।

ਇਸ ਦਾ ਨਤੀਜਾ ਇਹ ਹੋਇਆ ਕਿ ਗੁਰੂ ਘਰ ਨਾਲ ਜੁੜਨ ਵਾਲੇ ਸਿੰਘ ਧਰਮੀ ਹੋਣ ਦੇ ਨਾਲ ਹੀ ਸ਼ਕਤੀ ਦੇ ਧਾਰਨੀ ਵੀ ਬਣੇ ਅਤੇ ਆਤਮ ਵਿਸ਼ਵਾਸ ਨਾਲ ਲਬਰੇਜ਼ ਹੋ ਆਤਮ ਸਨਮਾਨ ਨੂੰ ਕਾਇਮ ਰਖਣ ਲਈ ਜ਼ੁਲਮ ਦਾ ਵਿਰੋਧ ਤੇ ਟਾਕਰਾ ਕਰਨ ਲਈ ਤਿਆਰ ਬਰ ਤਿਆਰ ਹੋ ਗਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਅਗਵਾਈ ਵਿਚ ਉਨ੍ਹਾਂ ਨੇ ਜ਼ਾਲਮ ਹਾਕਮਾਂ ਦੇ ਚਾਰ ਹਮਲਿਆਂ ਦਾ ਡੱਟ ਕੇ ਮੁਕਾਬਲਾ ਕੀਤਾ ਤੇ ਸ਼ਾਨਦਾਰ ਜਿੱਤਾਂ ਹਾਸਲ ਕੀਤੀਆਂ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਅਗਵਾਈ ਵਿਚੁ ਉਨ੍ਹਾਂ ਨੇ ਚਾਰ ਜੰਗਾਂ ਜਿੱਤ ਕੇ ਇਹ ਸੰਕੇਤ ਦੇ ਦਿੱਤਾ ਕਿ ਹੁਣ ਕੋਈ ਤਾਕਤ ਅਜਿਹੀ ਨਹੀਂ ਜੋ ਲੋਕਾਈ ਨੂੰ ਆਪਣੇ ਜਬਰ ਤੇ ਜ਼ੁਲਮ ਦਾ ਸ਼ਿਕਾਰ ਬਣਾ ਸਕੇ।

ਅਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜਿਨ੍ਹਾਂ ਨੂੰ ਅਰਦਾਸ ਵਿਚ 'ਸ੍ਰੀ ਹਰਿਕ੍ਰਿਸ਼ਨ ਧਿਆਈਐ, ਜਿਸ ਡਿਠੇ ਸਭਿ ਦੁਖਿ ਜਾਇ' ਦੇ ਸ਼ਬਦਾਂ ਨਾਲ ਯਾਦ ਕਰਦੇ ਹਾਂ, ਦਾ ਅਵਤਾਰ ਦਿਵਸ ਵੀ ਇਸੇ ਮਹੀਨੇ ਆ ਰਿਹਾ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਬਾਲ ਉਮਰੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਠਵੀਂ ਜੋਤ ਦੇ ਰੂਪ ਵਿਚ ਗੁਰਗੱਦੀ ਦੀਆਂ ਜ਼ਿਮੇਵਾਰੀਆਂ ਸੰਭਾਲੀਆਂ। ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਔਰੰਗਜ਼ੇਬ ਦੇ ਜ਼ੁਲਮ ਦੇ ਸਾਏ ਹੇਠ ਸਿੱਖੀ ਆਦਰਸ਼ਾਂ ਪੁਰ ਦ੍ਰਿੜਤਾ ਨਾਲ ਪਹਿਰਾ ਦਿੱਤਾ। ਉਨ੍ਹਾਂ ਹੈਜ਼ੇ ਤੇ ਚੇਚਕ ਦੀਆਂ ਮਾਰੂ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਲੋਕਾਂ ਦੀ ਸੇਵਾ-ਸੰਭਾਲ ਕਰਦਿਆਂ ਅਤੇ ਉਨ੍ਹਾਂ ਨੂੰ ਅਰੋਗਤਾ ਦੀ ਦਾਤ ਬਖ਼ਸ਼ਦਿਆਂ ਆਪਣਾ ਜੀਵਨ ਲੇਖੇ ਲਾ ਦਿੱਤਾ। ਜੇ ਸਮੁੱਚੇ ਰੂਪ ਵਿਚ ਸਿੱਖ ਇਤਿਹਾਸ ਦੇ ਪੰਨਿਆਂ ਨੂੰ ਵਾਚਿਆ ਜਾਵੇ ਤਾਂ ਇਹ ਗੱਲ ਸਪਸ਼ਟ ਹੋ ਸਾਹਮਣੇ ਆ ਜਾਂਦੀ ਹੈ ਕਿ ਗੁਰੂ ਸਾਹਿਬਾਨ ਨੇ ਦੇਸ਼ ਦੇ ਦਬੇ-ਕੁਚਲੇ ਅਤੇ ਜਬਰ-ਜ਼ੁਲਮ ਦਾ ਸ਼ਿਕਾਰ ਹੋ ਆਤਮ ਸਨਮਾਨ ਤੇ ਆਤਮ ਵਿਸ਼ਵਾਸ ਗੁਆ ਚੁੱਕੇ ਲੋਕਾਂ ਵਿਚ ਮਨੁੱਖੀ ਕਦਰਾਂ-ਕੀਮਤਾਂ ਦੀ ਰੱਖਿਆ ਤੇ ਜਬਰ-ਜ਼ੁਲਮ ਤੇ ਅਤਿਆਚਾਰ ਵਿਰੁੱਧ ਦ੍ਰਿੜਤਾ ਨਾਲ ਖੜੇ ਹੋਣ ਦਾ ਜਜਬਾ ਭਰਿਆ, ਜਿਨ੍ਹਾਂ ਨੇ ਸਮਾਂ ਆਉਣ 'ਤੇ ਦੇਸ਼ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ।

– ਕੁਲਮੋਹਨ ਸਿੰਘ
ਚੇਅਰਮੈਨ, ਧਰਮ ਪ੍ਰਚਾਰ ਕਮੇਟੀ

ਜੁਲਾਈ ਮਹੀਨੇ ਦੀਆਂ ਸਿੱਖ ਇਤਿਹਾਸਕ ਘਟਨਾਵਾਂ

1 ਜੁਲਾਈ : * 1955 ਈ: ਸ਼੍ਰੋਮਣੀ ਅਕਾਲੀ ਦਲ ਦੇ ਸਿੰਘਾਂ ਨੇ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਹਰੇ ਲਗਾ ਕੇ ਗ੍ਰਿਫਤਾਰੀਆਂ ਦਿੱਤੀਆਂ।

1 ਜੁਲਾਈ : * 1745 ਈ: ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰੀ ਗਈ ਅਤੇ ਉਹ ਲਾਹੌਰ ਵਿਖੇ ਸ਼ਹੀਦ ਹੋਏ।

2 ਜੁਲਾਈ : * 1935 ਈ: ਮੁਸਲਮਾਨਾ ਨੇ ਗੁਰਦੁਆਰਾ ਸ਼ਹੀਦ ਗੰਜ 'ਤੇ ਕਬਜਾ ਕਰਨ ਲਈ ਭੜਕਾਉ ਜਲੂਸ ਕੱਢੇ।

2 ਜੁਲਾਈ : * 1819 ਈ: ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਵੱਲ ਕੂਚ ਕੀਤਾ।

3 ਜੁਲਾਈ : * 1984 ਈ: ਸ੍ਰ: ਸਿਮਰਨਜੀਤ ਸਿੰਘ ਮਾਨ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਈ ਫੌਜੀ ਕਾਰਵਾਈ ਦੇ ਵਿਰੁੱਧ ਆਪਣੀ ਨੌਕਰੀ ਤੋਂ ਅਸਤੀਫਾ ਦਿੱਤਾ।

3 ਜੁਲਾਈ : * 1965 ਈ: ਸੰਤ ਤੇਜਾ ਸਿੰਘ ਜੀ ਐਮ.ਏ. ਅਕਾਲ ਚਲਾਣਾ ਕਰ ਗਏ।

4 ਜੁਲਾਈ : * 1955 ਈ: ਪੰਜਾਬੀ ਸੂਬਾ ਮੋਰਚਾ ਦੇ ਸਬੰਧ ਵਿੱਚ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਹਰਿਆਂ ਸਮੇਂ ਪੰਜਾਬ ਪੁਲੀਸ ਨੇ ਅਕਾਲੀ ਦਲ ਦੇ ਦਫ਼ਤਰ 'ਤੇ ਕਬਜ਼ਾ ਕੀਤਾ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਖੇ ਅੱਥਰੂ ਗੈਸ ਦੇ ਗੋਲੇ ਸੁੱਟੇ।

4 ਜੁਲਾਈ : * 1819 ਈ: ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਫ਼ਤਹਿ ਕੀਤਾ।

5 ਜੁਲਾਈ : * 1973 ਈ: ਸ਼੍ਰੋਮਣੀ ਅਕਾਲੀ ਦਲ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਕਰਨਾਲ ਮੋਰਚਾ ਸ਼ੁਰੂ ਕੀਤਾ ਗਿਆ।

6 ਜੁਲਾਈ : * 1946 ਈ: ਸ੍ਰੀ ਜਵਾਹਰ ਲਾਲ ਨਹਿਰੂ ਨੇ ਕਲੱਕਤੇ ਵਿਖੇ ਇੱਕ ਕਾਨਫਰੰਸ ਵਿਚ ਸਿੱਖਾਂ ਲਈ ਵਿਸ਼ੇਸ਼ ਸਹੂਲਤਾਂ ਦੀ ਗੱਲ ਕੀਤੀ।

6 ਜੁਲਾਈ : * 1984 ਈ: ਫੌਜੀ ਕਾਰਵਾਈ ਉਪਰੰਤ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਲੰਗਰ ਹਾਲ ਦੀ ਇਮਾਰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪੀ।

7 ਜੁਲਾਈ : * 1955 ਈ: ਸ੍ਰ. ਗਿਆਨ ਸਿੰਘ ਰਾੜੇ ਵਾਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ।

8 ਜੁਲਾਈ : * 1955 ਈ: ਪੰਜਾਬ ਦੀਆਂ ਜੇਲ੍ਹਾਂ ਸਿੰਘਾਂ ਨਾਲ ਭਰ ਜਾਣ ਕਰਕੇ ਪੁਲੀਸ ਨੇ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਹਰੇ ਲਗਾਉਣ ਵਾਲਿਆਂ ਦੀ ਗ੍ਰਿਫਤਾਰੀ ਬੰਦ ਕਰ ਦਿੱਤੀ।

9 ਜੁਲਾਈ : * 1975 ਈ: ਸ਼੍ਰੋਮਣੀ ਅਕਾਲੀ ਦਲ ਨੇ ਭਾਰਤ ਵਿਚ ਐਮਰਜੰਸੀ ਵਿਰੁੱਧ ਮੋਰਚਾ ਸ਼ੁਰੂ ਕੀਤਾ।

10 ਜੁਲਾਈ : * 1927 ਈ: ਗੁਰੂ ਕੇ ਬਾਗ ਦਾ ਫੈਸਲਾ ਮੁਕਾਉਣ ਵਾਲੇ ਸਰ ਗੰਗਾ ਰਾਮ ਦਾ ਲੰਡਨ ਵਿਖੇ ਦਿਹਾਂਤ ਹੋ ਗਿਆ।

10 ਜੁਲਾਈ : * 1923 ਈ: ਨਾਭੇ ਦੇ ਰਾਜੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਰਾਜਗੱਦੀ ਤੋਂ ਲਾਹ ਕੇ ਦੇਹਰਾਦੂਨ ਵਿਖੇ ਨਜ਼ਰਬੰਦ ਕਰ ਦਿੱਤਾ ਗਿਆ।

11 ਜੁਲਾਈ : * 1902 ਈ: ਸਾਬਕਾ ਰੱਖਿਆ ਮੰਤਰੀ ਤੇ ਅਕਾਲੀ ਨੇਤਾ ਸ੍ਰ: ਬਲਦੇਵ ਸਿੰਘ ਦਾ ਜਨਮ ਹੋਇਆ।

11 ਜੁਲਾਈ : * 1710 ਈ: ਬਾਬਾ ਬੰਦਾ ਸਿੰਘ ਬਹਾਦਰ ਨੇ ਨਲੌਹੇ ਦੇ ਸੇਖਜ਼ਾਦਿਆਂ 'ਤੇ ਹਮਲਾ ਕਰਕੇ ਸੋਧਿਆ।

12 ਜੁਲਾਈ : * 1955 ਈ: ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਹਰੇ ਸਬੰਧੀ ਲਗਾਇਆ ਮੋਰਚਾ ਫ਼ਤਹਿ ਹੋਇਆ ਅਤੇ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਹਰੇ ਤੋਂ ਪਾਬੰਦੀ ਹਟਾਈ ਗਈ।

13 ਜੁਲਾਈ : * 1924 ਈ: ਗੰਗਸਰ ਜੈਤੋ ਦੇ ਮੋਰਚੇ ਵਿੱਚ ਦਸਵਾਂ ਤੇ ਗਿਆਰਵਾਂ ਸ਼ਹੀਦੀ ਜਥਾ ਜਥੇਦਾਰ ਵਿਸਾਖਾ ਸਿੰਘ ਅਤੇ ਸੰਤ ਸੰਤੋਖ ਸਿੰਘ ਦੀ ਅਗਵਾਈ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋਇਆ।

13 ਜੁਲਾਈ : * 1813 ਈ: ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਅਟਕ ਕਿਲਾ ਫ਼ਤਹਿ ਕੀਤਾ।

14 ਜੁਲਾਈ : * 1946 ਈ: ਕਰਨਲ ਨਿਰੰਜਨ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਅਕਾਲੀ ਜਥੇਦਾਰਾਂ ਦੀ ਇੱਕ ਭਾਰੀ ਇਕੱਤਰਤਾ ਹੋਈ।

15 ਜੁਲਾਈ : * 1948 ਈ: ਭਾਰਤ ਦੇ ਡਿਪਟੀ ਪ੍ਰਧਾਨ ਮੰਤਰੀ ਸ੍ਰ. ਪਟੇਲ ਨੇ ਅੱਠ ਸਿੱਖ ਰਿਆਸਤਾਂ ਦਾ ਰਾਜਸੀ ਏਕੀਕਰਣ ਕਰਕੇ ਪੇਪਸੂ ਬਣਾ ਦਿੱਤਾ।

15 ਜੁਲਾਈ : * 1775 ਈ: ਸਿੰਘਾਂ ਨੇ ਦਿੱਲੀ ਦੇ ਪਹਾੜ ਗੰਜ ਅਤੇ ਜੈ ਸਿੰਘ ਪੁਰਾ ਇਲਾਕੇ 'ਤੇ ਕਬਜਾ ਕਰ ਲਿਆ।

16 ਜੁਲਾਈ : * 1958 ਈ: ਸ਼੍ਰੋਮਣੀ ਅਕਾਲੀ ਦਲ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਜਪੁ-ਤਪੁ ਸਮਾਗਮ ਕੀਤਾ ਗਿਆ।

16 ਜੁਲਾਈ : * 1922 ਈ: ਸ੍ਰ. ਮਹਿਤਾਬ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਬਣੇ।

17 ਜੁਲਾਈ : * 1926 ਈ: ਸ੍ਰ. ਤੇਜਾ ਸਿੰਘ ਸਮੁੰਦਰੀ ਕੇਂਦਰੀ ਜੇਲ ਲਾਹੌਰ ਵਿਖੇ ਸ਼ਹੀਦ ਹੋਏ।

17 ਜੁਲਾਈ : * 1924 ਈ: ਬਾਰਵਾਂ ਸ਼ਹੀਦੀ ਜਥਾ ਗੰਗਸਰ ਜੈਤੋ ਦੇ ਮੋਰਚੇ ਲਈ ਜਥੇਦਾਰ ਸੁੱਚਾ ਸਿੰਘ ਮੋਗਾ ਦੀ ਅਗਵਾਈ ਵਿਚ ਰਵਾਨਾ ਹੋਇਆ।

18 ਜੁਲਾਈ : * 1969 ਈ: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਹਿ ਸਿੰਘ ਨੇ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਤੇ ਸ੍ਰੀ ਚਵਾਨ ਨਾਲ ਪੰਜਾਬ ਦੀਆਂ ਮੰਗਾਂ ਪ੍ਰਤੀ ਮੁਲਾਕਾਤ ਕੀਤੀ।

18 ਜੁਲਾਈ : * 1856 ਈ: ਭਾਈ ਮਹਾਰਾਜ ਸਿੰਘ ਜੀ ਸਿੰਘਾਪੁਰ ਦੀ ਜੇਲ੍ਹ ਵਿੱਚ ਸ਼ਹੀਦੀ ਪਾ ਗਏ।

19 ਜੁਲਾਈ : * 1982 ਈ: ਸੰਤ ਜਰਨੈਲ ਸਿੰਘ ਜੀ ਭਿੰਡਰਾਵਾਲਿਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਕੇ ਭਾਈ ਅਮਰੀਕ ਸਿੰਘ ਜੀ ਅਤੇ ਬਾਬਾ ਬਾਰਾ ਸਿੰਘ ਜੀ ਦੀ ਗ੍ਰਿਫਤਾਰੀ ਵਿਰੁੱਧ ਮੋਰਚਾ ਅਰੰਭ ਕਰ ਦਿੱਤਾ।

20 ਜੁਲਾਈ : * 1938 ਈ: ਜਥੇਦਾਰ ਊਧਮ ਸਿੰਘ ਨਾਗੋਕੇ ਦੀ ਅਗਵਾਈ ਹੇਠ ਇੱਕ ਲੱਖ (1,00,000) ਕਿਸਾਨਾ ਨੇ ਸ੍ਰੀ ਅੰਮ੍ਰਿਤਸਰ ਵਿਖੇ ਕਿਸਾਨਾ ਦਾ ਸਾਲਾਨਾ ਮਾਲੀਆ ਵਧਾਉਣ ਦੇ ਵਿਰੋਧ ਵਿਚ ਸਰਕਾਰ ਪ੍ਰਤੀ ਮੁਜਾਹਰਾ ਕੀਤਾ।

20 ਜੁਲਾਈ : * 1835 ਈ: ਮੁਸਲਮਾਨਾ ਨੇ ਗੁਰਦੁਆਰਾ ਸ਼ਹੀਦ ਗੰਜ ਲਾਹੌਰ 'ਤੇ ਕਬਜਾ ਕਰ ਲਿਆ।

21 ਜੁਲਾਈ : * 1915 ਈ: ਸ੍ਰ. ਚੰਨਣ ਸਿੰਘ ਤੇ ਹੋਰ ਗਦਰੀ ਫੌਜੀ ਸਿੰਘਾਂ ਨੂੰ ਲਾਹੌਰ ਵਿਖੇ ਫਾਸੀ ਦਿੱਤੀ ਗਈ।

22 ਜੁਲਾਈ : * 1983 ਈ: ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੇ ਬਿਜਲੀ ਬੋਰਡ ਦੇ ਦਫ਼ਤਰਾਂ ਦਾ ਘੇਰਾਉ ਕੀਤਾ।

23 ਜੁਲਾਈ : * 1628 ਈ: ਛੇਵੇਂ ਪਾਤਿਸ਼ਾਹ ਮੀਰੀ ਪੀਰੀ ਦੇ ਮਾਲਿਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ ਬਾਬਾ ਅਟੱਲ ਰਾਏ ਜੀ ਅਕਾਲ ਚਲਾਣਾ ਕਰ ਗਏ।

24 ਜੁਲਾਈ : * 1932 ਈ: ਸ਼੍ਰੋਮਣੀ ਅਕਾਲੀ ਦਲ ਨੇ ਕਮਿਊਨਲ ਐਵਾਰਡ ਦਾ ਵਿਰੋਧ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਦੀ ਯਾਦਗਾਰ ਵਿਖੇ ਇੱਕ ਸਰਬਪਾਰਟੀ ਕਨਵੈਨਸ਼ਨ ਕੀਤੀ।

26 ਜੁਲਾਈ : * 1981 ਈ: ਗੁਰਦੁਆਰਾ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸਿੱਖ ਮੰਗਾਂ ਲਈ ਇਕ ਵਿਸ਼ਵ ਸਿੱਖ ਕਨਵੈਨਸ਼ਨ ਕੀਤੀ ਗਈ।

26 ਜੁਲਾਈ : * 1940 ਈ: ਅੰਗਰੇਜ ਸਰਕਾਰ ਨੇ ਰਸਾਲੇ ਦੇ 4 ਸਿੰਘਾਂ ਨੂੰ ਫ਼ਾਸੀ ਦਿੱਤੀ।

27 ਜੁਲਾਈ : * 1925 ਈ: ਜੈਤੋ ਦਾ ਮੋਰਚਾ ਫਤਹਿ ਹੋਣ ਉਪਰੰਤ ਸਾਰੇ ਅਕਾਲੀ ਸਿੰਘਾਂ ਨੂੰ ਰਿਹਾਅ ਕਰ ਦਿੱਤਾ ਗਿਆ।

27 ਜੁਲਾਈ : * 1947 ਈ: ਪੰਜਾਬ ਸਰਕਾਰ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸ੍ਰੀ ਨਨਕਾਣਾ ਸਾਹਿਬ ਦਾ ਦਿਨ ਮਨਾਉਣ ਤੇ ਪਾਬੰਦੀ ਲਗਾਈ।

28 ਜੁਲਾਈ : * 1925 ਈ: ਵਾਇਸਰਾਏ (ਗਵਰਨਰ ਪੰਜਾਬ) ਨੇ ਸਿੱਖ ਗੁਰਦੁਆਰਾ ਐਕਟ 1925 ਨੂੰ ਮਨਜੂਰੀ ਦਿੱਤੀ।

29 ਜੁਲਾਈ : * 1873 ਈ: ਸ੍ਰੀ ਗੁਰੂ ਸਿੰਘ ਸਭਾ ਸ੍ਰੀ ਅੰਮਿਤਸਰ ਦੀ ਸਥਾਪਨਾ ਹੋਈ।

30 ਜੁਲਾਈ : * 1979 ਈ: ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਜਥੇਦਾਰ ਮੋਹਨ ਸਿੰਘ ਤੁੜ ਚੰਡੀਗੜ ਵਿਖੇ ਅਕਾਲ ਚਲਾਣਾ ਕਰ ਗਏ।

31 ਜੁਲਾਈ : * 1788 ਈ: ਦਲ ਖਾਲਸਾ ਤੇ ਮਹਾਰਾਜਾ ਵਿਜੈ ਸਿੰਘ ਆਫ ਯੋਧਪੁਰ ਦੇ ਦਰਮਿਆਨ ਇੱਕ ਸੰਧੀ ਹੋਈ।

31 ਜੁਲਾਈ : * 1940 ਈ: ਸਰਦਾਰ ਊਧਮ ਸਿੰਘ ਜੀ ਨੂੰ ਲੰਡਨ ਵਿਖੇ ਫਾਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।



ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਜਨਮ	: 7 ਜੁਲਾਈ, 1656 ਈਸਵੀ
ਗੁਰਿਆਈ ਦੀ ਪ੍ਰਾਪਤੀ	: ਅਕਤੂਬਰ 1661 ਈਸਵੀ
ਪਿਤਾ	: ਗੁਰੂ ਹਰਿ ਰਾਏ ਸਾਹਿਬ ਜੀ (1630-1661 ਈਸਵੀ)
ਮਾਤਾ	: ਕ੍ਰਿਸ਼ਨ ਕੌਰ (ਜਿਨ੍ਹਾਂ ਨੂੰ ਕਲਿਆਣੀ ਤੇ ਸੁਲੱਖਣੀ ਵੀ ਕਿਹਾ ਜਾਂਦਾ ਹੈ।)
ਭਰਾਤਾ	: ਬਾਬਾ ਰਾਮ ਰਾਏ ਜੀ।
ਜਨਮ ਸਥਾਨ	: ਸ੍ਰੀ ਕੀਰਤਪੁਰ ਸਾਹਿਬ
ਜੋਤੀ ਜੋਤਿ ਸਮਾਉਣ ਦਾ ਸਥਾਨ	: ਦਿੱਲੀ
ਜੋਤੀ ਜੋਤ ਸਮਾਉਣ ਦਾ ਸਾਲ	: 1664 ਈਸਵੀ

ਆਪ ਜੀ ਯਾਦ ਵਿਚ ਬਣੇ ਗੁਰਦੁਆਰੇ (ਦਿੱਲੀ ਵਿਖੇ) :

(1) ਗੁਰਦੁਆਰਾ ਬੰਗਲਾ ਸਾਹਿਬ :

ਇਸ ਜਗ੍ਹਾ 'ਤੇ ਆਪ ਜਦੋਂ ਕੀਰਤਪੁਰ ਤੋਂ ਬਾਦਸ਼ਾਹ ਔਰੰਗਜ਼ੇਬ ਦੇ ਬੁਲਾਣ 'ਤੇ ਆਏ ਸਨ ਤਾਂ ਆਪ ਦਾ ਠਹਿਰਾਓ ਇਥੇ ਕਰਵਾਇਆ ਗਿਆ ਸੀ, ਜਿਥੇ ਰਾਜਾ (ਮਿਰਜ਼ਾ) ਜੈ ਸਿੰਘ ਦਾ ਬੰਗਲਾ ਸੀ।

(2) ਗੁਰਦੁਆਰਾ ਬਾਲਾ ਸਾਹਿਬ :

ਇਥੇ ਆਪ ਦੀ ਦੇਹ ਦਾ ਸਸਕਾਰ ਕੀਤਾ ਗਿਆ ਸੀ। ਇਥੇ ਆਪ ਦਾ ਅੰਗੀਠਾ ਸਾਹਿਬ ਮੌਜੂਦ ਹੈ।

ਬਾਲ ਬੈਸ ਬ੍ਰਿਧ ਗਿਆਨ ਮਹਿ ਸਮਰਥ ਸ੍ਰੀ ਗੁਰਦੇਵ।
ਪਦ ਅਰਵਿੰਦਨਿ ਬੰਦਨਾਂ ਮੁਕਤ ਪਾਇ ਜਿਨ ਸੇਵ।।

ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਸਮਾਂ 1656 ਤੋਂ 1664 ਈਸਵੀ ਇਤਿਹਾਸ ਦਾ ਬਹੁੱਤ ਹੀ ਮਹੱਤਵਪੂਰਨ ਸਮਾਂ ਹੈ। ਉਨ੍ਹਾਂ ਬਾਰੇ ਸਿਰਫ਼ ਇਤਨਾ ਲਿਖ ਕੇ ਜਾਂ ਕਹਿ ਕੇ ਇਤਿਹਾਸਕਾਰ ਦਾ ਆਪਣਾ ਫ਼ਰਜ਼ ਪੂਰਾ ਨਹੀਂ ਹੋ ਜਾਂਦਾ ਕਿ ਅੱਠਵੇਂ ਗੁਰੂ ਜੀ ਦਾ ਪ੍ਰਕਾਸ਼ ਕੀਰਤਪੁਰ ਸਾਹਿਬ ਹੋਇਆ, ਆਪ ਦੇ ਭਰਾਤਾ ਰਾਮ ਰਾਏ ਦਾ ਵਿਰੋਧ, ਪੰਜੋਖਰੇ ਝੀਉਰ ਸਿੱਖ ਕੋਲੋਂ ਗੀਤਾ ਦੇ ਅਰਥ ਕਰਵਾ ਕੇ ਬ੍ਰਾਹਮਣ ਦਾ ਹੰਕਾਰ ਤੋੜਿਆ, ਦਿੱਲੀ ਆਏ, ਰਾਜਾ ਜੈ ਸਿੰਘ ਦੀ ਪਟਰਾਣੀ ਪਛਾਣੀ, ਬੀਮਾਰ ਹੋਏ ਤੇ 'ਬਾਬਾ ਬਕਾਲੇ' ਆਖ ਕੇ ਜੋਤੀ ਜੋਤਿ ਸਮਾ ਗਏ। ਕੁੱਝ ਇਤਿਹਾਸਕਾਰਾਂ ਨੇ ਤਾਂ ਇਥੋਂ ਤੱਕ ਲਿਖ ਦਿੱਤਾ ਕਿ ਉਨ੍ਹਾਂ ਦੇ ਸਮੇਂ ਕੋਈ ਖ਼ਾਸ ਘਟਨਾ ਨਹੀਂ ਵਾਪਰੀ। ਅਸਲ

ਗੱਲ ਇਹ ਹੈ ਕਿ ਇਹ ਲਿਖਣ ਵਾਲੇ ਇਤਿਹਾਸਕਾਰ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਬਾਬਾ ਰਾਮ ਰਾਏ ਤੇ ਬਾਬਾ ਧੀਰਮੱਲ ਦੀ ਤਰ੍ਹਾਂ ਬਾਲਕ ਹੀ ਸਮਝਦੇ ਹਨ ਤੇ ਇਹ ਭੁੱਲ ਗਏ ਕਿ ਗੁਰੂ ਘਰ ਗੁਰਗੱਦੀ ਸਰੀਰ ਨੂੰ ਨਹੀਂ ਸਗੋਂ ਜੋਤ ਨੂੰ ਦਿੱਤੀ ਜਾਂਦੀ ਹੈ। 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।' ਆਪ ਦੇ ਜਨਮ ਸਮੇਂ ਹੀ ਗੁਰੂ ਹਰਿ ਰਾਏ ਸਾਹਿਬ ਨੇ ਕਿਹਾ ਸੀ ਕਿ 'ਜੋ ਕੰਮ ਇਹ ਕਰਨਗੇ, ਉਹ ਕੋਈ ਹੋਰ ਨਹੀਂ ਕਰ ਸਕੇਗਾ। ਜਦੋਂ ਦਿੱਲੀ ਵਿਖੇ ਔਰੰਗਜ਼ੇਬ ਨੂੰ ਖ਼ੁਸ਼ ਕਰਨ ਲਈ ਆਪ ਦੇ ਵੱਡੇ ਭਰਾ ਰਾਮ ਰਾਏ ਨੇ ਗੁਰਬਾਣੀ ਦੀ ਇਕ ਤੁਕ ਦੇ ਇਕ ਸ਼ਬਦ ਨੂੰ ਬਦਲ ਦਿੱਤਾ ਤਾਂ ਗੁਰੂ ਪਿਤਾ ਜੀ ਨਰਾਜ਼ਹੋ ਗਏ ਤੇ ਹੁਕਮ ਕੀਤਾ ਕਿ ਰਾਮ ਰਾਏ ਦਾ ਜਿਧਰ ਮੂੰਹ ਹੈ, ਉਹ ਉਧਰ ਚਲਾ ਜਾਵੇ ਤੇ ਸਾਡੇ ਮੱਥੇ ਨਾ ਲੱਗੇ ਅਤੇ ਗੁਰੂ ਪਿਤਾ ਨੇ ਇਹ ਫੈਸਲਾ ਕਰ ਲਿਆ ਸੀ ਕਿ ਸ੍ਰੀ ਹਰਿਕ੍ਰਿਸ਼ਨ ਸਾਹਿਬ ਹੀ ਗੁਰੂ ਘਰ ਦੀਆਂ ਜ਼ਿੰਮੇਵਾਰੀਆਂ ਉਠਾਉਣ ਦੇ ਯੋਗ ਹਨ। 'ਸਰਬ ਸਹਾਰਹਿ ਗੁਰਤਾ ਭਾਰ'। ਇਸ ਤਰ੍ਹਾਂ ਗੁਰੂ ਹਰਿ ਰਾਏ ਸਾਹਿਬ ਨੇ ਸ੍ਰੀ ਹਰਿਕ੍ਰਿਸ਼ਨ ਸਾਹਿਬ ਨੂੰ ਆਪਣਾ ਜਾਨਸ਼ੀਨ ਨਾਮਜ਼ਦ ਕਰ ਦਿੱਤਾ। ਆਪ ਦੀ ਉਮਰ ਉਸ ਵਕਤ ਪੰਜ ਵਰ੍ਹਿਆਂ ਦੀ ਸੀ। ਉਹ ਅਕਤੂਬਰ 1661 ਈਸਵੀ ਵਿਚ ਗੱਦੀ 'ਤੇ ਬੈਠੇ ਤੇ ਤਿੰਨ ਸਾਲ ਗੁਰਿਆਈ ਭੋਗ ਕੇ 1664 ਈਸਵੀ ਵਿਚ ਜੋਤੀ ਜੋਤਿ ਸਮਾ ਗਏ। ਪਰ ਯਾਦ ਰੱਖਣ ਵਾਲੀ ਗੱਲ ਹੈ ਕਿ ਪੰਜ ਸਾਲ ਦੇ ਬਾਲ ਗੁਰੂ ਵਿਚ ਉਹ ਹੀ ਜੋਤ ਕੰਮ ਕਰ ਰਹੀ ਸੀ, ਜੋ 72 ਸਾਲ ਦੇ ਬਜ਼ੁਰਗ ਗੁਰੂ ਅਮਰਦਾਸ ਜੀ ਵਿਚ। ਇਨ੍ਹਾਂ ਤਿੰਨ ਸਾਲਾਂ ਵਿਚ ਆਪ ਨੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਉਹ ਸਾਰੇ ਕੰਮ ਕੀਤੇ ਜੋ ਉਨ੍ਹਾਂ ਤੋਂ ਪਹਿਲੇ ਗੁਰੂ ਸਾਹਿਬਾਨ ਨੇ ਕੀਤੇ ਸਨ।

ਗ੍ਰੀਨ ਲੀਸ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਪ੍ਰਤਿਭਾ ਨੂੰ 'ਨਿਰਮਲਤਾ' (puriety) ਦਾ ਆਲਮ ਖਿਲਾਰਨ ਵਾਲਾ ਕਰ ਕੇ ਲਿਖਦਾ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਰ ਸ੍ਰੀ ਭਗੌਤੀ ਵਿਚ ਆਪ ਬਾਰੇ ਲਿਖਦੇ ਹਨ:

ਸ੍ਰੀ ਹਰਿਕ੍ਰਿਸ਼ਨ ਧਿਆਈਐ
ਜਿਸ ਡਿਠੇ ਸਭਿ ਦੁਖਿ ਜਾਇ।।

ਬਹੁਤ ਹੀ ਭਾਵ ਪੂਰਤ ਸ਼ਬਦ ਲਿਖੇ ਹਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ। ਦੋਹਾਂ ਭਰਾਵਾਂ ਦਾ ਫ਼ਰਕ ਦੇਖੋ ! ਗੁਰੂ ਹਰਿਰਾਏ ਜੀ ਨੇ ਹੁਕਮ ਕੀਤਾ ਕਿ 'ਜੋ ਰਾਮ ਰਾਏ ਦੇ ਮੱਥੇ ਲੱਗੇਗਾ ਉਹ ਸਾਡਾ ਸਿੱਖ ਨਹੀਂ' ਅਤੇ ਦੂਜੇ ਪਾਸੇ ਦਸਵੇਂ ਪਾਤਿਸ਼ਾਹ ਕਹਿੰਦੇ ਹਨ ਕਿ 'ਗੁਰੂ ਹਰਿਕ੍ਰਿਸ਼ਨ ਨੂੰ ਦੇਖਿਆਂ ਹੀ ਸਭ ਦੁੱਖ ਦੂਰ ਹੋ ਜਾਣਗੇ'। ਗੁਰੂ ਸ਼ਬਦ ਨੂੰ ਉਨ੍ਹਾਂ ਕਿਵੇਂ ਹਿਰਦੇ ਵਿਚ ਵਸਾਇਆ ਹੋਇਆ ਸੀ। ਜਦੋਂ ਗੁਰੂ ਹਰਿਰਾਏ ਸਾਹਿਬ ਜੋਤੀ ਜੋਤਿ ਸਮਾਏ ਤਾਂ ਸੰਗਤਾਂ ਵਿਯੋਗ ਵਿਚ ਤੜਫਣ ਲੱਗੀਆਂ। ਅੱਖਾਂ ਦੇ ਅੱਥਰੂ ਨਹੀਂ ਸਨ ਸੁਕਦੇ। ਦਲਗੀਰ ਹੋਈ ਸੰਗਤ ਨੂੰ ਜਿਵੇਂ ਉਨ੍ਹਾਂ ਸਮਝਿਆ ਉਹ ਕੋਈ ਬਾਲਕ ਨਹੀਂ ਕਰ ਸਕਦਾ, ਸਿਰਫ਼ ਗੁਰੂ ਹੀ ਕਰ ਸਕਦਾ ਸੀ ਕਿਉਂਕਿ 'ਗੁਰੂ ਜੋਤਿ ਹੈ ਸਰੀਰ ਨਹੀਂ"। ਆਪ ਨੇ ਸੰਗਤਾਂ ਨੂੰ ਸਮਝਾਇਆ ਕਿ ਸਰੀਰ ਨਾਸ਼ਵਾਨ ਹੈ। ਸਰੀਰ ਹਮੇਸ਼ਾ ਰਹਿਣ ਵਾਲੀ ਚੀਜ਼ ਨਹੀਂ। ਦੀਵਾਰ ਉਪਰ ਇਨਸਾਨ ਕਦੋਂ ਤੱਕ ਦੌੜ ਸਕਦਾ ਹੈ, ਆਖ਼ਰਕਾਰ ਤਾਂ ਕੰਧ ਦਾ ਸਿਰਾ ਆ ਹੀ ਜਾਣਾ ਹੈ। ਉਮਰ 'ਤੇ ਕਿਤਨੀ ਕੁ ਆਸ ਕੀਤੀ ਜਾ ਸਕਦੀ ਹੈ, ਆਖ਼ਰ ਉਸ ਨੇ ਮੁੱਕ ਜਾਣਾ ਹੈ। ਕਿਸੇ ਕਵੀ ਨੇ ਬਹੁਤ ਸੁੰਦਰ ਲਿਖਿਆ ਹੈ :

'ਕੰਧੀ ਉਪਰ ਰੁਖੜਾ, ਕਿਕੁਚਰ ਬੰਧੇ ਧੀਰ,
ਕੱਚੇ ਭਾਂਡੇ ਰੱਖੀਏ, ਕਿਕੁਚਰ ਤਾਈ ਨੀਰ।'

ਆਪ ਨੇ ਸਮਝਾਇਆ ਕਿ ਦੇਹ ਗੁਰੂ ਨਹੀਂ, ਬਾਣੀ (ਸ਼ਬਦ) ਗੁਰੂ ਹੈ। ਗੁਰੂ ਪਾਤਿਸ਼ਾਹ ਸਿਰਫ਼ ਇਸ ਲਈ ਪ੍ਰਗਟੇ ਕਿ ਸਾਨੂੰ ਸ਼ਬਦ ਦੇ ਲੜ ਲਗਾਉਣ, ਸ਼ਬਦ ਦੀ ਜ਼ਿੰਮੇਵਾਰੀ ਚੁੱਕਣ ਲਈ ਤਿਆਰ ਕਰਨ। ਸਾਡਾ ਸਾਰਾ ਇਤਿਹਾਸ ਜ਼ਿੰਮੇਵਾਰੀ ਉਠਾਉਣ ਲਈ ਤਿਆਰ ਕਰਨ ਦਾ ਹੀ ਇਤਿਹਾਸ ਹੈ। ਜੋ ਸ਼ਬਦ ਦੀ ਜ਼ਿੰਮੇਵਾਰੀ ਸੰਭਾਲਣ ਦੇ ਯੋਗ ਹੁੰਦਾ ਹੈ ਉਸ ਨੂੰ ਗੁਰਗੱਦੀ ਸੌਂਪੀ ਜਾਂਦੀ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਦੇਖਿਆ ਕਿ ਹੁਣ ਪੰਥ ਇਸ ਸ਼ਬਦ ਦੀ ਜ਼ਿੰਮੇਵਾਰੀ ਚੁੱਕ ਸਕਦਾ ਹੈ, ਤਾਂ ਉਨ੍ਹਾਂ ਆਪਣਾ ਆਪਾ ਸੰਕੋਚ ਲਿਆ ਤੇ ਗੁਰੂ ਗ੍ਰੰਥ ਸਾਹਿਬ (ਸ਼ਬਦ) ਦੇ ਲੜ ਲਗਾ ਦਿੱਤਾ।

ਸਿੱਖ ਗੁਰੂਆਂ ਦਾ ਇਤਿਹਾਸ ਨਾ ਤਾਂ ਪਰਿਵਰਤਨ ਦਾ ਇਤਿਹਾਸ ਹੈ ਤੇ ਨਾ ਹੀ ਵਿਕਾਸ ਦਾ ਜਿਵੇਂ ਕਿ ਡਾ. ਗੋਕਲ ਚੰਦ ਨਾਰੰਗ ਤੇ ਇੰਦੂ ਭੂਸ਼ਨ ਬੈਨਰ ਜੀ ਸਮਝਦੇ ਸਨ। ਇਹ ਤਾਂ ਜ਼ਿੰਮੇਵਾਰੀ ਉਠਾਉਣ ਲਈ ਜ਼ਿੰਮੇਵਾਰ ਪੈਦਾ ਕਰਨ ਦਾ ਇਤਿਹਾਸ ਹੈ। ਪ੍ਰਿੰਸੀਪਲ ਤੇਜਾ ਸਿੰਘ ਤੇ ਡਾ. ਗੰਡਾ ਸਿੰਘ ਨੇ ਇਸ ਲਈ ਸਿੱਖ ਇਤਿਹਾਸ ਨੂੰ Growth of responsibility in Sikhism ਕਿਹਾ ਹੈ। ਜਦੋਂ ਕੌਮਾਂ ਜ਼ਿੰਮੇਵਾਰ ਹੋ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਲਿਖਤੀ ਵਿਧਾਨ ਮਿਲਦਾ ਹੈ। ਕਿਉਂਕਿ ਗੁਰੂ ਦਾ ਪੰਜ ਭੂਤਕ ਸਰੀਰ ਸਰਬ ਕਾਲ ਕੋਈ ਦੇਖ ਨਹੀਂ ਸਕਦਾ ਅਤੇ ਨਾ ਹੀ ਹਮੇਸ਼ਾ ਰਹਿਣਾ ਵਾਲਾ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਸਮਝਾਇਆ ਕਿ ਗੁਰੂ ਗ੍ਰੰਥ ਹੀ ਗੁਰੂ ਦਾ ਰਿਦਾ ਹੈ ਜੋ ਹਰ ਵਕਤ, ਹਰ ਥਾਂ, ਹਰ ਵੇਲੇ ਪੇਖਿਆ ਤੇ ਦੇਖਿਆ ਜਾ ਸਕਦਾ ਹੈ। ਜੋ ਹਰ ਸਮੇਂ ਸੱਚ ਹੋਵੇਗਾ (True for all Times)। ਰਹਿੰਦੀ ਦੁਨੀਆ ਤੱਕ ਇਹ ਸੱਚ ਹੋਵੇਗਾ, ਇਸ ਨੂੰ ਕੋਈ ਝੁਠਲਾ ਨਹੀਂ ਸਕੇਗਾ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਜਦੋਂ ਦੇਖਿਆ ਕਿ ਮਸੰਦ ਕੁਚੀਲ ਚਾਲਾਂ ਚੱਲ ਰਹੇ ਹਨ। ਕਾਰ ਭੇਟਾ ਉਗਰਾਹ ਕੇ ਜਾਂ ਤਾਂ ਆਪ ਵਰਤ ਲੈਂਦੇ ਹਨ ਜਾਂ ਰਾਮ ਰਾਏ ਨੂੰ ਦੇ ਆਉਂਦੇ ਹਨ ਤਾਂ ਆਪ ਨੇ ਸਮੇਂ ਨੂੰ ਸੰਭਾਲਦਿਆਂ ਸਿੱਖਾਂ ਨੂੰ ਹੁਕਮਨਾਮੇ ਭੇਜੇ। ਪਾਕ-ਪਟਨ ਦੀ ਸੰਗਤ ਦੇ ਨਾਮ ਲਿਖੇ ਹੁਕਮਨਾਮੇ ਤੋਂ ਸਪਸ਼ਟ ਹੈ ਕਿ ਗੁਰੂ ਮਹਾਰਾਜ ਨੇ

ਪਹਿਲਾਂ ਵੀ ਹੁਕਮਨਾਮੇ ਜਾਰੀ ਕੀਤੇ ਸਨ। 'ਹੁਣ ਕਾਰ ਭੇਟਾ ਮਸੰਦਾਂ ਹੱਥ ਨਹੀਂ ਭੇਜਣੀ ਤੇ ਉਨ੍ਹਾਂ ਨੂੰ ਨਹੀਂ ਦੇਣੀ। ਦੂਜਾ ਮਸੰਦ ਮਸੰਦੀਏ ਦੀ ਸੰਗਤ ਨਹੀਂ ਕਰਨੀ। ਧਰਮਸਾਲ ਹੀ ਜਾਣਾ, ਉਥੇ ਹੀ ਸ਼ਬਦ ਸੁਨਣਾ, ਆਰਤੀ ਸੋਹਿਲਾ ਕਰਨਾ। ਤੀਜਾ ਕਿਰਤੀ ਸਿੱਖ, ਰਾਮ ਰਾਏ ਦੇ ਜਾਲ ਵਿਚ ਨਾ ਫਸੇ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਐਸੀ ਸੰਗਤਾਂ 'ਤੇ ਖੁਸ਼ੀ ਪ੍ਰਗਟ ਕੀਤੀ। ਇਸ ਹੁਕਮਨਾਮੇ ਵਿਚ ਹੀ ਭਾਈ ਬੱਠਾ ਮਸੰਦ ਦੀ ਵਡਿਆਈ ਵੀ ਕੀਤੀ ਹੈ।' ਇਹ ਹੁਕਮਨਾਮਾ ਸਿੱਖ ਰੀਫੈਂਰਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ ਮੌਜੂਦ ਸੀ ਪਰ ਜੂਨ 1984 ਨੀਲਾ ਤਾਰਾ ਸਾਕਾ ਵੇਲੇ ਬਹੁਤ ਸਾਰੇ ਹੋਰ ਕੀਮਤੀ ਹੱਥ ਖਰੜਿਆਂ ਤੇ ਪੁਸਤਕਾਂ ਨਾਲ ਇਹ ਵੀ ਜਲ ਕੇ ਰਾਖ ਹੋ ਗਿਆ।

ਮਹਾਕਵੀ ਭਾਈ ਸੰਤੋਖ ਸਿੰਘ ਜੀ ਉਨ੍ਹਾਂ ਨੂੰ ਜੋ ਗੁਰੂ ਜੀ ਨੂੰ ਬਾਲਕ ਕਹਿੰਦੇ ਸਨ, ਇੱਕ ਦੋਹਰਾ ਲਿਖ ਕੇ ਸਮਝਾਉਂਦੇ ਹਨ। ਉਹ ਲਿਖਦੇ ਹਨ ਕਿ ਦੁਨਿਆਵੀ ਬਾਲਕ ਵਿਚ ਤਿੰਨ ਵੱਡੇ ਔਗੁਣ ਸਮਝੇ ਜਾਂਦੇ ਹਨ।

ਪਹਿਲਾ, ਇਹ ਕਿ ਬਾਲਕ ਬਿਰਧ ਗਿਆਨੀ ਨਹੀਂ ਹੁੰਦਾ। ਜੇ ਇਕ ਅੱਧ ਉਹ ਚੰਗੀ ਕਰੇ ਤਾਂ ਦੂਜੀ ਜ਼ਰੂਰ ਵਿਗਾੜ ਦੇਵੇਗਾ।

ਦੂਜਾ, ਬਾਲਕ ਸੁਤੰਤਰ ਦਾਨੀ ਨਹੀਂ ਹੁੰਦਾ। ਉਸ ਨੂੰ ਕੋਈ ਚੀਜ਼ ਦੇ ਕੇ ਕਹਿਣਾ ਪੈਂਦਾ ਹੈ ਕਿ ਇਹ ਹੱਥ ਵਿਚਲੀ ਚੀਜ਼ ਆਏ ਹੋਏ ਜਾਂ ਸਾਹਮਣੇ ਖੜੇ ਵਿਅਕਤੀ ਨੂੰ ਦੇਵੇ।

ਤੀਜਾ, ਕੋਈ ਬਾਲਕ ਸੁਤੰਤਰ ਅਗਵਾਈ ਨਹੀਂ ਕਰ ਸਕਦਾ। ਦੱਸੀ ਹੋਈ ਥਾਂ ਭੁੱਲ ਜਾਂਦਾ ਹੈ।

ਪਰ ਗੁਰੂ ਹਰਿਕ੍ਰਿਸ਼ਨ ਸਾਹਿਬ ਸਿਰਫ ਬਿਰਧ ਗਿਆਨ ਵਾਲੇ ਹੀ ਨਹੀਂ ਸਗੋਂ ਰੱਬੀ ਜੋਤ ਦਾ ਰੂਪ ਸਨ। ਉਨ੍ਹਾਂ ਦੀ ਅੰਮ੍ਰਿਤ ਦ੍ਰਿਸ਼ਟੀ ਹੀ ਪਾਪਾਂ ਦੀ ਕਾਲਖ ਉਤਾਰ ਦਿੰਦੀ ਸੀ।

ਉਨ੍ਹਾਂ ਦੇ ਦਰਸ਼ਨਾਂ ਨਾਲ ਅਗਿਆਨ ਅੰਧੇਰਾ ਮਿੱਟ ਜਾਂਦਾ ਸੀ। ਗੁਰਬਾਣੀ ਦੀ ਇਕ ਤੁਕ ਬੋਲ ਕੇ ਹੀ ਅਗਲੇ ਦੇ ਭੀਤਰੀ ਪਾਪ ਦੱਸ ਕੇ ਉਸ ਨੂੰ ਕੰਬਾ ਦਿੰਦੇ ਸਨ। ਇਤਿਹਾਸ ਵਿਚ ਕਾਬੁਲ ਦੇ ਜੱਦੀ ਚੋਰ ਜਸਵੰਤ ਰਾਏ ਦਾ ਜ਼ਿਕਰ ਆਉਂਦਾ ਹੈ। ਜਦੋਂ ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ ਗੁਰੂ ਬਣੇ ਤਾਂ ਸੰਗਤਾਂ ਦੂਰ-ਦੁਰਾਡਿਆਂ ਤੋਂ ਦਰਸ਼ਨਾਂ ਲਈ ਆਉਣ ਲੱਗੀਆਂ। ਜਦੋਂ ਲੰਮੇ ਨਗਰ (ਮੁਲਤਾਨ, ਅੱਟਕ ਤੇ ਕਾਬੁਲ ਦੇ ਉਤਰ ਪੱਛਮ ਇਲਾਕੇ) ਦੀਆਂ ਸੰਗਤਾਂ ਇਕੱਠੀਆਂ ਹੋ ਕੇ ਗੁਰੂ ਦਰਸ਼ਨਾਂ ਨੂੰ ਆਉਣ ਲੱਗੀਆਂ ਤਾਂ ਇਹ ਜੱਦੀ ਚੋਰ ਵੀ ਸੰਗਤਾਂ ਦੇ ਨਾਲ ਹੋ ਤੁਰਿਆ। ਇਹ ਸੋਚ ਕੇ ਕਿ ਕੀਰਤਪਰ ਸਾਹਿਬ ਸੰਗਤਾਂ ਬਹੁਤ ਰਹਿੰਦੀਆਂ ਹਨ, ਦਰਬਾਰ ਸੱਜਦੇ ਹਨ, ਹਰ ਵਕਤ ਭੀੜ ਬਣੀ ਰਹਿੰਦੀ ਹੈ ਤੇ ਜੇਬ ਕੱਟਣ ਦੇ ਚੰਗੇ ਮੌਕੇ ਮਿਲ ਜਾਇਆ ਕਰਨਗੇ। ਜਦੋਂ ਉਸ ਨੇ ਆ ਕੇ ਮੱਥਾ ਟੇਕਿਆ ਤਾਂ ਆਪ ਨੇ ਬਚਨ ਕੀਤੇ,

ਚੋਰ ਕੀ ਹਾਮਾ ਭਰੇ ਨ ਕੋਇ॥
ਚੋਰੁ ਕੀਆ ਚੰਗਾ ਕਿਉ ਹੋਇ॥

ਇਤਨਾ ਮਹਾਰਾਜ ਦਾ ਕਹਿਣਾ ਹੀ ਸੀ ਕਿ ਉਹ ਗੁਰੂ ਮਹਾਰਾਜ ਦੇ ਚਰਨਾਂ 'ਤੇ ਢਹਿ ਪਿਆ ਤੇ ਉੱਚੀ-ਉੱਚੀ ਰੋਣ ਲੱਗ ਪਿਆ। ਮਹਾਰਾਜ ਨੇ ਚਰਨਾਂ ਤੋਂ ਉਸ ਦਾ ਸਿਰ ਚੁੱਕਿਆ, ਧੀਰਜ ਦਿੱਤਾ ਤੇ ਫ਼ਰਮਾਇਆ ਕਿ ਚੋਰੀ ਦੀ ਭੈੜੀ ਆਦਤ ਤੈਨੂੰ ਕਿਸੇ ਪਾਸੇ ਦਾ ਨਹੀਂ ਛੱਡੇਗੀ। ਚੋਰ ਭਾਵੇਂ ਕਿਤਨਾ ਹੀ ਸੋਹਣਾ ਬਣ ਕੇ ਰਹੇ, ਗੱਲਾਂ ਵੀ ਦੇਖਣ ਨੂੰ ਸਿਆਣਿਆਂ ਵਾਲੀਆਂ ਕਰੇ ਪਰ ਉਸ ਦਾ ਮੁੱਲ ਸਮਾਜ ਵਿਚ ਕੌਡੀ ਦੇ ਬਰਾਬਰ ਵੀ ਨਹੀਂ। ਕੁਝ ਦੇਰ ਭਾਵੇਂ ਐਸ਼ ਕਰ ਲਵੇ ਪਰ ਅੰਤ ਸਦਾ ਹੀ ਮਾੜਾ ਹੁੰਦਾ ਹੈ। ਜਸਵੰਤ ਰਾਏ ਨੇ ਸੰਗਤ ਦੇ ਸਾਹਮਣੇ ਕਿਰਤ ਕਰਨ ਦਾ ਪ੍ਰਣ ਕੀਤਾ, ਪਿਛਲੇ ਕੀਤੇ ਗਲਤ ਕੰਮਾਂ ਦੀ ਖਿਮਾ ਮੰਗੀ ਤੇ ਵਾਪਸ ਕਾਬੁਲ ਆ ਕੇ, ਮਿਹਨਤ ਦੀ ਕਿਰਤ ਕਮਾਈ ਕਰਨ ਲੱਗਾ। ਇਹ ਗੁਰੂ ਜੀ ਆਪਣੇ ਬ੍ਰਿਧ ਗਿਆਨ ਕਰ ਕੇ ਹੀ ਉਸ ਚੋਰ ਦੇ ਅੰਦਰ ਦੀ ਜਾਣ ਗਏ ਸਨ।

ਇਸੇ ਤਰ੍ਹਾਂ ਇਤਿਹਾਸ ਦੱਸਦਾ ਹੈ ਕਿ ਗੋਂਦਾ ਮੱਲ ਜੋ ਜੂਆ ਤੇ ਸ਼ਰਾਬ ਵਿਚ ਮਸਤ ਰਹਿੰਦਾ ਸੀ, ਇਕ ਵਾਰ ਦਰਸ਼ਨਾਂ ਨੂੰ ਆਇਆ। ਗੁਰੂ ਜੀ ਦੇ ਚਰਨਾਂ 'ਤੇ ਡਿੱਗ ਪਿਆ ਤੇ ਚਰਨ ਛੱਡੇ ਹੀ ਨਾ ਤਾਂ ਗੁਰੂ ਜੀ ਨੇ ਫ਼ਰਮਾਇਆ,

ਸੀਸਿ ਨਿਵਾਇਐ ਕਿਆ ਥੀਐ ਜਾ ਰਿਧੈ ਕੁਸੁਧੇ ਜਾਹਿ॥

ਉਸ ਦਾ ਅੰਦਰਲਾ ਮਨ ਹਿੱਲ ਗਿਆ। ਹੱਥ ਜੋੜ ਕੇ ਖਿਮਾ ਮੰਗੀ ਤੇ ਜੂਆ ਤੇ ਸ਼ਰਾਬ ਤਿਆਗਣ ਦਾ ਪ੍ਰਣ ਕੀਤਾ। ਗੁਰੂ ਮਹਾਰਾਜ ਨੇ ਸੰਗਤ ਨੂੰ ਇਨ੍ਹਾਂ ਮਾੜੀਆਂ ਆਦਤਾਂ ਤੋਂ ਸਦਾ ਦੂਰ ਰਹਿਣ ਦਾ ਹੁਕਮ ਦਿੱਤਾ।

ਇਸੇ ਤਰ੍ਹਾਂ ਲੰਬਾ ਪਿੰਡ (ਚੰਡੀਗੜ੍ਹ ਤੋਂ 10 ਕੁ ਕਿਲੋਮੀਟਰ ਦੀ ਦੂਰੀ 'ਤੇ) ਦਾ ਸਰਪੰਚ ਨੰਦ ਚੰਦ ਜੋ ਪੈਂਚੀ ਕਰਨ ਦੀ ਥਾਂ ਵਿਭਚਾਰੀ ਹੋ ਗਿਆ ਸੀ। ਜਦੋਂ ਇਕ ਵਾਰ ਗੁਰੂ ਦਰਸ਼ਨਾਂ ਨੂੰ ਆਇਆ ਤਾਂ ਜਦੋਂ ਚਰਨਾਂ 'ਤੇ ਸੀਸ ਨਿਵਾਇਆ ਤਾਂ ਆਪ ਨੇ ਫ਼ਰਮਾਇਆ,

ਪੰਚ ਪਰਵਾਣ ਪੰਚ ਪਰਧਾਨੁ॥
ਪੰਚੇ ਪਾਵਹਿ ਦਰਗਹਿ ਮਾਨੁ॥
ਪੰਚੇ ਸੋਹਹਿ ਦਰਿ ਰਾਜਾਨੁ॥
ਪੰਚਾ ਕਾ ਗੁਰੁ ਏਕੁ ਧਿਆਨੁ॥

ਫਿਰ ਪੰਚਾਂ ਦੇ ਲੱਛਣ ਸਮਝਾਏ ਕਿ ਉਸ ਪੰਚ ਦਾ ਨਗਰ ਫਲਦਾ-ਫੁੱਲਦਾ ਅਤੇ ਖੁਸ਼ਹਾਲ ਹੁੰਦਾ ਹੈ ਜੋ ਸਤ, ਸੰਤੋਖ, ਦਯਾ, ਧਰਮ ਅਤੇ ਧੀਰਜ ਦਾ ਧਾਰਣੀ ਹੁੰਦਾ ਹੈ ਅਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਦੂਰ ਰਹਿੰਦਾ ਹੈ ਤੇ ਫ਼ਰਮਾਇਆ,

ਇਨ੍ ਬਿਧਿ ਨਗਰੁ ਵੁਠਾ ਮੇਰੇ ਭਾਈ॥

ਭਾਈ ਇਸ ਤਰ੍ਹਾਂ ਬਾਹਰਲਾ ਨਗਰ ਤਾਂ ਸੁਧਰੇਗਾ ਹੀ, ਸਰੀਰ ਵਿਚ ਵੀ ਖੇੜਾ ਆ ਜਾਵੇਗਾ।

ਨੰਦ ਚੰਦ ਨੇ ਖਿਮਾ ਮੰਗੀ ਤੇ ਕਿਹਾ ਕਿ ਉਹ ਪੰਚਾਂ ਵਾਲੇ ਕਾਰਜ ਨਹੀਂ ਨਿਭਾਅ ਰਿਹਾ, ਵੇਸਵਾਗਾਮੀ ਹੋ ਕੇ ਜੀਵਨ ਅਜਾਈਂ ਗਵਾ ਰਿਹਾ ਸੀ। ਪਿਛਲੇ ਕੀਤੇ ਕੁਕਰਮਾਂ ਦੀ ਹੱਥ ਜੋੜ ਕੇ ਖਿਮਾ ਮੰਗੀ ਤੇ ਅੱਗੋਂ ਤੋਂ ਨਿਮਾਣੇ ਹੋ ਸੇਵਾ ਕਰਨ ਦਾ ਪ੍ਰਣ ਕੀਤਾ। ਉਸ ਦਾ ਆਪਣਾ ਜੀਵਨ ਵੀ ਕੁੰਦਨ ਹੋਇਆ ਤੇ ਨਗਰ ਵੀ ਵਧਿਆ, ਫੁਲਿਆ। ਇਸ ਤਰ੍ਹਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਆਪਣੇ ਬਚਨਾਂ ਦੇ ਤੀਰਾਂ ਨਾਲ ਭੁੱਲਿਆਂ-ਭਟਕਿਆਂ ਨੂੰ ਸਿੱਧੇ ਰਸਤੇ ਪਾ ਰਹੇ ਸਨ। ਕੀ ਇਹ ਸਭ ਕੋਈ ਬ੍ਰਿਧ ਗਿਆਨ ਤੋਂ ਬਿਨਾਂ ਕਿਵੇਂ ਕਰ ਸਕਦਾ ਸੀ। ਗੁਰੂ ਸਾਹਿਬ ਸਰੀਰਕ ਤੌਰ 'ਤੇ ਭਾਵੇਂ ਬਾਲਕ ਸਨ ਪਰ ਮਾਨਸਿਕ ਤੌਰ ਤੇ ਅਧਿਆਤਮਕ ਤੌਰ 'ਤੇ ਉਹ ਬ੍ਰਿਧ ਗਿਆਨੀ ਸਨ।

ਫਿਰ ਜਦੋਂ ਆਪ ਦਿੱਲੀ ਪਹੁੰਚੇ ਤਾਂ ਆਪ ਨੇ ਰਾਜਾ ਜੈ ਸਿੰਘ ਨੂੰ ਤੇ ਪਰਸ ਰਾਮ ਨੂੰ ਸਾਫ਼-ਸਾਫ਼ ਕਹਿ ਦਿੱਤਾ ਕਿ ਉਹ ਔਰੰਗਜ਼ੇਬ ਨੂੰ ਕਿਸੇ ਵੀ ਕੀਮਤ 'ਤੇ ਨਹੀਂ ਮਿਲਣਗੇ ਤਾਂ ਔਰੰਗਜ਼ੇਬ ਨੇ ਆਪਣੇ ਬੇਟੇ ਮੁਆਜ਼ਮ (ਬਹਾਦੁਰ ਸ਼ਾਹ) ਨੂੰ ਗੁਰੂ ਜੀ ਪਾਸ ਭੇਜਿਆ ਅਤੇ ਬਹੁਤ ਸਾਰੇ ਖਿਡੌਣੇ, ਬਸਤ੍ਰ ਤੇ ਹੋਰ ਤੋਹਫ਼ਿਆਂ ਦੇ ਨਾਲ ਇਕ ਤਸਬੀ (ਮਾਲਾ) ਵੀ ਭੇਜੀ। ਆਪ ਨੇ ਸਭ ਕੁਝ ਠੁਕਰਾ ਕੇ ਇਕ ਤਸਬੀ ਨੂੰ ਹੀ ਪ੍ਰਵਾਨ ਕੀਤਾ। ਇਹ ਕੋਈ ਬਾਲਕ ਨਹੀਂ ਸੀ ਕਰ ਸਕਦਾ। ਇਹ ਗੁਰੂ ਹਰਿਕ੍ਰਿਸ਼ਨ ਸਾਹਿਬ ਵਰਗਾ ਬ੍ਰਿਧ ਗਿਆਨੀ ਹੀ ਕਰ ਸਕਦਾ ਸੀ। (ਪ੍ਰਿੰ. ਸਤਬੀਰ ਸਿੰਘ)

ਫਿਰ ਸ਼ਹਿਜ਼ਾਦੇ ਨੇ ਜਦੋਂ ਬਾਰ ਬਾਰ ਚਿੱਠੀ ਲਿਖ ਕੇ ਦਰਸਨ ਦੇਣ ਲਈ ਕਿਹਾ ਤਾਂ ਆਪ ਨੇ ਰਾਗ ਮਾਝ ਦਾ ਹੇਠ ਲਿਖਿਆ ਸਲੋਕ ਲਿਖ ਕੇ ਔਰੰਗਜ਼ੇਬ ਨੂੰ ਭੇਜਿਆ।

ਕਿਆ ਖਾਧੈ ਕਿਆ ਪੈਧੈ ਹੋਇ॥
ਜਾ ਮਨਿ ਨਾਹੀ ਸਚਾ ਸੋਇ॥
ਕਿਆ ਮੇਵਾ ਕਿਆ ਘਿਉ ਗੁੜੁ ਮਿਠਾ
ਕਿਆ ਮੈਦਾ ਕਿਆ ਮਾਸੁ॥
ਕਿਆ ਕਪੜੁ ਕਿਆ ਸੇਜੁ ਸੁਖਾਲੀ ਕੀਜਹਿ ਭੋਗ ਬਿਲਾਸ॥
ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ॥
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ॥

ਜਿਸ ਦਾ ਸਾਰ ਹੈ ਕਿ ਮਨ ਵਿਚ ਅਕਾਲ ਪੁਰਖ ਨੂੰ ਨਹੀਂ ਵਸਾਇਆ ਤਾਂ ਖਾਣ ਪੀਣ ਦਾ ਕੋਈ ਸੁਆਦ ਨਹੀਂ। ਕੀ ਹੋਇਆ ਜੇ ਮੇਵੇ, ਘਿਉ, ਮਿੱਠਾ ਗੁੜ, ਮੈਦਾ ਅਤੇ ਮਾਸ ਖਾ ਲਿਆ। ਕੀ ਹੋਇਆ ਜੇ ਸੋਹਣੇ ਕੱਪੜੇ ਤੇ ਅਰਾਮ ਦੇਹ ਸੇਜ ਮਿਲ ਗਈ ਤੇ ਭੋਗ ਵਿਲਾਸ ਕਰ ਲਏ। ਕੀ ਹੋਇਆ ਜੇ ਫ਼ੌਜ, ਚੋਬਦਾਰ ਮਿਲ ਗਏ ਤੇ ਮਹਿਲਾਂ ਵਿਚ ਵੱਸਣਾ ਨਸੀਬ ਹੋਇਆ। ਪਰ ਸੱਚੇ ਨਾਮ ਤੋਂ ਬਿਨਾ ਇਹ ਸਭ ਕੁੱਝ ਵਿਅਰਥ ਹੈ, ਫ਼ਜ਼ੂਲ ਹੈ, ਨਾਸ਼ਵੰਦ ਹੈ।

ਇਸ ਨੂੰ ਸਿੱਖ ਇਤਿਹਾਸ ਦਾ ਪਹਿਲਾ ਜ਼ਫ਼ਰਨਾਮਾ ਵੀ ਕਿਹਾ ਜਾਂਦਾ ਹੈ। ਇਹ ਸਲੋਕ ਪੜ੍ਹ ਕੇ ਔਰੰਗਜ਼ੇਬ ਬਹੁਤ ਸ਼ਰਮਸਾਰ ਹੋਇਆ ਸੀ।

ਇਸੇ ਰੌਸ਼ਨੀ ਵਿਚ ਔਰੰਗਜ਼ੇਬ ਦੇ ਕਹੇ ਮਰਨ ਵੇਲੇ ਦੇ ਸ਼ਬਦਾਂ ਨੂੰ ਵਿਚਾਰਨ ਤੇ ਪੜ੍ਹਨ ਦੀ ਜ਼ਰੂਰਤ ਹੈ। ਉਹ ਕਹਿੰਦਾ ਹੈ ''ਮੈਂ ਇਕੱਲਾ ਆਇਆ ਸੀ, ਇਕੱਲਾ ਹੀ ਜਾ ਰਿਹਾ ਹਾਂ। ਮੈਨੂੰ ਇਤਨਾ ਵੀ ਗਿਆਨ ਨਹੀਂ ਕਿ ਮੈਂ ਕੌਣ ਹਾਂ, ਕੀ ਕਰਦਾ ਰਿਹਾ ਹਾਂ ਤੇ ਕਿਥੇ ਜਾਣਾ ਹੈ। ਜੋ ਸਮਾਂ ਬੰਦਗੀ ਤੋਂ ਬਿਨਾ ਗੁਜ਼ਾਰਿਆ, ਉਸ ਦਾ ਮੈਨੂੰ ਪਛਤਾਵਾ ਹੋ ਰਿਹਾ ਹੈ। ਚੰਗੀ ਹਕੂਮਤ ਕਰ ਨਹੀਂ ਸਕਿਆ, ਲੋਕਾਂ ਦਾ ਪਿਆਰ ਜਿੱਤ ਨਹੀਂ ਸਕਿਆ। ਦੁਨੀਆਂ ਵਿਚ ਆਇਆ ਖ਼ਾਲੀ ਹੱਥ ਸਾਂ ਪਰ ਜਾ ਰਿਹਾ ਹਾਂ ਪਾਪਾਂ ਦੀ ਭਾਰੀ ਪੰਡ ਚੁੱਕ ਕੇ। ਪਤਾ ਨਹੀਂ ਕੀਤੇ ਗੁਨਾਹਾਂ ਦੀ ਮੈਨੂੰ ਕੀ ਸਜ਼ਾ ਮਿਲੇਗੀ, ਰਹਿਮ ਕਰੋ, ਅਲਾਹ ਰਹਿਮ।

ਕੀ ਇਤਿਹਾਸ ਦੀਆਂ ਇਨ੍ਹਾਂ ਉਦਾਹਰਣਾਂ ਨੂੰ ਪੜ੍ਹਨ ਤੋਂ ਬਾਅਦ ਵੀ ਕੋਈ ਇਹ ਕਹਿ ਸਕਦਾ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਬਿਰਧ ਗਿਆਨੀ ਨਹੀਂ ਸਨ।

ਫਿਰ ਆਪ ਨੇ ਜ਼ਾਤ-ਪਾਤ ਦੇ ਦੈਂਤ ਨੂੰ ਸਿੰਗਾਂ ਤੋਂ ਪਕੜ ਕੇ ਕਿਵੇਂ ਕਾਬੂ ਕੀਤਾ। ਉਸ ਦੀ ਉਦਾਹਰਣ ਦੇਖੋ। ਪੰਜੋਖਰੇ ਦੇ ਬ੍ਰਾਹਮਣ ਲਾਲ ਚੰਦ ਜਿਸ ਨੂੰ ਸਿਰਫ਼ ਵਿਦਿਆ ਦਾ ਹੀ ਹੰਕਾਰ ਨਹੀਂ ਸੀ ਸਗੋਂ ਜ਼ਾਤ ਅਭਿਮਾਨ ਦਾ ਵੀ ਸੀ। ਕਿਸ ਤਰ੍ਹਾਂ ਗੁਰੂ ਸਾਹਿਬ ਨੇ ਆਪਣੇ ਇਕ ਸਿੱਖ ਛੱਜੂ ਦੇ ਪੈਰ ਪਕੜਵਾ ਦਿੱਤੇ। ਜਦੋਂ ਜਾਤ ਅਭਿਮਾਨੀ ਲਾਲ ਚੰਦ ਨੇ ਗੁਰੂ ਜੀ ਦੇ ਚਰਨ ਪਕੜ ਕੇ ਖਿਮਾ ਮੰਗੀ ਅਤੇ ਚਰਨਾਂ 'ਤੇ ਉਤਾਰ ਕੇ ਜੰਞੂ ਵੀ ਰੱਖ ਦਿੱਤਾ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਖਿਮਾਂ ਛੱਜੂ ਤੋਂ ਮੰਗੋ। ਇਸ ਸਾਖੀ ਤੋਂ ਇਕ ਹੋਰ ਗੱਲ ਵੀ ਪਤਾ ਲੱਗਦੀ ਹੈ ਕਿ ਆਪ ਦੇ ਸਿੱਖਾਂ ਵਿਚ ਨਿਮਰਤਾ ਸੀ। ਉਹ ਆਪਣੇ ਗਿਆਨ ਦਾ ਦਿਖਾਵਾ ਨਹੀਂ ਸਨ ਕਰਦੇ। 'ਜਿਨਿ ਹਰਿ ਪਾਇਓ ਤਿੰਨਹਿ ਛਿਪਾਇਓ' ਪਰ ਜ਼ਰੂਰਤ ਪੈਣ 'ਤੇ ਉਹ ਨਿਮਰਤਾ ਨਾਲ ਹੀ ਹੰਕਾਰੀਆਂ ਦਾ ਹੰਕਾਰ ਵੀ ਤੋੜ ਦਿੰਦੇ ਸਨ।

ਦੂਜੀ ਗੱਲ ਕਿ ਬਾਲਕ ਸੁਤੰਤਰ ਦਾਨੀ ਨਹੀਂ ਹੁੰਦਾ। ਪਰ ਗੁਰੂ ਹਰਿਕ੍ਰਿਸ਼ਨ ਸਾਹਿਬ ਵਰਗਾ ਸੁਤੰਤਰ ਦਾਨੀ ਵੀ ਕੋਈ ਘੱਟ ਹੀ ਮਿਲੇਗਾ। ਆਪ ਦੇ ਦਰਬਾਰ ਵਿਚ ਲੰਗਰ ਅਤੁੱਟ ਵਰਤਦੇ ਸਨ। ਆਈਆਂ ਵਸਤਾਂ (ਰਸਦ ਸਮੱਗਰੀ) ਨੂੰ ਉਸੇ ਵਕਤ ਲੰਗਰ ਵਿਚ ਭੇਜ ਦਿੰਦੇ ਅਤੇ ਬਾਕੀ ਵਸਤੂਆਂ ਕੱਪੜੇ ਬਸਤਰ ਆਦਿ ਉਸੀ ਵਕਤ ਲੋੜਵੰਦਾਂ ਵਿਚ ਵੰਡ ਦਿੰਦੇ ਤੇ ਅਗਲੇ ਦਿਨ ਵਾਸਤੇ ਬਚਾ ਕੇ ਕੁਝ ਵੀ ਨਹੀਂ ਸਨ ਰੱਖਦੇ। ਜਦੋਂ ਦਿੱਲੀ ਵਿਖੇ ਆਏ ਤੇ ਦਿੱਲੀ ਵਿਚ ਭਿਆਨਕ ਬੀਮਾਰੀ ਫੈਲ ਗਈ ਤਾਂ ਆਪ ਨੇ ਦਿੱਲੀ ਦੀਆਂ ਗਲੀਆਂ ਤੇ ਕੂਚਿਆਂ ਵਿਚ ਜਾ ਕੇ ਰੋਗੀਆਂ ਦੇ ਰੋਗ ਕੱਟੇ। ਉਨ੍ਹਾਂ ਦੀ ਹੱਥੀਂ ਸੇਵਾ ਕੀਤੀ। ਗਲੀਆਂ ਵਿਚ ਲੰਗਰ ਤੇ ਸਾਫ਼ ਪਾਣੀ ਦਾ ਇੰਤਜ਼ਾਮ ਕੀਤਾ, ਮਰੇ ਹੋਏ ਲੋਕਾਂ ਦੀਆਂ ਲਾਸ਼ਾਂ ਦਾ ਸਸਕਾਰ ਕਰਵਾਇਆ। ਦਿੱਲੀ ਦੀ ਸੰਗਤ ਜੋ

ਭੇਟਾਵਾਂ ਲੈ ਕੇ ਆਉਂਦੀ, ਉਹ ਉਸੀ ਵਕਤ ਰੋਗੀਆਂ 'ਤੇ ਖਰਚ ਕਰ ਦਿੱਤੀ ਜਾਂਦੀ ਸੀ। ਆਪਣੇ ਪਾਸ ਕੁਝ ਵੀ ਨਹੀਂ ਰੱਖਦੇ। ਇਸ ਤੋਂ ਵੱਡਾ ਸੁਤੰਤਰ ਦਾਨੀ ਹੋਰ ਕੌਣ ਹੋ ਸਕਦਾ ਹੈ, ਜਿਨ੍ਹਾਂ ਨੇ ਨਾ ਸਿਰਫ਼ ਮਾਇਆ ਹੀ ਦਾਨ ਕੀਤੀ, ਸਗੋਂ ਰੋਗੀਆਂ ਦੀ ਹੱਥੀ ਸੇਵਾ ਕਰ ਕੇ ਸ਼੍ਰਮ ਦਾਨ ਵੀ ਕੀਤਾ।

ਤੀਸਰੀ ਤੇ ਸਭ ਤੋਂ ਵੱਡੀ ਗੱਲ ਕਿ ਐਸੀ ਅਗਵਾਈ ਕੀਤੀ ਕਿ ਹਰ ਕੋਈ ਆਖ ਰਿਹਾ ਸੀ ਕਿ ਪਿਤਾ ਜੀ ਦੇ ਪਾਏ ਪੂਰਨਿਆਂ 'ਤੇ ਚੱਲ ਕੇ, ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਨੂੰ ਹੋਰ ਅੱਗੇ ਵਧਾਇਆ ਹੈ। ਇਹ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ ਕਿ ਕਿਤਨਾ ਦਬਾਅ ਵਿਰੋਧੀਆਂ, ਦੋਖੀਆਂ, ਨਜ਼ਦੀਕੀ ਰਿਸ਼ਤੇਦਾਰਾਂ ਤੇ ਸੋਢੀਆਂ ਦਾ ਆਪ 'ਤੇ ਹੋਵੇਗਾ ਪਰ ਆਪ ਕਿਸੀ ਤੋਂ ਨਾ ਡਰੇ ਅਤੇ ਨਿਡਰ ਤੇ ਨਿਧੜਕ ਹੋ ਕੇ ਸਪਸ਼ਟ ਹੁਕਮ ਕੀਤਾ : ਬਾਬਾ ਬਸਹਿ ਜਿ ਗ੍ਰਾਮ ਬਕਾਲੇ।

ਸੱਚੀ ਗੱਲ ਤਾਂ ਇਹ ਹੈ ਕਿ ਇਹ ਸਮਾਂ 1656 ਤੋਂ 1664 ਈਸਵੀ ਤੱਕ ਦਾ ਬਹੁਤ ਹੀ ਮਹੱਤਵਪੂਰਨ ਹੈ।

ਆਪ ਜੀ ਨੇ ਜੋ ਪੂਰਨੇ ਪਾਏ, ਸੇਧਾਂ ਦਿੱਤੀਆਂ, ਹੁਕਮ ਕੀਤੇ ਅਤੇ ਚੇਤਾਵਨੀਆਂ ਦਿੱਤੀਆਂ, ਉਹ ਸਦਾ ਮਨੁੱਖਤਾ ਨੂੰ ਚਾਨਣ ਦਿੰਦੀਆਂ ਰਹਿਣਗੀਆਂ। ਕੁੜੀ ਮਾਰਨ ਨੂੰ ਉਨ੍ਹਾਂ ਹੀ ਰੋਕਿਆ, ਤਮਾਕੂ ਨੋਸ਼ੀ ਵਿਰੁੱਧ ਸਭ ਤੋਂ ਪਹਿਲਾਂ ਉਨ੍ਹਾਂ ਹੀ ਭਰਪੂਰ ਆਵਾਜ਼ ਉਠਾਈ, ਕੇਸਾਂ ਦੀ ਮਹੱਤਤਾ ਉਨ੍ਹਾਂ ਹੀ ਦ੍ਰਿੜ੍ਹਾਈ, ਮਸੰਦਾਂ ਦੀ ਮਨਮਾਨੀ ਰੋਕਣ ਦਾ ਪਹਿਲਾ ਹੁਕਮਨਾਮਾ (ਪਾਕ ਪਟਨ ਦੀ ਸੰਗਤ ਦੇ ਨਾਮ) ਉਨ੍ਹਾਂ ਹੀ ਜਾਰੀ ਕੀਤਾ, ਮੂਲ ਰੂਪ ਵਿਚ ਪਹਿਲਾ ਜ਼ਫ਼ਰਨਾਮਾ ਵੀ ਉਨ੍ਹਾਂ ਹੀ ਲਿਖਿਆ। ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦਾ ਹਿਰਦਾ ਦੱਸਣਾ ਤੇ ਪ੍ਰਚਾਰਨਾ, ਜ਼ਾਤ-ਪਾਤ ਦਾ ਨਿਸ਼ੰਗ ਵਿਰੋਧ, ਘਾਲਿ ਖਾਇ ਕਿਛੁ ਹਥਹੁ ਦੇਇ।।, ਜੂਆ ਤੇ ਮਦ ਤਿਆਗਣ ਦਾ ਪ੍ਰਚਾਰ , ਸੁਤੰਤਰ ਅਗਵਾਈ ਦੀਆਂ ਅਨੇਕਾਂ ਉਦਾਹਰਣਾਂ ਹਨ। ਕੀ ਇਹ ਕੋਈ ਘੱਟ ਮਹੱਤਵਪੂਰਨ ਗੱਲ ਹੈ ਕਿ ਸਮੇਂ ਦਾ ਹਾਕਮ ਔਰੰਗਜ਼ੇਬ, ਜਿਸ ਦੇ ਨਾਮ ਤੋਂ ਲੋਕ ਥਰ-ਥਰ ਕੰਬਦੇ ਸਨ। ਉਸ ਜ਼ਾਲਮ ਦੀ ਹੁਕਮ-ਅਦੂਲੀ ਕਰਨ ਵਾਲਿਆਂ ਦਾ ਕੀ ਹਸ਼ਰ ਹੁੰਦਾ ਸੀ, ਇਹ ਕੋਈ ਛੁਪੀ ਗੱਲ ਨਹੀਂ ਸੀ। ਉਸ ਜੈਸਾ ਤੁਅੱਸਬੀ ਉਸ ਤੋਂ ਪਹਿਲਾਂ ਕੋਈ ਹੋਰ ਬਾਦਸ਼ਾਹ ਨਹੀਂ ਹੋਇਆ। ਹੁਣ ਜਿਸ ਨੇ 'ਅਨਲ ਹੱਕ' ਦਾ ਨਾਅਰਾ ਲਾਉਣ ਵਾਲਿਆਂ ਨੂੰ ਸੂਲੀ 'ਤੇ ਚੜ੍ਹਾ ਦਿੱਤਾ ਸੀ। ਹੋਰ ਬਹੁਤ ਸਾਰੇ ਮੁਸਲਮਾਨ ਸ਼ੀਆਂ ਫਕੀਰਾਂ ਨੂੰ ਉਸ ਮਰਵਾ ਦਿੱਤਾ ਸੀ ਤੇ ਹਿੰਦੂਆਂ ਦੀ ਤਾਂ ਗੱਲ ਹੀ ਕੁੱਝ ਹੋਰ ਸੀ। ਜਿਸ ਨੇ 'ਦਾਰੁਲ ਹਰਬ' ਨੂੰ 'ਦਾਰੁਲ ਇਸਲਾਮ' ਬਨਾਣ ਦਾ ਫੈਸਲਾ ਕੀਤਾ ਹੋਇਆ ਸੀ। ਐਸਾ ਬਾਦਸ਼ਾਹ ਦੇ ਭੇਜੇ ਤੋਹਫ਼ੇ ਪਰਵਾਨ ਨਾ ਕਰ ਕੇ ਸਿਰਫ਼ਮਾਲਾ (ਤਸਬੀ) ਹੀ ਰੱਖਣੀ, ਇਤਨੇ ਯਤਨ ਕਰਨ ਦੇ ਬਾਵਜੂਦ ਆਪ ਨੇ ਉਸ ਨੂੰ ਦਰਸ਼ਨ ਨਾ ਦਿੱਤੇ ਕਿਉਂਕਿ ਇਹ ਗੁਰੂ ਪਿਤਾ ਦਾ ਹੁਕਮ ਸੀ ਕਿ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਾ ਤੇ ਉਸ ਨੂੰ ਦਰਸ਼ਨ ਨਹੀਂ ਦੇਣੇ। ਗੁਰੂ ਪਿਤਾ ਦੇ ਹੁਕਮ ਦੀ ਪਾਲਣਾ ਕਰਨ ਲਈ ਉਹ ਸਮੇਂ ਦੇ ਜ਼ਾਲਮ ਬਾਦਸ਼ਾਹ ਤੋਂ ਵੀ ਨਾ ਡਰੇ। ਕੀ ਇਹ ਸਭ ਕੁੱਝ ਕੋਈ ਬਾਲਕ ਕਰ ਸਕਦਾ ਸੀ। ਤੱਤ ਇਹ ਹੈ ਕਿ ਜੋਤਿ ਉਹਾ ਸੀ, ਜੁਗਤਿ ਸਾਇ ਸੀ। ਸਿਰਫ਼ ਕਾਇਆ ਪਲਟੀ ਸੀ।

ਇਸ ਸੱਭ ਦਾ ਭਾਵ ਇਹ ਹੈ ਕਿ ਬਾਲ ਅਵਸਥਾ ਵਿਚ ਬਾਲਕ ਅਚੇਤ ਤੇ ਨਿਰਬਲ ਹੁੰਦਾ ਹੈ ਪਰ ਗੁਰੂ ਹਰਿਕ੍ਰਿਸ਼ਨ ਸਾਹਿਬ ਬਾਲਕਾਂ ਦੀਆਂ ਸਾਰੀਆਂ ਕਮਜ਼ੋਰੀਆਂ ਤੋਂ ਰਹਿਤ ਸਨ। ਅਚੇਤਤਾ ਦੇ ਟਾਕਰੇ ਗਿਆਨ ਬ੍ਰਿਧ ਸਨ, ਨਿਰਬਲਤਾ ਦੇ ਮੁਕਾਬਲੇ ਪਰਮ ਸਮਰੱਥ ਸਨ ਅਤੇ ਆਪਣੇ ਸਿੱਖ ਸੇਵਕਾਂ ਨੂੰ ਮੁਕਤੀ ਵਰਗੇ ਦੁਰਲੱਭ ਪਦਾਰਥ ਇਕ ਹੀ ਤੱਕਣੀ ਨਾਲ ਦੇ ਦਿੰਦੇ ਸਨ। ਇਹ ਸਮਝ ਲੈਣਾ ਚਾਹੀਦਾ ਹੈ ਕਿ ਸਰੀਰਕ ਅਵਸਥਾ ਤੇ ਉਮਰ ਸਤਿਗੁਰ ਜੋਤ 'ਤੇ ਹਾਵੀ ਨਹੀਂ ਹੋ ਸਕਦੇ। ਅੱਜ ਵੀ ਜੋ ਗੁਰਦੁਆਰਾ ਬੰਗਲਾ ਸਾਹਿਬ ਸਿਰ ਨਿਵਾਉਂਦਾ ਹੈ, ਉਸ ਦਾ ਖਾਲੀ ਹਿਰਦਾ ਭਰ ਜਾਂਦਾ ਹੈ ਅਤੇ ਜੀਵਨ ਵਿਚ ਤਾਜ਼ਗੀ, ਪਾਕੀਜ਼ਗੀ ਅਤੇ ਖ਼ੁਸ਼ਬੋ ਭਰ ਜਾਂਦੀ ਹੈ।

ਕਿਤਨੀ ਦ੍ਰਿੜ੍ਹਤਾ ਦਰਸਾਈ ਆਪ ਜੀ ਨੇ, ਜਿਸ ਦਾ ਅੰਦਾਜ਼ਾ ਹੀ ਨਹੀਂ ਲਗਾਇਆ ਜਾ ਸਕਦਾ। ਰਾਜਿਆਂ ਦੇ ਜ਼ੁਲਮਾਂ ਤੋਂ ਨਹੀਂ ਡਰੇ ਤੇ ਰਾਜਿਆਂ ਦਾ ਰੋਹਬ ਹੂੰਝ ਕੇ ਸੁੱਟ ਦਿੱਤਾ। ਜੋ ਹੁਕਮਰਾਨਾ ਦੇ ਚੱਕਰ ਕੱਟਦੇ ਨਹੀਂ ਥੱਕਦੇ, ਉਨ੍ਹਾਂ ਨੂੰ ਇਹ ਦੱਸ ਦਿੱਤਾ ਕਿ ਇਹ ਕੋਈ ਵਡਿਆਈ ਨਹੀਂ ਕਿ ਬਾਦਸ਼ਾਹ, ਨਵਾਬ, ਵਜ਼ੀਰ ਜਾਂ ਸਰਕਾਰੀ ਅਹਿਲਕਾਰ, ਕਰਮਚਾਰੀ ਨੂੰ ਤੁਸੀਂ ਮਿਲੇ ਹੋ। ਖੁਸ਼ਾਮਦਾਂ ਵਿਚੋਂ ਕੱਢਿਆ, ਠੀਕ ਲਿਖਿਆ ਹੈ ਸੂਰਜ ਪ੍ਰਕਾਸ਼ ਵਿਚ ਕਿ ਉਨ੍ਹਾਂ ਦੇ ਜੋਤੀ ਜੋਤਿ ਸਮਾਣ ਵੇਲੇ ਜਿਥੇ ਹੋਰ ਗੁਣ ਗਾਇਨ ਕੀਤੇ ਜਾ ਰਹੇ ਸਨ, ਉਥੇ ਲੋਕ ਇਹ ਵੀ ਆਖ ਰਹੇ ਸਨ 'ਪ੍ਰਣ ਨਿਭਾਇਆ, ਪ੍ਰਾਣ ਦਿੱਤੇ ਪਰ ਬਾਦਸ਼ਾਹ ਨੂੰ ਮੂੰਹ ਨਹੀਂ ਲਗਾਇਆ। ਭਾਈ ਗੁਰਦਾਸ ਦੂਜੇ ਨੇ ਲਿਖਿਆ ਹੈ :

ਹਰਿਕਿਸਨ ਭਯੋ ਅਸਟਮ ਬਲ ਬੀਰਾ।
ਜਿਨ ਪਹੁੰਚਿ ਦੇਹਲੀ ਤਜਿਓ ਸਰੀਰਾ।
ਬਾਲ ਰੂਪ ਧਰਿ ਸ੍ਵਾਂਗ ਰਚਾਇਉ।
ਤਬ ਸਹਿਜੇ ਤਨ ਕੋ ਛੋਡਿ ਸਿਧਾਇਉ।
ਇਉ ਮੁਗਲਨਿ ਸਿਸ ਪਰੀ ਬਹੁ ਛਾਰਾ।
ਵੈ ਖੁਦ ਪਤਿ ਸੋ ਪਹੁੰਚੇ ਦਰਬਾਰਾ।
ਔਰੰਗੇ ਇਹ ਬਾਦ ਰਚਾਇਓ।
ਤਿਨ ਅਪਨਾ ਕੁਲ ਸਭ ਨਾਸ ਕਰਾਇਓ।

– ਡਾ. ਹਰਬੰਸ ਕੌਰ ਸਾਗੂ
ਡਾਇਰੈਕਟਰ, ਇੰਟਰਨੈਸ਼ਨਲ ਸੈਂਟਰ ਫਾਰ ਸਿੱਖ ਸਟੱਡੀਜ਼
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਜਿਸ ਡਿਠੇ ਸਭਿ ਦੁਖਿ ਜਾਇ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਨਾਮ ਸਿੱਖ ਇਤਿਹਾਸ ਤੇ ਸਿੱਖ ਸਮਾਜ ਵਿੱਚ ਬਹੁਤ ਅਜ਼ਮਤ ਵਾਲੀ ਦੈਵੀ ਸ਼ਖਸੀਅਤ ਵਜੋਂ ਸਥਾਪਿਤ ਹੈ। ਸਿੱਖ ਅਰਦਾਸ ਵਿੱਚ ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ ਦਾ ਮਹਾਂਵਾਕ ਇਸੇ ਅਜ਼ਮਤ ਦਾ ਪ੍ਰਤੀਕ ਹੈ। ਸਿੱਖ ਵਿਦਿਅਕ ਸੰਸਥਾਵਾਂ ਨਾਲ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਨਾਮ ਦੇਸ਼ ਵਿਦੇਸ਼ ਵਿੱਚ ਅਕਸਰ ਹੀ ਜੁੜਿਆ ਵੇਖਿਆ ਜਾ ਸਕਦਾ ਹੈ। ਇਹ ਉਨ੍ਹਾਂ ਦੀ ਗਿਆਨ ਦੇ ਸੂਰਜ ਵਰਗੀ ਸ਼ਖਸੀਅਤ ਦੀ ਸਵੀਕ੍ਰਿਤੀ ਹੈ, ਜੋ ਇਤਿਹਾਸ ਤੋਂ ਮਿਥਿਹਾਸ ਬਣਨ ਦੀ ਸਮਰੱਥਾ ਰੱਖਦੀ ਹੈ। ਜਿਸ ਦੇ ਦਰਸ਼ਨ ਨਾਲ ਦੁੱਖ ਕੱਟ ਜਾਣ, ਜਿਸ ਦੁਆਰਾ ਸਿਰ ਉਤੇ ਹੱਥ ਧਰਨ ਨਾਲ ਬੁੱਧੀ ਤੇ ਅਕਲ ਪ੍ਰਕਾਸ਼ਮਾਨ ਹੋ ਉਠੇ। ਉਸ ਵਿਰਾਟ ਸ਼ਖਸੀਅਤ ਦਾ ਜਨਮ ਮਾਤਾ ਕ੍ਰਿਸ਼ਨ ਕੌਰ ਜੀ ਦੇ ਉਦਰ ਤੋਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਗ੍ਰਹਿ ਵਿਖੇ 7 ਜੁਲਾਈ 1656 ਨੂੰ ਕੀਰਤਪੁਰ ਸਾਹਿਬ ਵਿੱਚ ਹੋਇਆ। ਇਸ ਸਥਾਨ ਉਤੇ ਅੱਜ ਕੱਲ ਗੁਰਦੁਆਰਾ ਸ਼ੀਸ਼ ਮਹਿਲ ਸਥਾਪਿਤ ਹੈ।

ਕੀਰਤਪੁਰ ਗੁਰ ਸਪਤਮ ਕੇ ਘਰ।
ਕ੍ਰਿਸ਼ਨ ਕੌਰ ਮਾਤਾ ਸੈਂ ਦਿਨਵਤ।
ਸਤ੍ਰਾਂ ਸੈ ਤੇਰਾਂ ਕੇ ਮਾਹੀਂ।
ਸਾਵਣ ਦਸਮੀ ਬਦੀ ਸਰਾਹੀ।
ਪ੍ਰਗਟੇ ਗੁਰ ਹਰਿਕ੍ਰਿਸ਼ਨ ਉਦਾਰੇ।
ਜਿਨ ਥਿਰ ਮਾਦੀ ਸਿਖ ਬਹੁ ਤਾਰੇ।

ਗੁਰੂ ਹਰਿ ਰਾਇ ਜੀ ਨੇ ਸ੍ਰੀ ਹਰਿਕ੍ਰਿਸ਼ਨ ਜੀ ਦੀ ਸਿੱਖਿਆ ਦੀਖਿਆ ਬੜੇ ਉਚੇਚ ਨਾਲ ਕੀਤੀ। ਸਿੱਖ ਪ੍ਰੰਪਰਾ ਦੱਸਦੀ ਹੈ ਕਿ ਆਪ ਤੀਖਣ ਬੁੱਧੀ ਦੇ ਮਾਲਕ ਸਨ। ਚਾਰ ਸਾਲ ਦੀ ਉਮਰ ਵਿੱਚ ਹੀ ਆਪ ਨੂੰ ਬੇਅੰਤ ਬਾਣੀ ਕੰਠ ਹੋ ਚੁੱਕੀ ਸੀ। ਆਪ ਦੇ ਪਿਤਾ ਜਦੋਂ ਸੰਗਤਾਂ ਨੂੰ ਉਪਦੇਸ਼ ਦੇ ਰਹੇ ਹੁੰਦੇ ਤਾਂ ਆਪ ਉਨ੍ਹਾਂ ਦੇ ਸਨਮੁਖ ਬੈਠ ਕੇ ਉਨ੍ਹਾਂ ਦੇ ਵਿਚਾਰਾਂ ਨੂੰ ਇਉਂ ਸੁਣਦੇ ਜਿਵੇਂ ਕੋਈ ਬਹੁਤ ਗਿਆਨੀ ਪੁਰਸ਼ ਸੁਣਦਾ ਹੈ। ਇਹੀ ਨਹੀਂ, ਉਹ ਪਿਤਾ ਗੁਰੂ ਨੂੰ ਰੋਗੀਆਂ ਦੀ ਸੇਵਾ ਕਰਦੇ ਵੀ ਵੇਖਦੇ। ਉਨ੍ਹਾਂ ਦੀ ਕੋਮਲ ਛੋਹ ਅਤੇ ਮਿੱਠੇ ਬਚਨ ਰੋਗੀਆਂ ਨੂੰ ਅਜੀਬ ਕਿਸਮ ਦੀ ਸ਼ਾਂਤੀ ਤੇ ਸੁੱਖ ਬਖਸ਼ਦੇ। ਬਚਪਨ ਤੋਂ ਹੀ ਆਪ ਕਈ ਕਈ ਘੰਟੇ ਤੱਕ ਪ੍ਰਭੂ ਸਿਮਰਨ ਵਿਚ ਜੁੜੇ ਰਹਿੰਦੇ। ਅਜਿਹੇ ਸਮੇਂ ਉਨ੍ਹਾਂ ਨੂੰ ਆਸ-ਪਾਸ ਤਾਂ ਕੀ ਆਪਣੇ ਦੁੱਖ-ਸੁੱਖ ਦੀ ਵੀ ਖਬਰ ਨਾ ਰਹਿੰਦੀ। ਸੂਈ ਚੁੱਭਣ ਉਤੇ ਵੀ ਉਨ੍ਹਾਂ ਦੇ ਅੱਖ ਨਾ ਖੋਲ੍ਹਣ ਜਾਂ ਸੀਅ ਨਾ ਕਰਨ ਦਾ ਜ਼ਿਕਰ ਪੁਰਾਤਨ ਇਤਿਹਾਸਕ ਗ੍ਰੰਥਾਂ ਵਿੱਚ ਆਉਂਦਾ ਹੈ।

ਇਸ ਸਮੇਂ ਤੱਕ ਗੁਰੂ ਹਰਿਰਾਇ ਸਾਹਿਬ ਜੀ ਦੀ ਕੀਰਤੀ ਦੂਰ-ਦੂਰ ਤੱਕ ਫੈਲ ਚੁੱਕੀ ਸੀ। ਮੁਗਲ ਬਾਦਸ਼ਾਹ ਸ਼ਾਹਜਹਾਂ ਦਾ ਸ਼ਹਿਜ਼ਾਦਾ ਦਾਰਾ ਸ਼ਕੋਹ ਵੀ ਆਪ ਦਾ ਸ਼ਰਧਾਲੂ ਬਣ ਗਿਆ ਸੀ। ਸ਼ਾਹ ਜਹਾਂ ਦੇ ਤਖਤ ਨੂੰ ਸਾਂਭਣ ਲਈ ਉਸ ਦੇ ਪੁੱਤਰਾਂ ਵਿੱਚ ਜੋ ਸੰਘਰਸ਼ ਹੋਇਆ, ਉਸ ਬਾਰੇ ਔਰੰਗਜ਼ੇਬ ਨੂੰ ਉਸਦੇ ਸਹਿਯੋਗੀਆਂ ਨੇ ਦੱਸਿਆ ਕਿ ਸਿੱਖਾਂ ਦੇ ਸਤਵੇਂ ਗੁਰੂ ਨੇ ਦਾਰੇ ਨੂੰ ਬਚ ਨਿਕਲਣ ਲਈ ਮੱਦਦ ਕੀਤੀ ਹੈ। ਉਨ੍ਹਾਂ ਦੀ ਮੱਦਦ ਤੋਂ ਬਿਨ੍ਹਾਂ ਦਾਰਾ ਬਿਆਸ ਦਰਿਆ ਪਾਰ ਨਹੀਂ ਸੀ ਕਰ ਸਕਦਾ। ਔਰੰਗਜ਼ੇਬ ਨੇ ਗੁਰੂ ਹਰਿਰਾਇ ਸਾਹਿਬ ਨੂੰ ਦਿੱਲੀ ਆਉਣ ਲਈ ਸ਼ਾਹੀ ਫੁਰਮਾਨ ਜਾਰੀ ਕਰ ਦਿੱਤਾ। ਇਹ ਗੱਲ 1661 ਈਸਵੀ ਦੇ ਆਰੰਭਕ ਦਿਨ੍ਹਾਂ ਦੀ ਹੈ। ਗੁਰੂ ਹਰਿ ਰਾਇ ਜੀ ਨੇ ਆਪ ਜਾਣ ਦੀ ਥਾਂ ਆਪਣੇ ਵੱਡੇ ਬੇਟੇ ਰਾਮ ਰਾਇ ਜੀ ਨੂੰ ਦਿੱਲੀ ਜਾ ਕੇ ਬਾਦਸ਼ਾਹ ਦੀ ਤਸੱਲੀ ਕਰਵਾਉਣ ਨੂੰ ਆਖਿਆ। ਉਨ੍ਹਾਂ ਨੇ ਰਾਮ ਰਾਇ ਜੀ ਨੂੰ ਕਿਹਾ ਕਿ ਗੁਰੂ ਨਾਨਕ ਸਾਹਿਬ ਤੁਹਾਡੇ ਹਮੇਸ਼ਾਂ ਅੰਗ ਸੰਗ ਹੋਣਗੇ, ਤੁਸੀਂ ਨਿਡਰ ਹੋ ਕੇ ਗੱਲਾਂ ਕਰਨਾ। ਤੁਹਾਡਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕੇਗਾ। ਮਹਿਮਾ ਪ੍ਰਕਾਸ਼ ਵਿੱਚ ਗੁਰੂ ਹਰਿ ਰਾਇ ਜੀ ਦੇ ਰਾਮ ਰਾਇ ਪ੍ਰਤੀ ਬਚਨਾਂ ਨੂੰ ਇਉਂ ਅੰਕਿਤ ਕੀਤਾ ਹੈ :

ਸੁਨੋ ਪੁਤਰ ਮੈਂ ਬਚਨ ਜੋ ਕਹੋਂ।
ਤੁਮਰੇ ਸੰਗ ਸਦਾ ਮੈਂ ਰਹੋਂ।
ਦਿੱਲੀ ਪਤ ਸੋ ਜਾਇ ਤੁਮ ਮਿਲੋ।
ਕੁਝ ਸ਼ੰਕ ਭੈ ਨਾਹੀਂ ਮਨ ਮੈਂ ਕਰੋ।
....
ਤੁਮਾਰਾ ਬਚਨ ਸੁਫਲ ਸਭ ਹੋਏ।
ਤੁਮ ਸਮਾਨ ਬਲੀ ਨਹੀਂ ਕੋਏ।
ਜੋ ਪੂਛੇ ਸੋ ਸਤਿ ਕਹਿ ਦੀਜੇ।
ਕਛੂ ਕਰਾਮਾਤ ਪ੍ਰਗਟ ਨਹੀਂ ਕੀਜੇ।

ਰਾਮ ਰਾਇ ਜੀ ਨੇ ਹਰ ਪ੍ਰਕਾਰ ਨਾਲ ਔਰੰਗਜ਼ੇਬ ਦੀ ਤਸੱਲੀ ਕਰਵਾਈ ਪਰੰਤੂ ਇਸ ਦੌਰਾਨ ਕਰਾਮਾਤੀ ਸ਼ਕਤੀਆਂ ਦਾ ਦਿਖਾਵਾ ਵੀ ਕੀਤਾ ਅਤੇ ਪਾਵਣ ਗੁਰਬਾਣੀ ਦੀ ਇਕ ਤੁਕ ਨੂੰ ਵੀ ਤੋੜ ਮਰੋੜ ਕੇ ਉਸ ਦੀ ਵਿਆਖਿਆ ਕਰ ਦਿੱਤੀ। ਜਦੋਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਖਬਰ ਪਹੁੰਚੀ ਤਾਂ ਉਨ੍ਹਾਂ ਨੇ ਫੈਸਲਾ ਕੀਤਾ ਕਿ ਜੋ ਬੰਦਾ ਗੁਰੂ ਘਰ ਦੀ ਅਜ਼ਮਤ ਨਾਲ ਹੋਈ ਪ੍ਰਾਪਤੀ ਨੂੰ ਕਰਾਮਾਤੀ ਵਿਖਾਵਿਆਂ

ਲਈ ਵਰਤਣ ਦੇ ਰਾਹ ਪੈ ਸਕਦਾ ਹੈ, ਜੋ ਧੁਰ ਕੀ ਬਾਣੀ ਨੂੰ ਕਿਸੇ ਸ਼ਹਿਨਸ਼ਾਹ ਦੀ ਖੁਸ਼ੀ ਹਾਸਲ ਕਰਨ ਲਈ ਤੋੜ-ਮਰੋੜ ਸਕਦਾ ਹੈ, ਉਸ ਨੂੰ ਵਡੇਰੀ ਜ਼ਿੰਮੇਵਾਰੀ ਕਦੇ ਵੀ ਨਹੀਂ ਸੌਂਪੀ ਜਾਣੀ ਚਾਹੀਦੀ। ਉਨ੍ਹਾਂ ਨੇ ਰਾਮ ਰਾਇ ਜੀ ਨੂੰ ਮੁੜ ਆਪਣੇ ਮੱਥੇ ਕਦੇ ਨਾ ਲੱਗਣ ਦੇ ਸਖਤ ਆਦੇਸ਼ ਦਿੱਤੇ। ਸੂਰਜ ਪ੍ਰਕਾਸ਼ ਵਿੱਚ ਇਹ ਆਦੇਸ਼ ਇਉਂ ਅੰਕਿਤ ਹਨ :

ਅਬੁ ਹਮਰੈ ਮੁਖ ਲਾਗਹਿ ਨਾਹੀ।
ਰਹਹੁ ਆਪ ਤੁਰਕੇਸੁਰ ਮਾਹੀ।
ਦਰਸਹਿ ਨਾਹੀ ਦਰਸਾਵਹਿ ਦਰਸ਼ਨ।
ਕਰਹਿ ਤੁਰਕ ਲਛਮੀ ਜੁ ਸਪਰਸਨ।

ਇਸ ਘਟਨਾ ਤੋਂ ਕੁੱਝ ਹੀ ਸਮਾਂ ਪਿੱਛੋਂ ਆਪਣੇ ਜੀਉਂਦੇ ਜੀਅ ਹੀ ਗੁਰੂ ਹਰਿ ਰਾਇ ਜੀ ਨੇ ਸਿੱਖ ਧਰਮ ਦੀ ਅਗਵਾਈ ਦੀ ਜ਼ਿੰਮੇਵਾਰੀ ਕੇਵਲ ਸਵਾ ਪੰਜ ਸਾਲ ਦੀ ਆਯੂ ਦੇ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਸੌਂਪ ਦਿੱਤੀ। ਇਹ ਜ਼ਿੰਮੇਵਾਰੀ ਗੁਰੂ ਹਰਿਕ੍ਰਿਸ਼ਨ ਜੀ ਨੇ 23 ਸਤੰਬਰ 1661 ਨੂੰ ਸੰਭਾਲੀ ਅਤੇ ਤੇਰਾਂ ਦਿਨ ਪਿੱਛੋਂ 6 ਅਕਤੂਬਰ 1661 ਨੂੰ ਗੁਰੂ ਹਰਿਰਾਇ ਜੀ ਜੋਤੀ ਜੋਤਿ ਸਮਾ ਗਏ। ਗੁਰਗੱਦੀ ਉੱਤੇ ਬੈਠ ਕੇ ਸਿੱਖੀ ਦੀ ਅਜ਼ਮਤ ਨੂੰ ਅਰੂਜ਼ ਉਤੇ ਪਹੁੰਚਾਉਣ ਅਤੇ ਵਿਸਤਾਰਨ ਦਾ ਕਾਰਜ ਗੁਰੂ ਹਰਿਕ੍ਰਿਸ਼ਨ ਜੀ ਨੇ ਜਿਸ ਖੂਬਸੂਰਤੀ ਨਾਲ ਸ਼ੁਰੂ ਕੀਤਾ, ਉਸ ਦੀ ਗਵਾਹੀ ਪੰਥ ਪ੍ਰਕਾਸ਼ ਇਉਂ ਦਿੰਦਾ ਹੈ :

ਅਜ਼ਮਤ ਔਰ ਅਰੂਜ ਅਪਾਰਾ।
ਅਸ਼ਟਮ ਗੁਰ ਬਹੁ ਬਿਧ ਬਿਸਤਾਰਾ।

ਅੰਮ੍ਰਿਤ ਵੇਲੇ ਉੱਠਣਾ, ਇਸ਼ਨਾਨ, ਗੁਰਬਾਣੀ ਪਾਠ, ਸਿਮਰਨ, ਸਿੱਖ ਸੰਗਤਾਂ ਨਾਲ ਸੰਵਾਦ ਤੇ ਉਨ੍ਹਾਂ ਦਾ ਮਾਰਗ ਦਰਸ਼ਨ, ਉਨ੍ਹਾਂ ਦੇ ਦੁੱਖ ਤਕਲੀਫਾਂ ਦਾ ਉਪਚਾਰ - ਇਹ ਉਨ੍ਹਾਂ ਦੀ ਜ਼ਿੰਦਗੀ ਦਾ ਨੇਮ ਸੀ। ਉਹ ਬਾਕਾਇਦਾ ਦਵਾਖਾਨੇ ਵਿੱਚ ਰੋਗੀਆਂ ਦਾ ਉਪਚਾਰ ਕਰਦੇ ਕਰਵਾਂਦੇ। ਤਨ ਹੀ ਨਹੀਂ, ਮਨ ਦੇ ਰੋਗ ਵੀ ਦੂਰ ਕਰਦੇ। ਭਾਈ ਨੰਦ ਲਾਲ ਜੀ ਨੇ 'ਤੌਸੀਫੇ ਸਨਾ' ਵਿੱਚ ਆਪ ਨੂੰ ਬਜ਼ੁਰਗੀ ਅਤੇ ਰਹਿਮਤ ਦੇ ਭੰਡਾਰ ਕਿਹਾ ਹੈ। ਭਾਈ ਸਾਹਿਬ ਕਹਿੰਦੇ ਹਨ ਕਿ ਆਪ ਅਤੇ ਨਿਰੰਕਾਰ ਵਿਚ ਕੋਈ ਅੰਤਰ ਨਹੀਂ। ਧਰਤ ਆਕਾਸ਼ ਆਪ ਦੇ ਤਾਬਿਆਦਾਰ ਹਨ। ਆਪ ਦੇ ਹੁਕਮ ਵਿੱਚ ਹਨ। ਆਪ ਦੇ ਬਖਸ਼ਿਸ਼ ਭਰੇ ਹੱਥਾਂ ਨਾਲ ਵੇਖ ਰਹੇ ਹਨ। ਬਾਲ ਉਮਰ ਦੇ ਗੁਰੂ ਦਾ ਦੂਰੋਂ ਨੇੜਿਉਂ ਆਏ ਆਪਣੇ ਤੋਂ ਕਿਤੇ ਵੱਡੀ ਉਮਰ ਦੇ ਹਰ ਵਰਗ, ਹਰ ਜ਼ਾਤ ਤੇ ਕਿਤੇ ਦੇ ਲੋਕਾਂ ਨਾਲ ਸਵੈ-ਵਿਸ਼ਵਾਸ ਵਿੱਚ ਸਰਪ੍ਰਸਤੀ ਤੇ ਮਾਰਗ ਦਰਸ਼ਨ ਵਾਲਾ ਵਿਹਾਰ ਇਤਿਹਾਸ ਦਾ ਅਨੋਖਾ ਕ੍ਰਿਸ਼ਮਾ ਹੈ। ਇਸ ਅਨੋਖੇ ਵਰਤਾਰੇ ਨੂੰ ਵੇਖ ਵੇਖ ਲੋਕ ਹੈਰਾਨ ਹੁੰਦੇ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਵੇਖਦੇ-ਵੇਖਦੇ ਹੀ ਇਕ ਮਿਥ ਬਣਨ ਲੱਗੇ। ਉਨ੍ਹਾਂ ਦੀ ਅਜ਼ਮਤ ਤੇ ਸ਼ੋਭਾ ਦੂਰ ਦੂਰ ਤੱਕ ਫੈਲਣ ਲੱਗੀ। ਗੁਰੂ ਘਰ ਤੋਂ ਛੇਕੇ ਹੋਏ ਆਪ ਦੇ ਵੱਡੇ ਭਰਾ ਰਾਮ ਰਾਇ ਨੇ ਵੱਡੇ ਪੁੱਤਰ ਵਜੋਂ ਗੁਰਗੱਦੀ ਉੱਤੇ ਆਪਣਾ ਹੱਕ ਜਤਾਉਣ ਦਾ ਯਤਨ ਕੀਤਾ ਤੇ ਇਸ ਲਈ ਔਰੰਗਜ਼ੇਬ ਕੋਲ ਫਰਿਆਦ ਕੀਤੀ। ਇਸ ਬਾਰੇ ਪੰਥ ਪ੍ਰਕਾਸ਼ ਇਉਂ ਗਵਾਹੀ ਦਿੰਦਾ ਹੈ।

ਰਾਮ ਰਾਇ ਬਡ ਬਾਦ ਉਠਾ ਕੈ।
ਨੌਰੰਗੇ ਢਿਗ ਦਿਲੀ ਜਾ ਕੈ।
ਗੁਰਿਆਈ ਲੇਨੇ ਹਿਤ ਅਰਜੀ।
ਦੀਨੀ ਦੀਨ ਹੋਇ ਅਤਿ ਗਰਜੀ।

ਔਰੰਗਜੇਬ ਨੇ ਹੁਣ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਆਉਣ ਲਈ ਫੁਰਮਾਨ ਜਾਰੀ ਕੀਤੇ। ਇਸ ਤਰ੍ਹਾਂ ਉਹ ਇਕ ਤੀਰ ਨਾਲ ਦੋ ਸ਼ਿਕਾਰ ਕਰਨੇ ਚਾਹੁੰਦਾ ਸੀ। ਇਕ ਤਾਂ ਉਹ ਵੇਖਣਾ ਚਾਹੁੰਦਾ ਸੀ ਕਿ ਕਰਾਮਾਤੀ ਰਾਮ ਰਾਇ ਤੋਂ ਵਡੇਰੀ ਹਸਤੀ ਕਿਹੜੀ ਹੈ, ਜਿਸ ਨੂੰ ਸਿੱਖ ਧਰਮ ਦੀ ਅਗਵਾਈ ਸੌਂਪੀ ਗਈ ਹੈ। ਕੀ ਉਸ ਹਸਤੀ ਨੂੰ ਰਾਮ ਰਾਇ ਵਾਂਗ ਆਪਣੇ ਰਾਹ ਤੋਂ ਥਿੜਕਾਉਣਾ ਸੰਭਵ ਨਹੀਂ। ਦੂਜੇ-ਉਹ ਚਾਹੁੰਦਾ ਸੀ ਕਿ ਗੁਰਗੱਦੀ ਦੇ ਮਾਮਲੇ ਵਿਚ ਦਖਲ ਦੇ ਕੇ ਉਹ ਸਿੱਖ ਸੰਗਤਾਂ ਵਿਚ ਆਪਣੀ ਤਾਕਤ ਦਾ ਕੋਈ ਸਥਾਈ ਪ੍ਰਭਾਵ ਸਥਾਪਤ ਕਰ ਦੇਵੇ। ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਬੁਲਵਾਣ ਦੀ ਜ਼ਿੰਮੇਵਾਰੀ ਔਰੰਗਜ਼ੇਬ ਨੇ ਮਿਰਜ਼ਾ ਰਾਜਾ ਜੈ ਸਿੰਘ ਨੂੰ ਸੌਂਪੀ। ਉਸ ਨੇ ਬਾਦਸ਼ਾਹ ਤੋਂ ਦੋ ਵਾਅਦੇ ਲਏ। ਪਹਿਲਾ-ਗੁਰੂ ਸਾਹਿਬ ਦਿੱਲੀ ਵਿੱਚ ਉਸ ਦੇ ਮਹਿਮਾਨ ਹੋਣਗੇ। ਦੂਜਾ-ਗੁਰੂ ਸਾਹਿਬ ਨੂੰ ਕੋਈ ਨੁਕਸਾਨ ਨਹੀਂ ਪੁਚਾਇਆ ਜਾਵੇਗਾ। ਇਹ ਵਾਅਦੇ ਮਿਲਣ ਪਿੱਛੋਂ ਰਾਜਾ ਜੈ ਸਿੰਘ ਨੇ ਪਰਸ ਰਾਮ ਨਾਂ ਦਾ ਆਪਣਾ ਦੂਤ ਗੁਰੂ ਹਰਿਕ੍ਰਿਸ਼ਨ ਜੀ ਪਾਸ ਭੇਜਿਆ ਕਿ ਉਹ ਗੁਰੂ ਸਾਹਿਬ ਨੂੰ ਦਿੱਲੀ ਆਉਣ ਦਾ ਬਾਦਸ਼ਾਹ ਦਾ ਹੁਕਮ ਦੱਸੇ।

ਗੁਰੂ ਦਰਬਾਰ ਵਿੱਚ ਇਸ ਹੁਕਮ ਦੇ ਪਹੁੰਚਣ ਨਾਲ ਸੰਗਤ ਵਿਚ ਚਿੰਤਾ ਫੈਲ ਗਈ। ਗੁਰੂ ਸਾਹਿਬ ਨੇ ਸਭ ਨੂੰ ਹੌਂਸਲਾ ਦਿੱਤਾ ਤੇ ਕਿਹਾ ਕਿ ਡਰਨ ਦੀ ਲੋੜ ਨਹੀਂ। ਅਕਾਲ ਪੁਰਖ ਮੇਰੇ ਅੰਗ ਸੰਗ ਹੈ। ਮੈਂ ਦਿੱਲੀ ਜਾਵਾਂਗਾ। ਫਰਵਰੀ 1664 ਈਸਵੀ ਦੇ ਦੂਜੇ ਹਫਤੇ ਗੁਰੂ ਜੀ ਸਿੱਖ ਸੰਗਤਾਂ ਦੇ ਕਾਫਲੇ ਨਾਲ ਦਿੱਲੀ ਤੁਰ ਪਏ। ਦਿਆਲਪੁਰ ਤੋਂ ਹੁੰਦੇ ਹੋਏ ਆਪ ਪੰਜੋਖਰੇ ਪਹੁੰਚੇ ਅਤੇ ਇਥੇ ਆਪ ਨੇ ਸਾਰੀ ਸੰਗਤ ਨੂੰ ਵਾਪਸ ਪਰਤਣ ਲਈ ਹੁਕਮ ਦੇ ਦਿੱਤਾ ਅਤੇ ਕਿਹਾ ਕਿ ਅਸੀਂ ਦਿੱਲੀ ਇਕੱਲੇ ਹੀ ਜਾਵਾਂਗੇ। ਸ਼ਕਤੀ ਜਾਂ ਸਮਰਥਨ ਦੇ ਕਿਸੇ ਦਿਖਾਵੇ ਦੀ ਲੋੜ ਨਹੀਂ।

ਪੰਜੋਖਰਾ ਸਾਹਿਬ ਤੋਂ ਕੇਵਲ ਗਿਣਤੀ ਦੇ ਕੁੱਝ ਸਿੱਖ ਆਪ ਨਾਲ ਰਹਿ ਗਏ। ਬਾਕੀ ਵਾਪਸ ਪਰਤ ਗਏ। ਇਥੇ ਹੀ ਇਕ ਹੋਰ ਅਨੋਖੀ ਘਟਨਾ ਵਾਪਰੀ। ਲਾਲ ਚੰਦ ਨਾਂ ਦੇ ਇਕ ਵਿਦਵਾਨ ਹੰਕਾਰੀ ਪੰਡਿਤ ਨੇ ਕਿਹਾ ਕਿ ਇਹ ਕੌਣ ਹੈ, ਜੋ ਹਰਿਕ੍ਰਿਸ਼ਨ ਦਾ ਨਾਮ ਰੱਖ ਕੇ ਗੁਰੂ ਬਣਿਆ ਫਿਰਦਾ ਹੈ? ਕ੍ਰਿਸ਼ਨ ਜੀ ਨੇ ਤਾਂ ਗੀਤਾ ਉਚਾਰੀ ਸੀ,

ਇਹ ਗੀਤਾ ਦੇ ਅਰਥ ਹੀ ਕਰ ਦੇਵੇ? ਉਮਰ ਕੀ ਹੈ ਇਹਦੀ? ਗੁਰੂ ਸਾਹਿਬ ਨੇ ਕਿਹਾ ਕਿ ਉਮਰ ਤੇ ਜ਼ਾਤ ਦਾ ਕੋਈ ਅਰਥ ਨਹੀਂ। ਜਿਸ ਉਤੇ ਅਕਾਲ ਪੁਰਖ ਦੀ ਬਖਸ਼ਿਸ਼ ਹੋਵੇ, ਉਹ ਸਭ ਕੁੱਝ ਕਰ ਸਕਦਾ ਹੈ। ਪ੍ਰਤਖ ਨੂੰ ਕੀ ਪ੍ਰਮਾਣ। ਤੁਸੀਂ ਸੰਗਤ ਵਿਚੋਂ ਕਿਸੇ ਨੂੰ ਵੀ ਪੁਛ ਕੇ ਵੇਖ ਲਓ। ਗੀਤਾ ਦੇ ਅਰਥ ਉਹੀ ਕਰ ਦੇਵੇਗਾ। ਹੰਕਾਰੀ ਪੰਡਿਤ ਨੇ ਅਨਪੜ੍ਹ ਝੀਊਰ ਛੱਜੂ ਨੂੰ ਅੱਗੇ ਕੀਤਾ। ਉਸ ਨੇ ਜਦੋਂ ਸੱਚਮੁਚ ਗੀਤਾ ਦੇ ਅਰਥ ਕਰ ਦਿੱਤੇ ਤਾਂ ਪੰਡਿਤ ਦਾ ਹੰਕਾਰ ਦੂਰ ਹੋ ਗਿਆ। ਇਸ ਅਨੋਖੀ ਘਟਨਾ ਦਾ ਜ਼ਿਕਰ ਪੰਥ ਪ੍ਰਕਾਸ਼ ਵਿਚ ਕੁੱਝ ਇਸ ਪ੍ਰਕਾਰ ਹੈ :

ਨਾਮ ਕ੍ਰਿਸ਼ਨ ਏਤਕ ਥਾਂ ਜਾਂ ਕਾ।
ਗੀਤਾ ਪੁਸਤਕ ਉਚਾਰਯੋ ਵਾਂ ਕਾ।
ਹਰਿਕ੍ਰਿਸ਼ਨ ਇਹ ਨਾਮ ਸਦਾਵੈ।
ਗੀਤਾ ਕੇ ਕਰ ਅਰਥ ਦਿਖਾਵੈ।
....
ਝੀਵਰ ਛਜੂ ਨਾਮ ਮਹਾ ਖਰ।
ਦਈ ਛਟੀ ਗੁਰ ਤਿਸਕੇ ਸਿਰ ਧਰ।
ਖੁਲੇ ਕਪਾਟ ਤਾਂਹਿ ਕੈ ਤਬੈ।
ਗੀਤਾ ਪਾਠ ਅਰਥ ਕਰ ਸਬੈ।

ਇਸ ਪ੍ਰਕਾਰ ਨਿਰਭਉ, ਨਿਡਰ ਹੋ ਕੇ ਵਿਚਰਦੇ ਹੋਏ ਆਪ ਕੁਰਕਸ਼ੇਤਰ ਪਹੁੰਚ ਗਏ। ਇਥੇ ਵੀ ਵਿਦਵਾਨ ਪੰਡਿਤਾਂ ਨਾਲ ਚਰਚਾ ਹੋਈ। ਆਪ ਨੇ ਸਭ ਦੀ ਤਸੱਲੀ ਕਰਵਾਈ ਅਤੇ ਕਰਨਾਲ, ਪਾਨੀਪਤ ਅਤੇ ਸੋਨੀਪਤ ਤੋਂ ਹੁੰਦੇ ਹੋਏ ਦਿੱਲੀ ਪਹੁੰਚ ਗਏ। ਇਥੇ ਰਾਜਾ ਜੈ ਸਿੰਘ ਦੇ ਬੰਗਲੇ ਵਿੱਚ ਆਪ ਦਾ ਟਿਕਾਣਾ ਕਰਵਾਇਆ ਗਿਆ। ਇਥੇ ਅੱਜ ਕਲ੍ਹ ਆਲੀਸ਼ਾਨ ਗੁਰਦੁਆਰਾ ਬੰਗਲਾ ਸਾਹਿਬ ਸਥਿਤ ਹੈ। ਗੁਰੂ ਸਾਹਿਬ ਦੀ ਛੋਟੀ ਜਿਹੀ ਉਮਰ ਵੇਖ ਕੇ ਰਾਜਾ ਜੈ ਸਿੰਘ ਦੀ ਰਾਣੀ ਨੇ ਗੁਰੂ ਸਾਹਿਬ ਦੀ ਪਰਖ ਕਰਨੀ ਚਾਹੀ। ਉਹ ਦਾਸੀਆਂ ਵਾਲੇ ਕੱਪੜੇ ਪਾ ਕੇ ਉਨ੍ਹਾਂ ਵਿਚ ਹੀ ਬੈਠ ਗਈ ਤੇ ਮਨ ਵਿਚ ਸੰਕਲਪ ਕੀਤਾ ਕਿ ਜੇ ਗੁਰੂ ਜੀ ਸੱਚ ਮੁੱਚ ਅਜ਼ਮਤ ਦੇ ਮਾਲਕ ਹੋਏ ਤਾਂ ਆਪ ਮੈਨੂੰ ਪਛਾਣ ਕੇ ਮੇਰੀ ਗੋਦੀ ਵਿੱਚ ਬੈਠ ਜਾਣਗੇ। ਗੁਰੂ ਕੀਆਂ ਸਾਖੀਆਂ ਅਨੁਸਾਰ ਗੁਰੂ ਸਾਹਿਬ ਨੇ ਉਸ ਨੂੰ ਪਛਾਣ ਲਿਆ ਤੇ ਸਿੱਧੇ ਉਸ ਦੀ ਗੋਦ ਵਿੱਚ ਜਾ ਬੈਠੇ। ਹੁਣ ਗੁਰੂ ਸਾਹਿਬ ਨੇ ਦਿੱਲੀ ਨੂੰ ਹੀ ਆਪਣੀ ਸਰਗਰਮੀ ਦਾ ਕੇਂਦਰ ਬਣਾ ਲਿਆ। ਇਥੇ ਹੀ ਆਪ ਸੰਗਤਾਂ ਦੀ ਸਰਪ੍ਰਸਤੀ, ਮਾਰਗ ਦਰਸ਼ਨ ਤੇ ਧਰਮ ਪ੍ਰਚਾਰ ਦਾ ਕਾਰਜ ਕਰਨ ਲੱਗੇ। ਤਨ ਤੇ ਮਨ ਦੋਹਾਂ ਦੇ ਰੋਗਾਂ ਦੀ ਨਵਿਰਤੀ ਲਈ ਲੋਕ ਗੁਰੂ ਸਾਹਿਬ ਕੋਲ ਆਉਣ ਲੱਗੇ। ਇਨ੍ਹਾਂ ਦਿਨ੍ਹਾਂ ਵਿਚ ਹੀ ਦਿੱਲੀ ਵਿਚ ਚੇਚਕ ਦੀ ਮਹਾਂਮਾਰੀ ਫੈਲ ਗਈ। ਲੋਕਾਂ ਦੀਆਂ ਭੀੜਾਂ ਰਾਜਾ ਜੈ ਸਿੰਘ ਦੇ ਬੰਗਲੇ ਉਤੇ ਗੁਰੂ ਸਾਹਿਬ ਪਾਸ ਮੱਦਦ ਲਈ ਉਮੜਦੀਆਂ। ਗੁਰੂ ਸਾਹਿਬ ਨੇ ਨਾ ਕੇਵਲ ਉਥੇ ਆਏ ਲੋਕਾਂ ਦੀ ਹੀ ਮੱਦਦ ਕੀਤੀ, ਸਗੋਂ ਪੀੜਿਤ ਲੋਕਾਂ ਦੀਆਂ ਬਸਤੀਆਂ ਵਿਚ ਘਰੋ ਘਰੀ ਜਾ ਕੇ ਵੀ ਉਨ੍ਹਾਂ ਦੀ ਸੰਭਾਲ ਕੀਤੀ। ਰੋਗੀਆਂ ਦੀ ਦਿਨ ਰਾਤ ਸੇਵਾ ਸੰਭਾਲ ਕੀਤੀ। ਰੋਗੀਆਂ ਦੀ ਦਿਨ ਰਾਤ ਸੇਵਾ ਸੰਭਾਲ ਦੇ ਸਿੱਟੇ ਵਜੋਂ ਗੁਰੂ ਸਾਹਿਬ ਉੱਤੇ ਵੀ ਚੇਚਕ ਦਾ ਹੱਲਾ ਹੋ ਗਿਆ। 25 ਮਾਰਚ 1664 ਨੂੰ ਆਪ ਇਸ ਰੋਗ ਦਾ ਸ਼ਿਕਾਰ ਹੋਏ ਅਤੇ 29 ਮਾਰਚ ਨੂੰ ਉਨ੍ਹਾਂ ਦੀ ਸਿਹਤ ਕਾਫ਼ੀ ਵਿਗੜ ਗਈ।

ਵਿਗੜੀ ਸਿਹਤ ਦੇ ਬਾਵਜੂਦ ਗੁਰੂ ਸਾਹਿਬ ਆਪਣੇ ਮਾਰਗ ਉੱਤੋਂ ਰਤਾ ਵੀ ਨਾ ਖਿੜਕੇ। ਸਿਮਰਨ ਸੇਵਾ ਤੇ ਧਰਮ ਪ੍ਰਚਾਰ ਦਾ ਪ੍ਰਵਾਹ ਉਨ੍ਹਾਂ ਉਸੇ ਪ੍ਰਕਾਰ ਜਾਰੀ ਰੱਖਿਆ। ਅੰਤਿਮ ਸਮਾਂ ਨੇੜੇ ਜਾਣਕੇ 29 ਮਾਰਚ 1664 ਨੂੰ ਸੰਗਤਾਂ ਨੇ ਹੱਥ ਜੋੜ ਕੇ ਪੁੱਛਿਆ-ਸੰਗਤ ਹੁਣ ਕਿਸ ਦੇ ਹਵਾਲੇ ਹੋਵੇਗੀ? ਗੁਰੂ ਸਾਹਿਬ ਨੇ ਬਾਬਾ ਗੁਰਦਿੱਤਾ, ਭਾਈ ਦਿਆਲ ਦਾਸ ਅਤੇ ਦੀਵਾਨ ਦਰਗਾਹ ਮੱਲ ਸਮੇਤ ਪੰਜ ਮੁਖੀ ਸਿੱਖਾਂ ਨੂੰ ਬੁਲਾ ਕੇ ਗੁਰਗੱਦੀ ਦੀ ਸਮੱਗਰੀ ਮੰਗਵਾ ਕੇ ਤਿੰਨ ਵਾਰ ਕਿਹਾ-ਬਾਬਾ ਬਕਾਲੇ। ਬਾਬਾ ਬਕਾਲੇ। ਬਾਬਾ ਬਕਾਲੇ। ਇਸ ਫੁਰਮਾਨ ਉਪਰੰਤ ਆਪ ਸੰਗਤਾਂ ਨੂੰ ਸਰੀਰਕ ਰੂਪ ਵਿਚ ਸਦੀਵੀਂ ਵਿਛੋੜਾ ਦੇ ਗਏ। ਇਤਿਹਾਸ ਗਵਾਹ ਹੈ ਕਿ 'ਬਾਬਾ ਬਕਾਲੇ' ਦੇ ਸੰਦੇਸ਼ ਰਾਹੀਂ ਆਪ ਨੇ ਆਪਣੇ ਪਿੱਛੋਂ ਸਿੱਖ ਧਰਮ ਦੀ ਅਗਵਾਈ ਉਸ ਸਮੇਂ ਬਾਬਾ ਬਕਾਲੇ ਨਿਵਾਸ ਕਰ ਰਹੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸੌਂਪੀ ਸੀ, ਜਿਨ੍ਹਾਂ ਨੂੰ ਲੱਭ ਕੇ ਸੰਗਤ ਵਿੱਚ ਗੁਰੂ ਰੂਪ ਵਿੱਚ ਪ੍ਰਗਟ ਕਰਨ ਦਾ ਅਨੋਖਾ ਕਾਰਜ ਭਾਈ ਮੱਖਣ ਸ਼ਾਹ ਨੇ ਕੀਤਾ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਯਾਦ ਵਿੱਚ ਦਿੱਲੀ 'ਚ ਹੀ ਨਹੀਂ, ਦੇਸ਼ ਪ੍ਰਦੇਸ਼ ਦੇ ਕੋਨੇ ਕੋਨੇ ਵਿਚ ਉਨ੍ਹਾਂ ਦੇ ਨਾਮ ਵਾਲੇ ਸਕੂਲ ਕਾਲਜ ਬਣੇ ਹੋਏ ਹਨ ਅਤੇ ਇਨ੍ਹਾਂ ਦੀ ਗਿਣਤੀ ਵਿਚ ਨਿਰੰਤਰ ਵਾਧਾ ਹੋ ਰਿਹਾ ਹੈ। ਨਿਰਾਕਾਰ ਅਰੂਪ ਚਾਨਣ ਵੰਡਦੀ ਉਨ੍ਹਾਂ ਦੀ ਜੋਤਿ ਨੂੰ ਕੋਟਿ ਕੋਟਿ ਨਮਸਕਾਰ।

– ਡਾ. ਕੁਲਦੀਪ ਸਿੰਘ ਧੀਰ

ਅਕਾਲ ਬੂੰਗਾ (ਕਰਾਂਚੀ)

ਮੱਕੇ ਜਾਂਦਿਆਂ ਗੁਰੂ ਨਾਨਕ ਦੇਵ ਜੀ ਕਰਾਂਚੀ ਠਹਿਰੇ ਸਨ। ਉਥੇ ਹੁਣ ਤੱਕ ਨਿਸ਼ਾਨ ਮੌਜੂਦ ਹਨ। ਉਸ ਟਿਕਾਣੇ ਦਾ ਨਾਮ ਹੁਣ ਅਕਾਲ ਬੂੰਗਾ (ਗੁਰੂ ਨਾਨਕ ਦੇਵ ਜੀ ਦਾ) ਵੱਸਦਾ ਹੈ। ਬਹੁਤ ਜਮੀਨ ਨਾਲ ਲੱਗੀ ਸੀ ਜੋ ਪੰਥ ਦੀ ਅਣਗਿਹਲੀ ਕਾਰਣ ਕਬਜਿਉਂ ਨਿਕਲ ਗਈ। ਇਥੇ ਨਾਨਕਸਰ ਨਾਮ ਦਾ ਸਰੋਵਰ ਵੀ ਸੀ, ਜੋ ਹੁਣ ਗੁੰਮ ਹੋ ਚੁੱਕਾ ਹੈ।

– ਪੁਸਤਕ ''ਕੰਬਦੀ ਕਲਈ'' ਵਿਚੋਂ

ਲੇਖਕ : ਭਾਈ ਸਾਹਿਬ ਭਾਈ ਡਾ. ਵੀਰ ਸਿੰਘ ਜੀ

ਮੀਰੀ ਪੀਰੀ

ਮੀਰੀ-ਪੀਰੀ ਦੇ ਸਿਧਾਂਤ ਨੂੰ ਸਿੱਖ ਇਤਿਹਾਸ ਤੇ ਸਿੱਖ ਵਿਚਾਰਧਾਰਾ ਦੇ ਸੰਦਰਭ ਵਿੱਚ ਓਪਰੀ ਨਜ਼ਰ ਨਾਲ ਦੇਖਿਆਂ ਤਾਂ ਭਰਮ ਜਿਹਾ ਪਾਉਂਦਾ ਦਿੱਸਦਾ ਹੈ ਪ੍ਰੰਤੂ ਸਮੁੱਚੇ ਸੰਦਰਭ ਵਿੱਚ ਅਤੇ ਗੰਭੀਰ ਚਿੰਤਨ ਦੁਆਰਾ ਸਮਝਣ ਤੇ ਦੇਖਣ ਉਪਰੰਤ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਭਗਤੀ ਨਾਲ ਸ਼ਕਤੀ ਦਾ ਸੰਚਾਰ ਕੋਈ ਐਸਾ ਮੋੜ ਨਹੀਂ ਸੀ, ਜੋ ਲੋਕਾਂ ਤੇ ਸਮਕਾਲੀ ਇਤਿਹਾਸਕਾਰਾਂ ਨੇ ਸਮਝਿਆ ਤੇ ਬਿਆਨਿਆ ਹੈ। ਇਹ ਭਗਤੀ 'ਤੇ ਆਧਾਰਤ ਸ਼ਕਤੀ ਦੀ ਲੋਕ ਕਲਿਆਣ ਲਈ ਹੀ ਸਥਾਪਨਾ ਸੀ।

ਪੀਰੀ ਗੁਰਤਾ ਜੋ ਭਗਤੀ ਦੀ ਪ੍ਰਮੁੱਖਤਾ ਤੇ ਸਿਖਰ ਹੈ। ਮੀਰੀ (ਦੁਨਿਆਵੀ ਪਾਤਸ਼ਾਹੀ) ਦੋਨੋਂ ਹੀ ਆਪੋ-ਆਪਣੇ ਪੱਖ ਵਿੱਚ ਪੂਰਨ ਹਨ ਤੇ ਵੱਖੋ-ਵੱਖਰੇ ਸਿਧਾਂਤਾਂ ਦਾ ਪ੍ਰਗਟਾਵਾ ਕਰਦੇ ਹਨ। ਇਤਿਹਾਸ ਵਿੱਚ ਇਨ੍ਹਾਂ ਦੋਨਾਂ ਦਾ ਸੁਮੇਲ ਇਸ ਤਰ੍ਹਾਂ ਦੇਖਣ ਨੂੰ ਨਹੀਂ ਆਉਂਦਾ ਜਿਸ ਤਰ੍ਹਾਂ ਗੁਰੂ ਸਾਹਿਬਾਨ ਨੇ ਕਰਕੇ ਦਿਖਾਇਆ ਹੈ। ਇਹ ਦੋਵੇਂ ਸਿਧਾਂਤ ਸਿੱਖ ਵਿਚਾਰਧਾਰਾ ਅਨੁਸਾਰ ਵੱਖੋ-ਵੱਖਰੇ ਹੁੰਦੇ ਹੋਏ ਵੀ ਇੱਕ ਦੂਸਰੇ ਦੇ ਪੂਰਕ ਹਨ। ਇਨ੍ਹਾਂ ਦੀ ਸਹੀ ਰੂਪ ਵਿੱਚ ਵਰਤੋਂ ਕਿਸੇ ਇੱਕ ਲਈ ਵੀ ਹਾਨੀਕਾਰਕ ਤੇ ਅਧੂਰੀ ਨਹੀਂ ਹੈ।

ਗੁਰੂ ਸਾਹਿਬਾਨ ਤੋਂ ਪਹਿਲਾਂ ਤੇ ਉਸ ਸਮੇਂ ਪੀਰੀ ਦਾ ਅਸਲ ਸਰੂਪ ਅਲੋਪ ਹੋ ਚੁੱਕਾ ਸੀ। ਲੋਕੀਂ ਐਸੇ ਪੀਰਾਂ ਦੇ ਮਗਰ ਲੱਗ ਕੇ ਇੱਕ ਝੂਠੇ ਆਦਰਸ਼ ਵਾਲੀ ਜ਼ਿੰਦਗੀ ਜੀਅ ਰਹੇ ਸਨ। ਇਸ ਕਮਜ਼ੋਰੀ ਦਾ ਫਾਇਦਾ ਉਠਾਦਿਆਂ ਮੀਰੀ ਨੇ ਗਲਬਾ ਪਾ ਲਿਆ। ਨਤੀਜਾ ਇਹ ਹੋਇਆ ਕਿ ਹਿੰਦੁਸਤਾਨ ਗੁਲਾਮ ਹੋ ਗਿਆ।

ਸੱਭਿਆਚਾਰ, ਬੋਲੀ, ਪਹਿਰਾਵਾ, ਰਸਮੋ-ਰਿਵਾਜ਼, ਪੂਜਾ-ਪਾਠ ਦੀਆਂ ਵਿਧੀਆਂ ਸਾਰੀਆਂ ਹੀ ਗੁਲਾਮੀ ਕਾਰਨ ਮੀਰੀ ਵਾਲੀਆਂ ਹੀ ਹੋ ਗਈਆਂ। ਐਸੀ ਪੀਰੀ ਅਤੇ ਮੀਰੀ ਤੋਂ ਛੁਟਕਾਰਾ ਪਾਉਣ ਲਈ ਗੁਰੂ ਸਾਹਿਬ ਨੇ ਪਹਿਲੀਆਂ ਪੰਜ ਜੋਤਾਂ ਤੱਕ ਪੀਰੀ ਦੇ ਅਸਲ ਸਰੂਪ ਨੂੰ ਦ੍ਰਿੜ੍ਹ ਕਰਾਇਆ ਤੇ ਪੀਰੀ ਦੇ ਅਸੂਲਾਂ ਦੀ ਸਥਾਪਨਾ ਕੀਤੀ।

ਛੇਵੇਂ ਜਾਮੇ ਅੰਦਰ ਜਾ ਕੇ ਮੀਰੀ ਨੂੰ ਨਾਲ ਜੋੜਿਆ। ਗੁਰੂ ਸਾਹਿਬ ਤੋਂ ਪਹਿਲਾਂ ਮੀਰੀ ਜਿਹੜੀ ਕੇਵਲ ਤਾਕਤ, ਤਾਜ, ਤਖ਼ਤ, ਰਾਜ-ਸੱਤਾ ਦੀ ਭੁੱਖੀ ਸੀ ਅਤੇ ਪੀਰੀ ਜੰਤਰਾਂ-ਮੰਤਰਾਂ ਤੱਕ ਹੀ ਸੀਮਤ ਸੀ, ਨੂੰ ਝੰਝੋੜਿਆ। ਇਤਿਹਾਸਕ ਝਰੋਖੇ ਵਿੱਚੋਂ ਇਸ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ।

ਬਾਬਰ ਪਾਸ ਤੋਪਾਂ, ਤੇਜ਼ ਰਫ਼ਤਾਰ ਘੋੜੇ ਤੇ ਹੋਰ ਸ਼ਾਹੀ ਤਾਕਤ ਦੇ ਸਾਜੋ-ਸਮਾਨ ਸਨ, ਜਿਸ ਨਾਲ ਉਹ ਹਿੰਦੁਸਤਾਨ ਉਤੇ ਹਮਲਾ ਕਰਨ ਲਈ ਆਇਆ। ਪੀਰ ਪਾਸ ਜੰਤ੍ਰ-ਮੰਤ੍ਰ ਹੀ ਸਨ, ਜਿਹੜੇ ਕਿਸੇ ਕੰਮ ਨਾ ਆਏ। ਨਤੀਜਾ ਇਹ ਹੋਇਆ, ਹਿੰਦੁਸਤਾਨ ਗੁਲਾਮ ਬਣ ਗਿਆ, ਮੰਦਰ ਜਲੇ, ਟਿਕਾਣੇ ਬਰਬਾਦ ਹੋਏ, ਹਿੰਦੁਸਤਾਨੀ ਸ਼ਹਿਜ਼ਾਦਿਆਂ ਦੇ ਸੀਸ ਰੁਲੇ, ਸਭ ਪਾਸੇ ਤਬਾਹੀ ਹੋਈ -

ਕੋਟੀ ਹੂ ਪੀਰ ਵਰਜਿ ਰਹਾਏ
ਜਾ ਮੀਰੁ ਸੁਣਿਆ ਧਾਇਆ ॥
ਥਾਨ ਮੁਕਾਮ ਜਲੇ ਬਿਜ ਮੰਦਰ
ਮੁਛਿ ਮੁਛਿ ਕੁਇਰ ਰੁਲਾਇਆ ॥
ਕੋਈ ਮੁਗਲੁ ਨ ਹੋਆ ਅੰਧਾ
ਕਿਨੈ ਨ ਪਰਚਾ ਲਾਇਆ ॥ ੪ ॥

(ਅੰਕ ੪੧੭)

ਝੂਠੀ ਪੀਰੀ ਦੇ ਨਿਤਾਣੇਪਨ ਵਿਚ ਧਰਮ ਦੀ ਗਤੀ ਰਹਿ ਜਾਂਦੀ ਹੈ। ਧਰਮ ਅਧਰਮ ਹੋ ਗਿਆ। ਮੀਰੀ ਤੇ ਪੀਰੀ ਦੋਵੇਂ ਹੀ ਆਪਣਾ ਅਸਲ ਆਦਰਸ਼ ਭੁਲਾ ਬੈਠੀਆਂ ਸਨ। ਪੀਰੀ ਤਦ ਹੀ ਸਫਲ ਹੁੰਦੀ ਹੈ, ਜੇਕਰ ਇਸਦਾ ਆਧਾਰ ਸੱਚ, ਦੂਸਰਿਆਂ ਪ੍ਰਤੀ ਸ਼ਰਧਾ, ਸਾਂਝੀਵਾਲਤਾ, ਪਿਆਰ ਹੋਵੇ। ਗੁਰੂ ਨਾਨਕ ਦੇਵ ਜੀ ਨੇ ਹਿੰਦੂ ਤੇ ਮੁਸਲਮਾਨ ਦੋਹਾਂ ਨੂੰ ਪਿਆਰ ਕੀਤਾ। ਦੋਨਾਂ ਨੂੰ ਆਪੋ-ਆਪਣੀਆ ਕਮਜ਼ੋਰੀਆਂ ਪ੍ਰਤੀ ਸੁਚੇਤ ਕੀਤਾ। ਉਨ੍ਹਾਂ ਨੇ ਰਸਮੋ ਰਿਵਾਜਾਂ ਪ੍ਰਤੀ ਅਸਲ ਤੱਤ ਨੂੰ ਸਾਹਮਣੇ ਰੱਖਿਆ ਤੇ ਅਧਿਆਤਮੀਕਰਨ ਕੀਤਾ। ਉਹਨਾਂ ਰਾਜੇ ਬਾਰੇ ਜ਼ਿਕਰ ਕਰਦਿਆਂ ਕਿਹਾ - **ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥**

ਮੀਰ ਜਦੋਂ ਆਪਣੇ ਆਪ ਨੂੰ ਦਾਤਾ ਸਮਝ ਕੇ ਹੰਕਾਰ ਵਿਚ ਆ ਜਾਂਦਾ ਹੈ ਤਦ ਉਹ ਆਪਣੇ ਅਸਲ ਆਦਰਸ਼ ਤੋਂ ਪਰੇ ਚਲਾ ਜਾਂਦਾ ਹੈ। ਜਿਹੜਾ ਮੀਰ, ਪੀਰ ਦਾ ਸਤਿਕਾਰ ਕਰਦਾ ਹੈ, ਨਿਆਂ ਕਰਦਾ ਹੈ ਤੇ ਭਲੇ ਪੁਰਸ਼ਾਂ ਦਾ ਸਨਮਾਨ ਕਰਦਾ ਹੈ, ਉਹ ਹੀ ਅਸਲ ਮੀਰ ਮੰਨਿਆ ਜਾ ਸਕਦਾ ਹੈ। ਦੂਸਰੇ ਪਾਸੇ ਪੀਰ ਜਿਹੜਾ ਆਪਣਾ ਭਰੋਸਾ ਖੁਦਾ ਤੋਂ ਤੋੜ ਕੇ ਮੀਰ ਨੂੰ ਦਾਤਾ ਸਮਝ ਲੈਂਦਾ ਹੈ, ਉਹ ਵੀ ਆਪਣੇ ਅਸਲ ਨਿਸ਼ਾਨੇ ਤੋਂ ਦੂਰ ਗਿਆ ਸਮਝਿਆ ਜਾ ਸਕਦਾ ਹੈ।

ਇਹ ਵਿਚਾਰਧਾਰਾ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਉਸ ਵਕਤ ਫਿਰ ਸਪੱਸ਼ਟ ਹੁੰਦੀ ਹੈ, ਜਦੋਂ ਹਮਾਯੂੰ ਹਾਰ ਖਾ ਕੇ ਖਡੂਰ ਸਾਹਿਬ ਆਉਂਦਾ ਹੈ ਅਤੇ ਗੁਰੂ ਅੰਗਦ ਸਾਹਿਬ ਵੱਲੋਂ ਕੋਈ ਵੱਖਰਾ

ਉਚੇਚਾ ਸਤਿਕਾਰ ਨਾ ਮਿਲਣ ਕਰਕੇ ਗੁੱਸੇ ਵਿਚ ਆ ਕੇ ਗੁਰੂ ਜੀ ਉਤੇ ਤਲਵਾਰ ਖਿੱਚ ਲੈਂਦਾ ਹੈ ਤਾਂ ਗੁਰੂ ਜੀ ਜਵਾਬ ਵਿਚ ਕਹਿੰਦੇ ਹਨ ਕਿ ਇਹ ਤਲਵਾਰ ਜਿਥੇ ਲੋੜ ਸੀ, ਉਥੇ ਤਾਂ ਖਿੱਚੀ ਨਾ ਗਈ। ਇਸਤੇ ਹਮਾਯੂੰ ਨੂੰ ਬੜੀ ਸ਼ਰਮ ਆਈ।

ਇਸੇ ਤਰ੍ਹਾਂ ਹੀ ਤੀਸਰੇ ਪਾਤਸ਼ਾਹ ਨੇ ਅਕਬਰ ਦੇ ਰਾਜ ਵਿਚ ਕੁਰੂਕਸ਼ੇਤਰ ਦੇ ਤੀਰਥ ਯਾਤਰੀਆਂ ਉਤੇ ਟੈਕਸ ਵਿਰੁੱਧ ਆਵਾਜ਼ ਉਠਾਈ ਤੇ ਧਾਰਮਿਕ ਆਜ਼ਾਦੀ ਲਈ ਜਨ ਸਾਧਾਰਨ ਦੀ ਅਗਵਾਈ ਕੀਤੀ ਤੇ ਨਾਲ ਮੀਰ ਨੂੰ ਇਸ ਗੱਲ ਦਾ ਅਹਿਸਾਸ ਕਰਵਾਇਆ ਕਿ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਕੇ ਇਕ ਆਦਰਸ਼ ਮੀਰ ਨਹੀਂ ਕਹਿਲਾ ਸਕਦਾ :

ਤੀਰਥ ਉਦਮੁ ਸਤਿਗੁਰੂ ਕੀਆ
ਸਭ ਲੋਕ ਉਧਰਣ ਅਰਥਾ ॥

(ਅੰਕ ੧੧੧੬)

ਗੁਰੂ ਅਰਜਨ ਦੇਵ ਜੀ ਦੇ ਸਮੇਂ ਭਾਈ ਸੀਗਾਰੂ ਤੇ ਭਾਈ ਜੈਤਾ ਦੋ ਪਰਉਪਕਾਰੀ ਸੂਰਮੇ ਸਿੱਖਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕੀਤੀ-ਜਿਸਦਾ ਜ਼ਿਕਰ ਪ੍ਰਿੰ. ਸਤਿਬੀਰ ਸਿੰਘ ਨੇ ਇਸਤਰ੍ਹਾਂ ਕੀਤਾ ਹੈ ਕਿ :

'ਕਦੀ ਨੂਰਦੀਨ, ਕਦੀ ਕੁਲੀਖਾਨ ਤੇ ਕਦੀ ਬੀਰਬਲ ਗੁਰੂ ਘਰ ਉਤੇ ਆ ਹਮਲਾ ਕਰਦਾ ਹੈ, ਸਾਨੂੰ ਆਗਿਆ ਦੇਵੋ ਤਾਂ ਅਸੀਂ ਸ਼ਸਤ੍ਰ ਪਹਿਨ ਕੇ ਜੂਝੀਏ।'

ਗੁਰੂ ਜੀ ਨੇ ਉਤਰ ਦਿੱਤਾ-'ਅਸਾਂ ਸ਼ਸਤ੍ਰ ਪਕੜਨੇ ਹਨ। ਗੁਰੂ ਹਰਿਗੋਬਿੰਦ ਜੀ ਦਾ ਰੂਪ ਧਾਰ ਕੇ। ਸਮਾਂ ਕਲਜੁਗ ਦਾ ਵਰਤਣਾ ਹੈ। ਸ਼ਸਤ੍ਰਾਂ ਦੀ ਵਿਦਿਆ ਕਰ ਮੀਰ ਦੀ ਮੀਰੀ ਤੇ ਸ਼ਬਦ ਦੀ ਪ੍ਰੀਤ ਨਾਲ ਪੀਰ ਦੀ ਪੀਰੀ ਖਿੱਚ ਲੈਣੀ ਹੈ।'

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਹੋਰ ਭਾਵੇਂ ਕੋਈ ਵੀ ਕਾਰਨ ਹੋਣ, ਪਰ ਅਸਲ ਕਾਰਨ ਜਹਾਂਗੀਰ ਦਾ ਤੁਅੱਸਬੀਪੁਣਾ ਸੀ। ਜਿਸਦੇ ਪਿੱਛੇ ਸ਼ੇਖ ਅਹਿਮਦ ਸਰਹੰਦੀ ਮੁਜੱਦਦ ਅਲਫ ਸਾਨੀ ਨਕਸ਼ਬੰਦੀਆ ਦਾ ਫਿਰਕਾ ਸੀ। ਗੁਰੂ ਜੀ ਨੇ ਸ਼ਹਾਦਤ ਤੋਂ ਪਹਿਲਾਂ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਉਪਦੇਸ਼ ਦਿੱਤਾ -

ਬਦੀ ਦੀਆਂ ਤਾਕਤਾਂ ਮਨੁੱਖ ਦੇ ਮੁੱਢਲੇ ਹੱਕਾਂ ਦੀ ਜੜ ਵੱਢਨ ਦੇ ਆਹਰ ਵਿਚ ਹਨ। ਗੁਰੂ ਨਾਨਕ ਦੇਵ ਜੀ ਦਾ ਘਰ ਮੁੱਢ ਤੋਂ ਸੱਚ ਦਾ ਰਾਖਾ ਰਿਹਾ ਹੈ। ਜਨਤਾ ਨੂੰ ਬੰਧਨਾਂ ਤੋਂ ਛਡਾਉਣ ਦਾ ਕੰਮ ਸ਼ਾਂਤਮਈ ਢੰਗ ਨਾਲ ਕੀਤਾ ਜਾਵੇਗਾ, ਪਰ ਹੁਣ ਘੋਰ ਸਮੇਂ ਆ ਗਏ ਹਨ, ਮੈਂ ਸ਼ਹਾਦਤ ਲਈ ਜਾਂਦਾ ਹਾਂ। ਸ਼ਾਇਦ ਤੁਰਕਾਂ ਦੀ ਆਤਮਾ ਜਾਗ ਪਏ। ਪਰ ਅਜਿਹਾ ਨਾ ਹੋ ਸਕਿਆ ਤਾਂ ਆਪ ਸ਼ਸਤ੍ਰ ਪਹਿਨਣਾ, ਹੋਰਨਾਂ ਨੂੰ ਐਸਾ ਕਰਨ ਦੀ ਪ੍ਰੇਰਨਾ ਕਰਨਾ। ਤਦ ਤੱਕ ਡਟੇ ਰਹਿਣਾ ਜਦ ਤੱਕ ਜ਼ਾਲਮ ਜ਼ੁਲਮ ਬੰਦ ਨਾ ਕਰ ਦੇਵੇ ਜਾਂ ਸੁਧਰ ਨਾ ਜਾਵੇ। ਸੂਰਬੀਰ ਫੌਜ ਬਨਾਉਣੀ ਜੋ ਕਿਸੇ ਖਤਰੇ ਤੋਂ ਨਾ ਡਰੇ। ਐਸੇ ਨਿਡਰ ਯੋਧੇ ਹੋਣ ਜੋ ਸਿਵਾਏ ਅਕਾਲ ਪੁਰਖ ਤੋਂ ਹੋਰ ਕਿਸੇ ਨੂੰ ਨਾ ਮੰਨਣ। ਤੇਗ ਨਫ਼ਰਤ ਤੇ ਬਦਲੇ ਦੀ ਤਾਂਘ ਵਿਚ ਨਾ ਚੱਲੇ, ਕੇਵਲ ਜ਼ੁਲਮ ਤੇ ਜ਼ਾਲਮ ਵਿਰੁੱਧ ਚੱਲੇ।

ਮੀਰੀ ਤੇ ਪੀਰੀ ਦਾ ਸੁਮੇਲ ਸਿੱਖ ਧਰਮ ਵਿਚ ਇੱਕ ਅਨੋਖਾ ਤੇ ਵਿਲੱਖਣ ਸੁਮੇਲ ਹੈ। ਇਹ ਵੱਡੀ ਪ੍ਰਾਪਤੀ ਹੈ। ਸੰਸਾਰ ਦੇ ਇਤਿਹਾਸ ਅੰਦਰ ਐਸਾ ਦੇਖਣ ਨੂੰ ਘੱਟ ਹੀ ਆਉਂਦਾ ਹੈ ਕਿ ਭਗਤੀ ਤੇ ਸ਼ਕਤੀ ਦਾ ਸ਼ੁੱਧ ਰੂਪ ਵਿਚ ਸੁਮੇਲ ਹੋਵੇ। ਉਹ ਜੀਵ ਧੰਨ ਹਨ, ਜਿਹੜੇ ਇਨ੍ਹਾਂ ਦੇ ਅੰਤਮ ਪੱਖਾਂ ਨੂੰ ਇੱਕ ਥਾਂ ਰੱਖ ਕੇ ਜੀਉਂਦੇ ਹਨ। ਗੁਰੂ ਪਾਤਸ਼ਾਹ ਦਾ ਕਥਨ ਹੈ -

ਧਨ ਜੀਓ ਤਿਹ ਕੋ ਜਗ ਮੈ
ਮੁਖ ਤੇ ਹਰਿ ਚਤਿ ਮੈ ਜੁਧ ਬਿਚਾਰੈ॥

ਗੁਰੂ ਹਰਿਗੋਬਿੰਦ ਜੀ ਦੀ (ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ) ਗੁਰਗੱਦੀ ਦੀ ਰਸਮ ਅਦਾਇਗੀ ਬੜੀ ਅਲੌਕਿਕ ਕਿਸਮ ਦੀ ਸੀ। ਸੇਲੀ-ਟੋਪੀ ਨੂੰ ਨਵਾਂ ਰੂਪ ਦਿੰਦਿਆਂ ਸੇਲੀ ਨੂੰ ਤਲਵਾਰ ਦੇ ਗਾਤਰੇ ਦਾ ਰੂਪ ਦੇਣ ਲਈ ਕਿਹਾ। ਬਾਬਾ ਬੁੱਢਾ ਜੀ ਵੱਲੋਂ ਦੋ ਤਲਵਾਰਾਂ ਮੀਰੀ ਤੇ ਪੀਰੀ ਦੀਆਂ ਪਹਿਨਾਈਆਂ ਗਈਆਂ।

ਪੁਨ ਪਿਤ ਸਤਿਗੁਰ ਆਇਸ ਕਹੀ
ਪਲਟ ਲੇਓ ਤਜੋ ਰਿਪੁ ਨਹੀ।...

ਸ਼ਾਹੀ ਠਾਠ ਵਾਲੀ ਪਗੜੀ ਸਜਾਈ ਗਈ। ਥੜਾ ਸਾਹਿਬ (ਹੁਣ ਅਕਾਲ ਤਖ਼ਤ ਸਾਹਿਬ) ਵਾਲੀ ਥਾਂ ਉੱਤੇ ਆਦਿ (ਗੁਰੂ) ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਕਲਗੀ ਸਜਾਈ ਗਈ। ਇਸ ਸਮੇਂ ਗੁਰੂ ਜੀ ਗਿਆਰਾਂ ਸਾਲਾਂ ਦੇ ਸਨ। ਗੁਰਗੱਦੀ ਦੀ ਰਸਮ ਉਪਰੰਤ ਉਨ੍ਹਾਂ ਨੇ ਸਾਰੀ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ -

ਗੁਰੂ ਦਾ ਹੁਕਮ ਸਿੱਖ ਲਈ ਮੋੜਨ ਵਾਲਾ ਨਹੀਂ ਹੁੰਦਾ। ਇਸਦੀ ਪੂਰਤੀ ਦੁਨਿਆਵੀ ਫਰਜ਼ਾਂ ਵਾਂਗ ਨਹੀਂ ਹੁੰਦੀ, ਸਗੋਂ ਇਸ ਨੂੰ ਪੂਰਾ ਕਰਨ ਨਾਲ ਆਤਮਿਕ ਸ਼ਾਂਤੀ ਮਿਲਦੀ ਹੈ। ਇਸ ਤੋਂ ਉਪਰੰਤ ਗੁਰੂ ਘਰ ਵਿਚ ਸ਼ਸਤ੍ਰ, ਘੋੜੇ, ਜੁਆਨ ਭਰਤੀ ਹੋਣ ਲੱਗ ਪਏ। ਗੁਰੂ ਪ੍ਰਤਾਪ ਸੂਰਜ ਦੇ ਕਰਤਾ ਨੇ ਇਸ ਨੂੰ ਇਸ ਤਰ੍ਹਾਂ ਵਰਣਨ ਕੀਤਾ ਹੈ :

ਸੁਨ ਸਿਖਨ ਜੋ ਗੁਰ ਕੀ ਕਾਰ।
ਖਰਦਯੋ ਦਰਬ ਲੇਨ ਹਥਿਆਰ।
ਚੰਚਲ ਤੁਰੰਗ ਮੇਲ ਕਰਿ ਲਿਏ।
ਗੁਰ ਪ੍ਰਸੰਨਤਾ ਚਾਹਿਤ ਕਿਏ।

(ਗੁ. ਪ੍ਰ. ਸੂਰਜ)

ਦਾਬਿਸਤਾਨ ਮਜ਼ਾਹਬ ਦਾ ਕਰਤਾ ਲਿਖਦਾ ਹੈ : 'ਗੁਰੂ ਹਰਿਗੋਬਿੰਦ ਸਾਹਿਬ ਨੂੰ ਤਖ਼ਤ 'ਤੇ ਬੈਠਣ ਉਪਰੰਤ ਕਈ ਇਕ ਖੇਚਲਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਸਿਪਾਹੀਆਂ ਵਾਲਾ ਬਾਣਾ

ਧਾਰਨ ਕਰ ਲਿਆ। ਆਪਣੇ ਪਿਤਾ ਦੇ ਪ੍ਰਚਲਤ ਅਸੂਲਾਂ ਤੋਂ ਬਿਨਾਂ ਉਨ੍ਹਾਂ ਤਲਵਾਰਾਂ ਵੀ ਧਾਰਨ ਕੀਤੀਆਂ, ਫੌਜਾਂ ਰੱਖੀਆਂ, ਸ਼ਿਕਾਰ ਖੇਡਣੇ ਆਰੰਭ ਕੀਤੇ।'

ਦੋ ਤਲਵਾਰਾਂ (ਮੀਰੀ ਤੇ ਪੀਰੀ) ਦੀ ਤਸਵੀਰ ਖਿੱਚਦਿਆਂ ਢਾਡੀ ਅਬਦੁਲ ਤੇ ਨੱਥ ਮਲ ਨੇ ਬਹੁਤ ਸੁੰਦਰ ਕਿਹਾ ਹੈ :

ਦੋ ਤਲਵਾਰਾਂ ਬੱਧੀਆਂ ਇਕ ਮੀਰ ਦੀ ਇਕ ਪੀਰ ਦੀ।
ਇਕ ਅਜ਼ਮਤ ਦੀ, ਇਕ ਰਾਜ ਦੀ
ਇਕ ਰਾਖੀ ਕਰੇ ਵਜ਼ੀਰ ਦੀ।
ਹਿੰਮਤ ਬਾਹੀ ਕੋਟ ਗੜ ਦਰਵਾਜ਼ਾ ਬਲਖ ਬਖੀਰ ਦੀ।
ਪਗ ਤੇਰੀ ਕਿ ਜਹਾਂਗੀਰ ਦੀ।

ਪੀਰੀ ਨਾਲ ਮੀਰੀ ਦਾ ਸੰਚਾਰ ਕਰਨ ਦਾ ਮੰਤਵ ਬੜਾ ਸਪੱਸ਼ਟ ਸੀ। ਇਹ ਨਾ ਤਾਂ ਬਦਲੇ ਦੀ ਭਾਵਨਾ ਵਾਲਾ ਸੀ ਤੇ ਨਾ ਹੀ ਵਕਤੀ ਹਕੂਮਤ ਦੇ ਵਾਂਗ ਕੋਈ ਰਾਜ ਭਾਗ ਦੀ ਭੁੱਖ ਸੀ। ਇਹ ਤਾਂ ਸਗੋਂ ਸਵੈਮਾਨ, ਅਣਖ, ਇਜ਼ਤ ਤੇ ਆਜ਼ਾਦੀ ਨਾਲ ਜੀਉਣ ਤੇ ਸੰਸਕ੍ਰਿਤ ਨੂੰ ਸ਼ੁੱਧ ਰੂਪ ਵਿਚ ਕਾਇਮ ਰੱਖਣ ਦਾ ਮੰਤਵ ਸੀ। ਧਰਮ ਯੁੱਧ ਕਰਨਾ ਧਰਮ ਹੁੰਦਾ ਹੈ (ਗੁਰ ਬਿਲਾਸ ਦਾ ਕਰਤਾ ਇਸ ਵਿਚਾਰ ਦੀ ਪੁਸ਼ਟੀ ਕਰਦਾ ਹੈ)।

ਇਸ ਵਿਚਾਰ ਦੀ ਸਪੱਸ਼ਟਤਾ ਡੰਕਨ ਗਰੀਨ ਲੀਜ਼ ਦੇ ਬਿਆਨ ਤੋਂ ਵੀ ਹੋ ਜਾਂਦੀ ਹੈ।

ਜਦੋਂ ਮੀਰ ਆਪਣੇ ਕਰਤਵ ਨੂੰ ਭੁੱਲ ਕੇ ਮਨੁੱਖਤਾ ਦੇ ਮੁੱਢਲੇ ਹੱਕਾਂ 'ਤੇ ਕਾਬਜ਼ ਹੋ ਜਾਂਦਾ ਹੈ ਤਾਂ ਫਿਰ ਇਸ ਜਲਾਲਤ ਭਰੀ ਜ਼ਿੰਦਗੀ ਤੋਂ ਲੋਕਾਂ ਨੂੰ ਜਗਾਉਣ ਲਈ ਪਰਿਵਰਤਨ ਜ਼ਰੂਰ ਆਉਂਦਾ ਹੈ। ਇਹ ਪਰਿਵਰਤਨ ਕਈ ਵਾਰ ਗਲਤ-ਫਹਿਮੀਆਂ ਪੈਦਾ ਕਰ ਦਿੰਦਾ ਹੈ। ਇਸਤਰ੍ਹਾਂ ਦੀ ਗਲਤ-ਫਹਿਮੀ ਗੁਰੂ ਹਰਿਗੋਬਿੰਦ ਸਾਹਿਬ ਦੇ ਕਰਤਵਾਂ ਤੋਂ ਵੀ ਪੈਦਾ ਹੋਈ, ਪ੍ਰੰਤੂ ਇਨ੍ਹਾਂ ਦਾ ਸਪਸ਼ਟੀਕਰਨ ਪਹਿਲਾਂ ਤਾਂ ਭਾਈ ਗੁਰਦਾਸ ਜੀ ਨੇ ਕੀਤਾ ਤੇ ਲੋੜ ਪੈਣ 'ਤੇ ਗੁਰੂ ਪਾਤਸ਼ਾਹ ਨੇ ਆਪ ਵੀ ਕੀਤਾ।

ਗੁਰੂ ਘਰ ਅੰਦਰ ਭਗਤੀ ਭਾਵਨਾ ਵਾਲੇ ਸਿੱਖਾਂ ਅੰਦਰ ਵੀ ਇਸ ਤਰ੍ਹਾਂ ਗਲਤ-ਫਹਿਮੀ ਹੋਣੀ ਕੁਦਰਤੀ ਸੀ। ਸਿੱਖਾਂ ਦਾ ਕਹਿਣਾ ਸੀ-ਪਹਿਲੇ ਪੰਜ ਗੁਰੂ ਸਾਹਿਬਾਨ ਧਰਮਸ਼ਾਲਾ ਬਣਾ ਕੇ ਬੈਠਦੇ ਸਨ, ਹੁਣ ਤਾਂ ਗੁਰੂ ਜੀ ਇੱਕ ਥਾਂ ਟਿਕ ਕੇ ਨਹੀਂ ਬੈਠਦੇ। ਪਹਿਲਾਂ ਬਾਦਸ਼ਾਹ ਗੁਰੂ ਸਾਹਿਬਾਨ ਦੇ ਘਰ ਆਉਂਦੇ ਸਨ, ਹੁਣ ਐਸਾ ਨਹੀਂ ਹੈ। ਪਹਿਲੇ ਗੁਰੂ ਜੀ ਮੰਜੀ 'ਤੇ ਬੈਠ ਕੇ ਉਪਦੇਸ਼ ਕਰਦੇ ਸਨ। ਹੁਣ ਗੁਰੂ ਜੀ ਤਾਂ ਸ਼ਿਕਾਰ ਖੇਡਦੇ ਫਿਰਦੇ ਹਨ। ਪਹਿਲੇ ਗੁਰਬਾਣੀ ਉਚਾਰਨ ਕਰਦੇ ਸਨ, ਹੁਣ ਗੁਰੂ ਜੀ ਐਸਾ ਨਹੀਂ ਕਰਦੇ, ਸੇਵਕਾਂ ਨੂੰ ਪਾਸ ਨਹੀਂ ਰੱਖਦੇ।

ਧਰਮ ਸਾਲ ਕਰਿ ਬਹੀਦਾ
ਇਕਤ ਥਾਉਂ ਨ ਟਿਕੈ ਟਿਕਾਇਆ।
ਪਾਤਿਸ਼ਾਹ ਘਰਿ ਆਵਦੇ
ਗੜਿ ਚੜਿਆ ਪਾਤਿਸ਼ਾਹ ਚੜਾਇਆ।
ਉਮਤਿ ਮਹਲੁ ਨ ਪਾਵਦੀ
ਨਠਾ ਫਿਰੈ ਨ ਡਰੈ ਡਰਾਇਆ।

(ਭਾਈ ਗੁਰਦਾਸ ਜੀ)

ਭਾਈ ਗੁਰਦਾਸ ਜੀ ਨੇ ਮੀਰੀ ਸਿਧਾਂਤ ਦੀ ਤੁਲਨਾ ਕਰਦਿਆਂ ਗੁਰੂ ਘਰ ਦੀ ਪੀਰੀ ਅੰਦਰ ਮੀਰੀ ਨੂੰ ਦੁਨਿਆਵੀ ਮੀਰੀ ਨਾਲੋਂ ਵਡਿਆਂਦਿਆਂ ਕਿਹਾ -

ਦੁਨਿਆਵੀ ਬਾਦਸ਼ਾਹ ਤਾਂ ਮਰਨ ਵੇਲੇ ਆਪਣੇ ਪੁੱਤਰ ਨੂੰ ਬਾਦਸ਼ਾਹੀ ਦਿੰਦਾ ਹੈ, ਫਿਰ ਪੁੱਤਰ ਆਪਣੀ ਦੋਹੀ ਫੇਰਦਾ ਹੈ। ਸਿਪਾਹੀ ਉਸਦੇ ਹੁਕਮ ਨੂੰ ਮੰਨਦੇ ਹਨ। ਉਹ ਤਖ਼ਤ ਉਤੇ ਬੈਠ ਕੇ ਹੁਕਮ ਚਲਾਉਂਦਾ ਹੈ। ਜਦ ਕਿ ਗੁਰੂ ਘਰ ਦੀ ਰੀਤ ਵੱਖਰੀ ਹੈ। ਗੁਰੂ ਗਾਡੀ ਰਾਹ ਨੂੰ ਨਿਭਾਉਂਦਾ ਹੈ। ਇਕੋ ਹੀ ਅਕਾਲ ਪੁਰਖ, ਇਕੋ ਹੀ ਸੰਗਤ, ਇਕੋ ਟਕਸਾਲ, ਇਕੋ ਹੀ ਬਾਣੀ ਰੂਪ ਕੁਤਬਾ, ਅਕਾਲ ਦੀ ਬਾਣੀ ਰੂਪ ਉਪਦੇਸ਼ ਰੂਪੀ ਸਿੱਕਾ ਦਰਗਾਹ ਦਾ ਹੁੰਦਾ ਹੈ :

ਦੁਨਿਆਵਾ ਪਾਤਿਸਾਹੁ ਹੋਇ ਦੇਹਿ ਮਰੈ ਪੁਤੈ ਪਾਤਿਸਾਹੀ।
ਦੋਹੀ ਫੇਰੈ ਆਪਣੀ ਹੁਕਮੀ ਬੰਦੇ ਸਭ ਸਿਪਾਹੀ।
ਕੁਤਬਾ ਜਾਇ ਪੜਾਇਦਾ ਕਾਜੀ ਮੁਲਾਂ ਕਰੈ ਉਗਾਹੀ।
....
ਬਾਬਾਣੈ ਘਰਿ ਚਾਲ ਹੈ ਗੁਰਮੁਖਿ ਗਾਡੀ ਰਾਹੁ ਨਿਬਾਹੀ।
ਇਕ ਦੋਹੀ ਟਕਸਾਲ ਇਕ ਕੁਤਬਾ ਤਖ਼ਤੁ ਸਚਾ ਦਰਗਾਹੀ।
ਗੁਰਮੁਖਿ ਸੁਖ ਫਲੁ ਦਾਦਿ ਇਲਾਹੀ॥

ਗੁਰੂ ਜੀ ਦੇ ਕਰਤਵ ਮੀਰੀ ਵਾਲੇ ਹੋਣ ਦੇ ਬਾਵਜੂਦ ਵੀ ਉਨ੍ਹਾਂ ਦਾ ਪੀਰੀ ਵਾਲਾ ਗੁਣ ਤੱਤ ਰੂਪ ਵਿਚ ਸਦਾ ਕਾਇਮ ਰਹਿੰਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਪ੍ਰਕਾਰ ਦੇ ਸ਼ੰਕਿਆਂ ਦੇ ਉਤਰ ਸਪਸ਼ਟ ਰੂਪ ਵਿਚ ਦਿੱਤੇ ਹਨ। ਗੁਰੂ ਜੀ ਨੂੰ ਸ਼ਸਤ੍ਰਾਂ ਨਾਲ ਲੈਸ ਤੇ ਫੌਜਾਂ, ਘੋੜੇ ਆਦਿ ਨੂੰ ਦੇਖ ਕੇ ਸ਼ਿਵਾ ਜੀ ਦਾ ਧਾਰਮਿਕ ਆਗੂ ਸਮਰਥ ਰਾਮਦਾਸ ਭੁਲੇਖਾ ਖਾ ਜਾਂਦਾ ਹੈ। ਉਹ ਪੁੱਛਦਾ ਹੈ-ਮੈਂ ਸੁਣਿਆ ਹੈ ਕਿ ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬਿਰਾਜਮਾਨ ਹੋ। ਗੁਰੂ ਨਾਨਕ ਦੇਵ ਜੀ ਇੱਕ ਦਿਮਾਗੀ ਸਾਧੂ ਸਨ ਤੇ ਤੁਸੀਂ ਹਥਿਆਰ ਬੰਦ ਹੋ, ਫੌਜ਼ਾਂ ਤੇ ਘੋੜੇ ਰੱਖੇ ਹੋਏ ਹਨ, ਤੁਸੀਂ ਕੈਸੇ ਸਾਧੂ ਹੋ ?

ਗੁਰੂ ਜੀ ਦੇ ਹੇਠ ਲਿਖੇ ਉਤਰ ਨੇ ਸਮਰਥ ਰਾਮਦਾਸ ਨੂੰ ਸੰਤੁਸ਼ਟ ਕਰ ਦਿੱਤਾ -

ਬਾਤਨ ਫਕੀਰੀ ਜ਼ਹਿਰਾ ਅਮੀਰੀ।
ਸ਼ਸਤ੍ਰ ਗਰੀਬ ਦੀ ਰੱਖਿਆ।
ਜਰਵਾਨੇ ਕੀ ਭੱਖਿਆ।

ਬਾਬੇ ਨਾਨਕ ਸੰਸਾਰ ਨਹੀਂ ਤਿਆਗਿਆ।
ਮਾਇਆ ਤਿਆਗੀ ਥੀ।

ਗੁਰੂ ਜੀ ਕਸ਼ਮੀਰ ਵਿਖੇ ਮਾਈ ਭਾਗ ਭਰੀ ਦਾ ਨਿਸਤਾਰਾ ਕਰਦੇ ਹੋਏ ਜਦੋਂ ਵਾਪਸ ਬਾਰਾਮੂਲਾ, ਉੜੀ, ਮੁਜਫਰਾਬਾਦ, ਐਬਟਾਬਾਦ, ਹਸਨ ਅਬਦਾਲ ਹੁੰਦੇ ਹੋਏ ਗੁਜਰਾਤ ਪੁੱਜੇ ਤਾਂ ਇਥੋਂ ਦੇ ਨਾਮੀ ਫਕੀਰ ਸ਼ਾਹ ਦੌਲਾ ਨਾਲ ਮੁਲਾਕਾਤ ਹੋਈ, ਜਿਸਨੇ ਗੁਰੂ ਜੀ ਦਾ ਸ਼ਾਹੀ ਠਾਠ-ਬਾਠ ਦੇਖ ਕੇ ਪ੍ਰਸ਼ਨ ਕੀਤਾ -

ਹਿੰਦੂ ਕਿਆ ਔਰ ਪੀਰੀ ਕਿਆ।
ਔਰਤ ਕਿਆ ਔਰ ਫਕੀਰੀ ਕਿਆ।
ਦੌਲਤ ਕਿਆ ਔਰ ਤਿਆਗ ਕਿਆ।
ਪੁੱਤਰ ਕਿਆ ਔਰ ਵੈਰਾਗ ਕਿਆ।

ਗੁਰੂ ਜੀ ਉਤਰ ਦਿੰਦੇ ਹਨ :

ਔਰਤ ਈਮਾਨ ਹੈ।
ਪੁੱਤਰ ਨਿਸ਼ਾਨ ਹੈ।
ਦੌਲਤ ਗੁਜ਼ਰਾਨ ਹੈ।
ਪੀਰ ਨਾ ਹਿੰਦੂ ਨਾ ਮੁਸਲਮਾਨ ਹੈ।

ਸ਼ਾਹ ਦੌਲੇ ਨੇ ਫਿਰ ਹੋਰ ਸ਼ੰਕਾ ਪ੍ਰਗਟ ਕਰਦਿਆਂ ਗੁਰੂ ਜੀ ਨੂੰ ਪ੍ਰਸ਼ਨ ਕੀਤਾ -

ਆਰਫ ਕਿਆ ਦੁਨੀਆਦਾਰੀ ਕਿਆ।
ਮਜ਼ਹਬ ਕਿਆ ਸਚਿਆਰ ਕਿਆ।
ਪੁਜਾਰੀ ਕਿਆ ਸੁਆਬ ਕਿਆ।
ਮਾਰੂਥਲ ਕਿਆ ਔਰ ਆਬ ਕਿਆ।

ਗੁਰੂ ਜੀ ਨੇ ਉਤਰ ਦਿੱਤਾ -

ਆਰਫ ਬੀਚਾਰ ਹੈ।
ਮਜ਼ਹਬ ਸੁਧਾਰ ਹੈ।
ਪੂਜਾਰੀ ਆਚਾਰ ਹੈ।
ਮਾਰੂਥਲ ਮੇਂ ਜਲ ਕੁਦਰਤ ਕਰਤਾਰ ਹੈ।

ਇਹ ਉਤਰ ਸੁਣਨ ਉਪਰੰਤ ਸ਼ਾਹ ਦੌਲਾ ਅਤੀ ਪ੍ਰਸੰਨ ਹੋਇਆ ਤੇ 'ਨਾਨਕ ਫਕੀਰ ਦੀਨ ਦੁਨੀ ਦੇ ਪੀਰ' ਕਹਿੰਦਿਆਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨ ਫੜ ਲਏ।

ਇਨ੍ਹਾਂ ਸਮਕਾਲੀ ਪੀਰਾਂ ਫਕੀਰਾਂ ਤੋਂ ਇਲਾਵਾ ਆਧੁਨਿਕ ਯੁੱਗ ਦੇ ਸਿੱਖ ਇਤਿਹਾਸ ਲਿਖਣ ਵਾਲੇ ਲਿਖਾਰੀ ਵੀ ਧੋਖਾ ਖਾ ਗਏ। ਜਾਦੂ ਨਾਥ ਸਰਕਾਰ ਨੇ ਲਿਖਿਆ ਹੈ :

'ਗੁਰੂ ਨਾਨਕ ਜੀ ਦੀ ਫਕੀਰੀ ਦਾ ਸੀਤਲ ਸੋਮਾ ਫੌਜੀ ਛਾਉਣੀ ਦੇ ਮਾਰੂਥਲ ਵਿਚ ਜਾ ਕੇ ਸੁੱਕ ਗਿਆ।'

ਪੀਰਾਂ ਫਕੀਰਾਂ ਨੂੰ ਸਮਝਣਾ ਔਖਾ ਹੈ। ਪੀਰੀ ਉਤੇ ਆਧਾਰਤ ਮੀਰੀ ਵੀ ਸਮਝਣੀ ਅਤੀ ਕਠਿਨ ਹੈ। ਅਕਾਲ ਪੁਰਖ ਉਤੇ ਭਰੋਸਾ ਰੱਖਣ ਵਾਲੇ ਪੀਰ ਤਾਂ ਮੀਰੀ ਦਾ ਹਰ ਕਰਤਵ ਅਕਾਲ ਪੁਰਖ ਦੇ ਹੁਕਮ ਅਨੁਸਾਰ ਜਨਤਾ ਵਿਚ ਸੱਚ, ਇਨਸਾਫ, ਬਰਾਬਰਤਾ, ਸਵੈਮਾਨ, ਅਣਖ, ਇੱਜ਼ਤ, ਆਜ਼ਾਦੀ ਆਦਿ ਬੁਨਿਆਦੀ ਹੱਕਾਂ ਦੀ ਰਾਖੀ ਵਾਸਤੇ ਆਪਾ ਨਿਛਾਵਰ ਕਰ ਦਿੰਦੇ ਹਨ।

ਇਹ ਇੱਕ ਭੁਲੇਖਾ ਸੀ। ਓਪਰੀ ਨਜ਼ਰ ਨਾਲ ਦੇਖਿਆਂ ਸਾਨੂੰ ਇੰਝ ਲੱਗਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਗੁਰੂ ਨਾਨਕ ਦੇਵ ਜੀ ਦੀ ਭਗਤੀ ਭਾਵਨਾ ਦੇ ਬਿਲਕੁਲ ਉਲਟ ਫੌਜੀ ਤਾਕਤ ਵੱਲ ਪਰਤ ਗਏ, ਪ੍ਰੰਤੂ ਐਸਾ ਨਹੀਂ ਸੀ। ਗੁਰੂ ਜੀ ਤਾਂ ਨਿਤਾਣਿਆਂ, ਨਿਆਸਰਿਆਂ ਲੋਕਾਂ ਲਈ ਇੱਕ ਸਹਾਰਾ ਬਣਨ ਲਈ ਅਕਾਲ ਪੁਰਖ ਦੇ ਹੁਕਮ ਅਨੁਸਾਰ ਮੀਰੀ (ਸੱਚੀ ਪਾਤਸ਼ਾਹੀ) ਧਾਰਨ ਕੀਤੀ ਸੀ।

ਉਸ ਸਮੇਂ ਰਾਜਸੀ ਹਕੂਮਤ ਵੱਲੋਂ ਲੋਕਾਂ ਨੂੰ ਗੁਲਾਮ ਰੱਖਣ ਲਈ ਕਈ ਪ੍ਰਕਾਰ ਦੇ ਕਦਮ ਚੁੱਕੇ ਗਏ ਸਨ। ਜਿਵੇਂ ਘੋੜੇ 'ਤੇ ਚੜ੍ਹਨਾ ਮਨ੍ਹਾ ਸੀ। ਪਗੜੀ ਬੰਨਣ ਦੀ ਮਨਾਹੀ ਸੀ। ਤਾਜ ਪਹਿਨਣਾ ਤੇ ਤਖ਼ਤ ਦਾ ਨਿਰਮਾਣ ਤਾਂ ਬਹੁਤ ਮੁਸ਼ਕਲ ਸੀ। ਕੋਈ ਵਿਅਕਤੀ ਸ਼ਸਤਰ ਨਹੀਂ ਸੀ ਰੱਖ ਸਕਦਾ। ਇਸ ਪ੍ਰਕਾਰ ਦੀ ਜਲਾਲਤ ਭਰੀ ਜ਼ਿੰਦਗੀ ਤੋਂ ਲੋਕਾਂ ਨੂੰ ਛੁਟਕਾਰਾ ਦਿਵਾਉਣ ਲਈ ਗੁਰੂ ਜੀ ਨੇ 12 ਫੁੱਟ ਉੱਚੇ ਤਖ਼ਤ ਦਾ ਨਿਰਮਾਣ, ਆਪ ਭਾਈ ਗੁਰਦਾਸ ਜੀ ਤੇ ਬੁੱਢਾ ਜੀ ਨੂੰ ਨਾਲ ਲੈ ਕੇ ਕੀਤਾ। ਇਹ ਅਕਾਲ ਦਾ ਤਖ਼ਤ ਸੀ। ਉਹਨਾਂ ਫੌਜਾਂ ਰੱਖੀਆਂ, ਕਿਲਿਆਂ ਦਾ ਨਿਰਮਾਣ ਕੀਤਾ, ਚਾਰ ਧਰਮ ਯੁੱਧ ਲੜੇ ਅਤੇ ਜਿੱਤਾਂ ਪ੍ਰਾਪਤ ਕੀਤੀਆਂ। ਫਿਰ ਬੀਰ ਰਸੀ ਵਾਰਾਂ ਢਾਡੀਆਂ ਤੋਂ ਸੁਣਵਾ ਕੇ ਲੋਕਾਂ ਵਿਚ ਬੀਰਤਾਂ ਦਾ ਸੰਚਾਰ ਕੀਤਾ। ਮਾਨਸਿਕ ਤੌਰ ਤੇ ਹਾਰੇ ਹੋਏ ਲੋਕਾਂ ਨੂੰ ਸਾਹਸ ਪ੍ਰਦਾਨ ਕੀਤਾ। ਇਹ ਸਭ ਕਰਤਵ ਸਵੈਮਾਨ, ਅਣਖ, ਇੱਜ਼ਤ ਤੇ ਆਜ਼ਾਦੀ ਨਾਲ ਜੀਉਣ ਲਈ ਹੀ ਕੀਤੇ ਗਏ ਸਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਦਾ ਹੀ ਰੂਪ ਸਨ। ਭਗਤੀ ਵਿਚੋਂ ਸ਼ਕਤੀ ਦਾ ਸੰਚਾਰ ਹੋਣ ਤੇ ਸ਼ਕਤੀ ਦੀ ਕਦੀ ਵੀ ਗਲਤ ਵਰਤੋਂ ਨਹੀਂ ਹੁੰਦੀ। ਗੁਰੂ ਦੀ ਜੋਤ ਤੇ ਜੁਗਤ ਦੀ ਇਕਸਾਰਤਾ ਪ੍ਰਗਟਾਂਦਿਆਂ ਭਾਈ ਗੁਰਦਾਸ ਜੀ ਲਿਖਦੇ ਹਨ -

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।
ਦਲਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।
....
ਜੁਗਿ ਜੁਗਿ ਸਤਿਗੁਰੁ ਧਰੇ ਅਵਤਾਰੀ॥੪੮॥

(ਵਾਰ ਭਾਈ ਗੁਰਦਾਸ ਜੀ)

- ਡਾ. ਸ਼ਮਸ਼ੇਰ ਸਿੰਘ

ਸ੍ਰੀ ਅਕਾਲ ਤਖ਼ਤ ਸਾਹਿਬ

ਵਿਸ਼ਵ ਦੀ ਕਿਸੇ ਵੀ ਕਰਾਂਤੀਕਾਰੀ ਲਹਿਰ ਦੀ ਐਸੀ ਮਿਸਾਲ ਨਹੀਂ ਹੈ, ਜਿਸ ਨੇ ਲੋਕ-ਸ਼ਕਤੀ ਦੀ ਆਵਾਜ਼ ਨੂੰ ਇਕ ਸੰਸਥਾ ਤੇ ਕੇਂਦਰਿਤ ਕਰਕੇ ਉਸ ਨੂੰ ਇਕ ਵਿਸ਼ੇਸ਼ ਮਰਯਾਦਾ ਤਹਿਤ ਜਥੇਬੰਦ ਕੀਤਾ ਹੋਵੇ। ਇਹ ਵੀ ਇਕ ਇਤਿਹਾਸਕ ਤੱਥ ਹੈ ਕਿ ਕਰਾਂਤੀਕਾਰੀ ਲਹਿਰਾਂ ਉਹ ਹੀ ਪ੍ਰਭਾਵਸ਼ਾਲੀ ਅਤੇ ਚਿਰ ਸਥਾਈ ਹੋਈਆਂ ਹਨ, ਜਿਨ੍ਹਾਂ ਨੇ ਆਪਣੀ ਵਿਚਾਰਧਾਰਾ ਨੂੰ ਸੰਸਥਾਈ ਰੂਪ ਦਿੱਤਾ ਹੁੰਦਾ ਹੈ। ਸੰਸਥਾਵਾਂ, ਵਿਚਾਰਧਾਰਾ ਦੇ ਭਾਈਚਾਰਕ ਅਤੇ ਸਿਧਾਂਤਕ ਰੂਪ ਨੂੰ ਜ਼ਮਹੂਰੀ ਪੱਖ ਪ੍ਰਦਾਨ ਕਰਦੀਆਂ ਹਨ। ਵਿਅਕਤੀਵਾਦ ਤੋਂ ਮੁਕਤ ਹੋਣ ਲਈ ਹਰ ਕਰਾਂਤੀਕਾਰੀ ਵਿਚਾਰਧਾਰਾ ਸੰਸਥਾਵਾਂ ਸਥਾਪਤ ਕਰਦੀ ਹੈ ਤਾਂ ਕਿ ਹਰ ਫੈਸਲਾ ਸਮਾਜ ਦੀ ਸਰਬਸਾਂਝੀ ਸੋਚ ਦਾ ਪ੍ਰਤੀਕ ਬਣ ਸਕੇ। ਸਰਬਸਾਂਝੀ ਸੋਚ ਵਿੱਚੋਂ ਹੀ ਸਮਾਜਿਕ ਏਕਤਾ, ਬਰਾਬਰੀ ਅਤੇ ਜਿੰਮੇਵਾਰੀ ਦਾ ਅਹਿਸਾਸ ਪੈਦਾ ਹੁੰਦਾ ਹੈ। ਇਹ ਅਹਿਸਾਸ ਹੀ ਕਰਾਂਤੀਆਂ, ਲਹਿਰਾਂ ਅਤੇ ਸਿਧਾਂਤਾਂ ਨੂੰ ਸਿਰਜਦਾ ਹੈ।

ਸਿੱਖ ਲਹਿਰ ਆਪਣੇ ਸਮੇਂ ਦੀ ਜ਼ਬਰਦਸਤ ਕਰਾਂਤੀਕਾਰੀ ਤੇ ਇਨਕਲਾਬੀ ਲਹਿਰ ਸੀ, ਜਿਸ ਨੇ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਗੁਲਾਮੀ ਦੀ ਜਕੜ ਵਿਚ ਜਕੜੇ ਹੋਏ ਸਮਾਜ ਵਿਚੋਂ ਇਕ ਐਸਾ ਸੁਤੰਤਰ, ਭੈ-ਮੁਕਤ ਅਤੇ ਭਾਈਚਾਰਕ ਸਾਂਝ ਰੱਖਣ ਵਾਲਾ ਸਮਾਜ ਸਿਰਜਣਾ ਸੀ, ਜਿਸ ਨੇ ਦਸਾਂ ਨਹੁੰਆਂ ਦੀ ਕਿਰਤ ਕਰਕੇ, ਵੰਡ ਛਕ ਕੇ ਅਤੇ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਕੇ ਆਪਣੀ ਕਿਸਮਤ ਦੇ ਆਪ ਫੈਸਲੇ ਕਰਨੇ ਸਨ।

ਭਾਵੇਂ ਹਿੰਦੁਸਤਾਨੀ ਅਤੇ ਪੰਜਾਬੀ ਸਮਾਜ ਦਾ ਇਤਿਹਾਸ ਦਰਿਆ ਦੇ ਦੋ ਕੰਢਿਆਂ ਵਾਂਗ ਬਰਾਬਰ ਹੋ ਕੇ ਇਕੱਠਿਆਂ ਹੀ ਚੱਲਦਾ ਹੈ ਪਰ ਇਸ ਦੀ ਸ਼ੁਰੂਆਤ ਪੰਜਾਬ ਤੋਂ ਹੁੰਦੀ ਹੈ। ਹੜੱਪਾ ਸਭਿਅਤਾ ਪੰਜਾਬੀ ਸਮਾਜ ਅਤੇ ਇਤਿਹਾਸ ਦੀ ਸ਼ੁਰੂਆਤ ਕਰਦੀ ਹੈ ਅਤੇ ਇਹ ਸੱਭਿਅਤਾ ਆਪਣੇ ਸਮੇਂ ਦੀ ਬਹੁਤ ਹੀ ਵਿਕਸਤ ਅਤੇ ਅਗਾਂਹ ਵੱਧ ਚੁੱਕੀ ਸਭਿਅਤਾ ਸੀ।

ਇਤਿਹਾਸਕ ਪਰਮਾਣ ਇਸ ਗੱਲ ਨੂੰ ਸਾਬਤ ਕਰ ਚੁੱਕੇ ਹਨ ਕਿ ਹੜੱਪਾ ਸਭਿਅਤਾ ਨੂੰ ਇਰਾਨ ਤੋਂ ਆਏ ਆਰੀਆ ਹਮਲਾਵਰਾਂ ਨੇ ਹੀ ਖ਼ਤਮ ਕੀਤਾ ਸੀ। ਇਸ ਖਾਤਮੇ ਤੋਂ ਹੀ ਪੰਜਾਬੀ ਅਤੇ ਹਿੰਦੁਸਤਾਨੀ ਸਮਾਜ ਦੀ ਗੁਲਾਮੀ ਵਾਲੀ ਵਿਵੱਸਥਾ ਸ਼ੁਰੂ ਹੁੰਦੀ ਹੈ। ਹੜੱਪਾ ਸਭਿਅਤਾ ਦੇ ਸਿਰਜਣਹਾਰਾਂ ਨੂੰ ਆਰੀਆ ਹਮਲਾਵਰਾਂ ਨੇ ਹਰਾ ਕੇ ਆਪਣਾ ਗੁਲਾਮ ਬਣਾ ਲਿਆ ਸੀ। ਇੱਥੋਂ ਦੀ ਬੋਲੀ ਅਤੇ ਲਿੱਪੀ ਨੂੰ ਖ਼ਤਮ ਕਰ ਕੇ ਇਨ੍ਹਾਂ ਗੁਲਾਮਾਂ ਨੂੰ ਹੀ ਵੈਦਿਕ ਗ੍ਰੰਥਾਂ ਵਿਚ ਦਾਸ ਕਿਹਾ ਗਿਆ ਹੈ। ਇਥੋਂ ਦੀ ਬੋਲੀ ਅਤੇ ਲਿੱਪੀ ਨੂੰ ਖ਼ਤਮ ਕਰ ਕੇ ਸੰਸਕ੍ਰਿਤ ਦੇ ਸੰਗਲਾਂ ਵਿਚ ਜਕੜ ਲਿਆ ਗਿਆ ਸੀ। ਸਿੱਟੇ ਵਜੋਂ ਇਸ ਧਰਤੀ 'ਤੇ ਵੈਦਿਕ ਸਭਿਅਤਾ ਜਾਂ ਵੈਦਿਕ-ਯੁੱਗ ਦੀ ਸ਼ੁਰੂਆਤ ਹੋਈ ਸੀ। ਇਸ ਵੈਦਿਕ ਯੁੱਗ ਨੇ ਬ੍ਰਾਹਮਣਵਾਦ ਦੀ ਸਥਾਪਤੀ ਕੀਤੀ ਸੀ। ਇਸ ਬ੍ਰਾਹਮਣਵਾਦ ਨੇ ਹਿੰਦੁਸਤਾਨੀ ਸਮਾਜ ਨੂੰ ਜਾਤ-ਪਾਤ ਦੀ ਭੈੜੀ ਵੰਡ ਵਿੱਚ ਵੰਡ ਕੇ ਸਮਾਜਕ ਗੁਲਾਮੀ ਸਥਾਪਤ ਕੀਤੀ ਸੀ।

ਹਿੰਦੁਸਤਾਨ ਦੀ ਧਰਤੀ 'ਤੇ ਜਿੰਨੀਆਂ ਵੀ ਲਹਿਰਾਂ ਚੱਲੀਆਂ ਸਨ, ਉਨ੍ਹਾਂ ਸਭ ਨੇ ਇਸੇ ਵੈਦਿਕ ਯੁੱਗ ਦੀ ਗੁਲਾਮੀ ਨੂੰ ਤੋੜ ਕੇ ਇਥੋਂ ਦੇ ਆਪਣੇ ਲੋਕਾਂ ਦੀ ਸੁਤੰਤਰਤਾ ਦੀ ਗੱਲ ਛੇੜੀ ਸੀ। ਇਸੇ ਕਰਕੇ ਹੀ ਇਸ ਲੋਕ-ਸੁਤੰਤਰਤਾ ਦੇ ਸੰਘਰਸ਼ ਦੀ ਵਿਰੋਧਤਾ ਬ੍ਰਾਹਮਣਵਾਦ ਨਾਲ ਹੁੰਦੀ ਰਹੀ ਹੈ। ਬ੍ਰਾਹਮਣਵਾਦ ਲਈ ਦੋ ਗੱਲਾਂ ਅਤੀ ਜਰੂਰੀ ਸਨ : ਇਕ ਹਿੰਦੁਸਤਾਨੀ ਸਮਾਜ ਦੀ ਜਾਤ-ਪਾਤ ਵਾਲੀ ਵਿਵੱਸਥਾ ਅਤੇ ਦੂਜਾ ਲੋਕ-ਬੋਲੀਆਂ ਦੀ ਕਬਰ ਤੇ ਸੰਸਕ੍ਰਿਤ ਸਾਹਿਤ ਦਾ ਬੋਲ ਬਾਲਾ। ਸਿੱਖ ਲਹਿਰ ਚੱਲਣ ਤੋਂ ਪਹਿਲਾਂ ਇਥੇ ਜੈਨ ਮੱਤ ਅਤੇ ਬੁੱਧ ਮੱਤ ਫੈਲਿਆ ਸੀ। ਇਨ੍ਹਾਂ ਦੋਹਾਂ ਮੱਤਾਂ ਨੇ ਬ੍ਰਾਹਮਣਵਾਦ ਦੀ ਅਤੇ ਸੰਸਕ੍ਰਿਤ ਦੀ ਗੁਲਾਮੀ ਨੂੰ ਖ਼ਤਮ ਕਰ ਕੇ ਇਥੋਂ ਦੇ ਲੋਕਾਂ ਦੀ ਬਰਾਬਰਤਾ ਵਾਲਾ ਸਮਾਜ ਸਿਰਜਿਆ ਸੀ ਅਤੇ ਸੰਸਕ੍ਰਿਤ ਨੂੰ ਪਛਾੜ ਕੇ ਲੋਕ-ਬੋਲੀਆਂ ਨੂੰ ਉਭਾਰਿਆ ਸੀ। ਸਿੱਖ ਲਹਿਰ ਨੇ ਵੀ ਬ੍ਰਾਹਮਣਵਾਦ ਅਤੇ ਸੰਸਕ੍ਰਿਤ ਦੀ ਗੁਲਾਮੀ ਵਿਚ ਜਕੜੇ ਹੋਏ ਸਮਾਜ ਨੂੰ ਸੁਤੰਤਰ ਕਰਨ ਲਈ ਆਪਣਾ ਸੰਘਰਸ਼ ਸ਼ੁਰੂ ਕੀਤਾ ਸੀ।

ਸਿੱਖ ਲਹਿਰ ਸਮਕਾਲੀ ਹਾਲਾਤਾਂ ਦੇ ਅਨੁਸਾਰ ਮੇਲ ਖਾ ਕੇ ਚੱਲਣ ਵਾਲੀ ਲਹਿਰ ਨਹੀਂ ਸੀ। ਇਸ ਨੇ ਆਪਣੇ ਸਮੇਂ ਦੀਆਂ ਪ੍ਰਸਥਿਤੀਆਂ ਨੂੰ ਰੱਦ ਕੀਤਾ ਸੀ ਅਤੇ ਆਪਣੀ ਲੋੜ ਅਨੁਸਾਰ ਨਵੀਆਂ ਪਰੰਪਰਾਵਾਂ ਦੀ ਸਿਰਜਣਾ ਕੀਤੀ ਸੀ। ਇਸ ਨਵੀਂ ਸਿਰਜਣਾ ਵਿਚੋਂ ਨਵੇਂ ਸੁਤੰਤਰ ਅਤੇ ਭੈ-ਮੁਕਤ ਸਮਾਜ ਦੀ ਸਥਾਪਨਾ ਹੋਈ ਸੀ। ਸੰਗਤਾਂ ਦੀ ਸਥਾਪਨਾ, ਲੰਗਰ ਦੀ ਵਿਵੱਸਥਾ, ਧਰਮਸ਼ਾਲਾਵਾਂ (ਗੁਰਦੁਆਰਿਆਂ) ਦੀ ਉਸਾਰੀ, ਮੰਜੀ ਅਤੇ ਮਸੰਦ ਸਿਸਟਮ ਦਾ ਲਾਗੂ ਕਰਨਾ, ਲੋਕ-ਬੋਲੀ ਪੰਜਾਬੀ ਦਾ ਅਪਣਾਉਣਾ, ਇਸ ਬੋਲੀ ਦੀ ਗੁਰਮੁਖੀ ਦੇ ਰੂਪ ਵਿੱਚ ਇਕ ਸੁਤੰਤਰ ਲਿੱਪੀ ਦੀ ਸਿਰਜਣਾ ਕਰਨੀ ਅਤੇ ਫਿਰ ਇਸੇ ਬੋਲੀ 'ਤੇ ਲਿੱਪੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਆਦਿ ਇਸ ਸਿੱਖ ਲਹਿਰ ਦੀਆਂ ਨਵੀਆਂ ਪ੍ਰਾਪਤੀਆਂ

ਸਨ। ਇਨ੍ਹਾਂ ਦੇ ਸਿੱਟੇ ਵਜੋਂ ਹੀ 1606 ਈਸਵੀ ਤੱਕ ਇਕ ਐਸਾ ਸਮਾਜ ਸਿਰਜਿਆ ਜਾ ਚੁੱਕਿਆ ਸੀ, ਜਿਹੜਾ ਪੂਰਨ ਰੂਪ ਵਿੱਚ ਸਰਬ ਸਾਂਝੀਵਾਲਤਾ ਦਾ ਮਾਡਲ ਬਣਕੇ ਆਪਣੀ ਵਿਚਾਰਧਾਰਾ ਦੇ ਸਹਾਰੇ ਸਮੇਂ ਦੀ ਵਿਵੱਸਥਾ ਤੋਂ ਬਿਲਕੁਲ ਸੁਤੰਤਰ ਹੋ ਕੇ ਖੜਾ ਹੋ ਗਿਆ ਸੀ। ਸਿੱਖ ਸਮਾਜ ਦੀ ਇਸੇ ਸੁਤੰਤਰ ਵਿਵੱਸਥਾ ਨੇ ਇਸਲਾਮ ਦੀ ਅਤੇ ਬ੍ਰਾਹਮਣਵਾਦ ਦੀ ਕੱਟੜਤਾ ਨੂੰ ਗਹਿਰੀਆਂ ਸੋਚਾਂ ਵਿੱਚ ਪਾ ਦਿੱਤਾ ਸੀ। ਇਸਲਾਮ ਤੇ ਬ੍ਰਾਹਮਣਵਾਦ ਭਾਵੇਂ ਆਪਸ ਵਿੱਚ ਲੱਖ ਦੁਸ਼ਮਣ ਸਨ, ਫਿਰ ਵੀ ਇਹ ਦੋਵੇਂ ਤਾਕਤਾਂ ਸਿੱਖ ਇਨਕਲਾਬ ਨੂੰ ਕੁਚਲਣ ਲਈ ਇਕ-ਮੁੱਠ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਜਿਥੇ ਜਹਾਂਗੀਰ ਦਾ ਨਾਂ ਜੁੜਿਆ ਹੈ, ਉਥੇ ਚੰਦੂ ਖੱਤਰੀ ਦਾ ਨਾਂ ਵੀ ਜੁੜਿਆ ਹੋਇਆ ਹੈ। ਇਹ ਦੋਵੇਂ ਵਿਅਕਤੀ ਇਸਲਾਮ ਤੇ ਬ੍ਰਾਹਮਣਵਾਦ ਦੀ ਪ੍ਰਤੀਨਿੱਧਤਾ ਕਰ ਰਹੇ ਸਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਹੀ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਹੋਈ ਸੀ। ਇਹ ਗੱਲ ਹੀ ਆਪਣੇ ਆਪ ਵਿਚ ਦਰਸਾ ਰਹੀ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੈਸੀਆਂ ਸਥਿਤੀਆਂ ਅਤੇ ਚੁਣੌਤੀਆਂ ਦੌਰਾਨ ਹੋਈ ਸੀ। ਸਿੱਖ ਸਮਾਜ ਕਿਉਂਕਿ ਇਕ ਸੁਤੰਤਰ ਸਮਾਜ ਸੀ, ਇਸ ਲਈ ਜਦੋਂ ਤੱਕ ਇਸ ਪਾਸ ਐਸੇ ਕੇਂਦਰੀ ਅਸਥਾਨ ਦੀ ਪ੍ਰਾਪਤੀ ਨਹੀਂ ਹੋ ਜਾਂਦੀ ਸੀ, ਜਿੱਥੇ ਇਹ ਸਮਾਜ ਆਪਣੇ ਆਪ ਨੂੰ ਕੇਂਦਰ ਕਰਕੇ ਆਪਣੇ ਫੈਸਲੇ ਵੀ ਕਰ ਸਕਦਾ ਸੀ ਅਤੇ ਇਨ੍ਹਾਂ ਫੈਸਲਿਆਂ ਨੂੰ ਲਾਗੂ ਵੀ ਕਰ ਸਕਦਾ ਸੀ, ਉਦੋਂ ਤੱਕ ਇਸ ਸੁਤੰਤਰ ਸਮਾਜ ਦੀ ਸੁਤੰਤਰਤਾ ਇਕ ਕੌਮ ਦੇ ਰੂਪ ਵਿੱਚ ਸੰਗਠਿਤ ਨਹੀਂ ਹੋ ਸਕਦੀ ਸੀ।

ਭਾਵ ਕਿ ਅਕਾਲ ਤਖ਼ਤ ਸਾਹਿਬ ਸਮੇਂ ਅਨੁਸਾਰ ਸਿੱਖ ਸਮਾਜ ਦੀਆਂ ਲੋੜਾਂ ਦੀ ਪੂਰਤੀ ਸੀ। ਸੁਤੰਤਰ ਸਮਾਜ ਦੇ ਫੈਸਲੇ ਜੇ ਬਿਗਾਨੀਆਂ ਸੰਸਥਾਵਾਂ ਜਾਂ ਅਦਾਲਤਾਂ ਵਿੱਚ ਹੁੰਦੇ ਸਨ ਤਾਂ ਇਸ ਨਾਲ ਸਮਾਜ ਦੀ ਸੁਤੰਤਰਤਾ ਨੂੰ ਫਰਕ ਪੈਂਦਾ ਸੀ। ਇਸ ਲਈ ਸਿੱਖ ਸਮਾਜ ਦੀ ਸੁਤੰਤਰਤਾ ਨੂੰ ਕਾਇਮ ਰੱਖਣ ਲਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ ਤਾਂ ਕਿ ਸਿੱਖ ਸਮਾਜ ਇਥੇ ਇਕੱਤਰ ਹੋ ਕੇ ਆਪਣੇ ਸਿਧਾਂਤਾਂ, ਆਪਣੀ ਸੋਚ ਅਤੇ ਆਪਣੀ ਪਰੰਪਰਾ ਅਨੁਸਾਰ ਆਪਣੇ ਫੈਸਲੇ ਲੈ ਸਕੇ।

ਨਿਰਸੰਦੇਹ, ਗੁਰੂ ਵੀ ਸਿੱਖ ਸਮਾਜ ਦਾ ਇਕ ਕੇਂਦਰ ਸੀ ਪਰ ਇਸ ਵਿਅਕਤੀਗਤ ਗੁਰਿਆਈ ਦੀ ਵੀ ਆਖਿਰਕਾਰ ਇਕ ਸੰਸਥਾ ਬਣਾਈ ਜਾਣੀ ਸੀ। ਇਸ ਲਈ ਸ੍ਰੀ ਅਕਾਲ ਤਖਤ ਸਾਹਿਬ ਸਿੱਖ ਸਮਾਜ ਦੀ ਇਕ ਐਸੀ ਸੰਸਥਾ ਬਣ ਗਈ ਸੀ, ਜਿੱਥੋਂ ਗੁਰੂ ਦੇ ਫੈਸਲੇ ਲਾਗੂ ਹੋਣੇ ਸਨ। ਜਿਉਂ ਜਿਉਂ ਸਿੱਖ ਸਮਾਜ ਵਿਕਸਤ ਅਤੇ ਸੰਗਠਿਤ ਹੁੰਦਾ ਗਿਆ, ਤਿਉਂ ਤਿਉਂ ਸ੍ਰੀ ਅਕਾਲ ਤਖਤ ਸਾਹਿਬ ਦੀ ਸੰਸਥਾ ਪਰਪੱਕ ਹੁੰਦੀ ਗਈ ਅਤੇ ਆਖਿਰਕਾਰ ਇਸ ਸੰਸਥਾ ਨੇ ਸਿੱਖ ਭਾਈਚਾਰੇ ਵਿਚ ਸਰਬਉੱਚ ਸਥਿਤੀ ਪ੍ਰਾਪਤ ਕਰ ਲਈ।

ਇਸ ਦੀ ਸਥਾਪਨਾ ਦੀ ਇਕ ਵਿਸ਼ੇਸ਼ਤਾ ਇਹ ਸੀ ਕਿ ਇਸ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਖੁਦ ਆਪਣੇ ਕਰ ਕਮਲਾਂ ਨਾਲ ਇਸ ਦੇ ਉਸ ਥੜ੍ਹੇ ਦੀ ਉਸਾਰੀ ਕੀਤੀ, ਜਿਸ ਉਪਰ ਅਕਾਲ ਤਖ਼ਤ ਨੂੰ ਰੱਖਿਆ ਗਿਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਮੁੱਚੇ ਜੀਵਨ ਵਿਚ ਸਿਰਫ ਸ਼ਾਂਤੀ ਅਤੇ ਮਨੁੱਖੀ ਭਾਈਚਾਰੇ ਦਾ ਹੀ ਪ੍ਰਚਾਰ ਕੀਤਾ ਸੀ। ਪਰ ਹਕੂਮਤ ਨੂੰ ਇਹ ਨਾਹਰਾ ਪਸੰਦ ਨਹੀਂ ਆਇਆ ਕਿਉਂਕਿ ਇਸ ਨਾਲ ਸਿੱਖ ਧਰਮ ਦਾ ਪਰਸਾਰ ਹੋ ਰਿਹਾ ਸੀ। ਸਿੱਟੇ ਵਜੋਂ ਸਿਰਫ ਇਕ ਲਹਿਰ ਦੇ ਪਸਾਰੇ ਨੂੰ ਰੋਕਣ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਸ਼ਹਾਦਤ ਦੀ ਚੁਣੌਤੀ ਦਾ ਜਵਾਬ ਦੇਣ ਲਈ ਹੀ ਸ੍ਰੀ ਅਕਾਲ ਤਖਤ ਸਾਹਿਬ ਦੀ ਉਸਾਰੀ ਕੀਤੀ ਗਈ ਸੀ। ਇਉਂ ਇਹ ਮਹਾਨ ਤਖਤ ਸਿੱਖ ਜਗਤ ਦੀ ਕ੍ਰਾਂਤੀਕਾਰੀ ਅਤੇ ਰੋਹ ਭਰੀ ਆਵਾਜ਼ ਨੂੰ ਬੁਲੰਦ ਕਰਨ ਲਈ ਸਾਹਮਣੇ ਆਇਆ ਸੀ। ਫਲਸਰੂਪ ਸ੍ਰੀ ਅਕਾਲ ਤਖਤ ਇਕ ਕ੍ਰਾਂਤੀਕਾਰੀ ਲਹਿਰ ਦੀ ਕ੍ਰਾਂਤੀਕਾਰੀ ਸੰਸਥਾ ਬਣ ਗਈ ਸੀ।

ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਹੀ ਇਤਿਹਾਸ ਵਿੱਚ ਇਸ ਤਰ੍ਹਾਂ ਦੇ ਵੇਰਵੇ ਮਿਲਦੇ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਇਹ ਅਸਥਾਨ ਸਿੱਖ ਸਮਾਜ ਦੇ ਸੰਸਾਰਕ ਮਾਮਲਿਆਂ ਬਾਰੇ ਵਿਚਾਰ-ਵਿਟਾਂਦਰਾ ਕਰਨ ਦਾ ਕੇਂਦਰ ਬਣ ਗਿਆ ਸੀ। ਜਿਵੇਂ ਕਿ ਇਥੇ ਹਰ ਰੋਜ਼ ਸਿੱਖ ਸੰਗਤਾਂ ਦੇ ਦਰਬਾਰ ਲਗਾਉਣੇ, ਇਨ੍ਹਾਂ ਦਰਬਾਰਾਂ ਵਿੱਚ ਬਾਹਰਲੀਆਂ ਕੁੱਝ ਰਿਆਸਤਾਂ ਦੇ ਨੁਮਾਇੰਦਿਆਂ ਦਾ ਆਉਣਾ ਤੇ ਗੁਰੂ ਸਾਹਿਬ ਵੱਲੋਂ ਉਨ੍ਹਾਂ ਦਾ ਸਨਮਾਨ ਕਰਨਾ, ਬੀਰ-ਰਸ ਭਰਪੂਰ ਵਾਰਾਂ ਗਵਾਉਣੀਆਂ ਅਤੇ ਸਿੱਖਾਂ ਨੂੰ ਆਪਣੇ ਮਸਲੇ ਇਥੇ ਲਿਆਉਣ ਦੇ ਆਦੇਸ਼ ਦੇਣੇ ਆਦਿ ਆਦਿ। ਇਸ ਲਈ ਇਹ ਸਪੱਸ਼ਟ ਹੈ ਕਿ ਸ੍ਰੀ ਅਕਾਲ ਤਖ਼ਤ ਸਿੱਖ ਸਮਾਜ ਦਾ ਅਜਿਹਾ ਕੇਂਦਰ ਬਣ ਗਿਆ ਸੀ, ਜਿੱਥੇ ਉਹ ਆਪਣੇ ਮਸਲੇ ਲਿਆਉਂਦੇ ਸਨ ਅਤੇ ਗੁਰੂ ਸਾਹਿਬ ਇਨ੍ਹਾਂ ਮਸਲਿਆਂ ਨੂੰ ਸੁਲਝਾਉਂਦੇ ਸਨ। ਗੁਰੂ ਜੀ ਦਾ ਫੈਸਲਾ ਅੰਤਿਮ ਹੁੰਦਾ ਸੀ। ਇਸ ਨੂੰ ਕਿਸੇ ਵੀ ਅਦਾਲਤ ਵਿੱਚ ਚੁਣੌਤੀ ਨਹੀਂ ਦਿੱਤੀ ਜਾ ਸਕਦੀ ਸੀ। ਇਉਂ ਸਿੱਖ ਸਮਾਜ ਆਪਣੇ ਆਤਮ-ਨਿਰਣੈ ਦੇ ਅਧਿਕਾਰਾਂ ਤਹਿਤ ਅੰਦਰੂਨੀ ਤੌਰ 'ਤੇ ਪੂਰੀ ਸੁਤੰਤਰਤਾ ਨਾਲ ਆਪਣੇ ਮਸਲੇ ਨਜਿੱਠਦਾ ਸੀ।

ਇਸ ਗੱਲ ਦਾ ਦੂਜਾ ਪੱਖ ਇਹ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਸਮੇਂ ਦੀ ਹਕੂਮਤ ਤੋਂ ਇਨਕਾਰ ਜਾਂ ਬਗਾਵਤ ਨਹੀਂ ਸੀ। ਇਹ ਸਿਰਫ ਸਿੱਖ ਸਮਾਜ ਦੇ ਆਤਮ-ਨਿਰਣੈ ਦੇ ਅਧਿਕਾਰਾਂ ਦਾ ਪ੍ਰਗਟਾਵਾ ਸੀ। ਜਦੋਂ ਤੱਕ ਸਿੱਖਾਂ ਦੇ ਆਤਮ-ਨਿਰਣੈ ਦੇ ਅਧਿਕਾਰ ਸੁਰੱਖਿਅਤ ਸਨ, ਉਦੋਂ ਤੱਕ ਸਿੱਖ ਸਮਾਜ ਦਾ ਹਕੂਮਤ ਨਾਲ ਕੋਈ ਟਕਰਾਅ ਨਹੀਂ ਸੀ ਪਰ ਜੇ ਹਕੂਮਤ ਸਿੱਖਾਂ ਦੇ ਆਤਮ-

ਨਿਰਣੈ ਦੇ ਅਧਿਕਾਰਾਂ ਵਿਚ ਦਖ਼ਲ ਅੰਦਾਜ਼ੀ ਕਰਦੀ ਸੀ ਤਾਂ ਸਿੱਖ ਸਮਾਜ ਉਸ ਦੇ ਬਰਾਬਰ ਖੜਾ ਹੋਣ ਨੂੰ ਤਿਆਰ ਸੀ। ਮੀਰੀ-ਪੀਰੀ ਦੇ ਸਿਧਾਂਤ ਨੂੰ ਅਤੇ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਕੀਤੀਆਂ ਗਈਆਂ ਲੜਾਈਆਂ ਨੂੰ ਇਸੇ ਸੰਦਰਭ ਵਿੱਚ ਰੱਖ ਕੇ ਹੀ ਦੇਖਣਾ ਚਾਹੀਦਾ ਹੈ। ਮੀਰੀ-ਪੀਰੀ ਦਾ ਸਿਧਾਂਤ ਆਤਮ-ਨਿਰਣੈ ਦੇ ਅਧਿਕਾਰਾਂ ਦੀ ਵਿਆਖਿਆ ਸੀ ਅਤੇ ਲੜਾਈਆਂ ਇਸ ਦੀ ਰੱਖਿਆ ਲਈ ਸਨ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਤੋਂ ਬਾਅਦ ਦਾ ਸਮਾਂ ਇਕਸਾਰ ਨਹੀਂ ਸੀ। ਇਸ ਵਿੱਚ ਅਨੇਕਾਂ ਉਤਰਾਅ-ਚੜ੍ਹਾਅ ਆਏ ਸਨ। ਕਈ ਵਾਰ ਅੰਮ੍ਰਿਤਸਰ ਸ਼ਹਿਰ ਗੁਰੂ ਸਾਹਿਬ ਜੀ ਦੀ ਮੌਜੂਦਗੀ ਤੋਂ ਬਿਨ੍ਹਾਂ ਹੀ ਰਿਹਾ ਸੀ, ਪਰ ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਇਕ ਸੰਸਥਾ ਅਤੇ ਸੰਕਲਪ ਬਣ ਚੁੱਕਿਆ ਸੀ। ਇਸ ਲਈ ਇਨ੍ਹਾਂ ਉਤਰਾਵਾਂ-ਚੜ੍ਹਾਵਾਂ ਦਾ ਪ੍ਰਭਾਵ ਸਿੱਖ ਸਮਾਜ 'ਤੇ ਤਾਂ ਪਿਆ ਸੀ, ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨ ਸੰਸਥਾ ਸਦਾ ਸਥਿਰ ਰਹੀ ਸੀ। ਸਿੱਖ ਸਮਾਜ ਕਿਉਂਕਿ ਇਕ ਕ੍ਰਾਂਤੀਕਾਰੀ ਲਹਿਰ ਦੀ ਪੈਦਾਇਸ਼ ਸੀ। ਇਸ ਲਈ ਸੰਕਟ-ਕਾਲੀਨ ਹਾਲਾਤ ਦਾ ਵਾਪਰਨਾ ਕੁਦਰਤੀ ਗੱਲ ਸੀ।

1699 ਈ: ਦੀ ਵਿਸਾਖੀ ਵਾਲੇ ਦਿਨ ਖਾਲਸੇ ਦੀ ਸਾਜਨਾ ਕਰਕੇ ਹੋਰ ਕਈ ਪੱਖਾਂ ਦੀ ਪੂਰਤੀ ਕਰਨ ਦੇ ਨਾਲ-ਨਾਲ ਸਿੱਖ ਜਗਤ ਦੇ ਨਵੇਂ ਪ੍ਰਬੰਧ ਦੀ ਸਥਾਪਨਾ ਵੀ ਕੀਤੀ ਗਈ ਸੀ। ਇਸ ਪ੍ਰਬੰਧ ਲਈ ਪੰਜ ਪਿਆਰਿਆਂ ਦੀ ਅਗਵਾਈ ਨਿਰਧਾਰਤ ਕੀਤੀ ਗਈ ਸੀ। ਸਮੁੱਚੇ ਸਿੱਖ ਸਮਾਜ ਨੂੰ ਖਾਲਸਾ ਭਾਈਚਾਰੇ ਦਾ ਨਾਂ ਦੇ ਕੇ ਪੰਜ-ਤਖ਼ਤੀ ਪ੍ਰਬੰਧ ਵਿੱਚ ਸੰਗਠਿਤ ਕੀਤਾ ਗਿਆ ਸੀ। ਅਕਾਲ ਤਖ਼ਤ ਇਸ ਪੰਜ ਤਖ਼ਤੀ ਪ੍ਰਬੰਧ ਦਾ ਕੇਂਦਰੀ ਅਸਥਾਨ ਬਣਿਆ ਹੈ। ਬਾਕੀ ਚਾਰ ਤਖ਼ਤ ਹਨ : ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਆਨੰਦਪੁਰ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ। ਇਹ ਚਾਰ ਤਖ਼ਤ ਖਾਲਸੇ ਦੇ ਇਲਾਕਾਈ ਕੇਂਦਰ ਹਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਕੇਂਦਰੀ ਤੇ ਸਰਬਉੱਚ ਅਸਥਾਨ ਹੈ। ਸਮੁੱਚੇ ਖਾਲਸਾ ਭਾਈਚਾਰੇ ਨੇ ਇਨ੍ਹਾਂ ਪੰਜਾਂ ਤਖ਼ਤਾਂ ਤੋਂ ਹੀ ਆਪਣੀ ਸੇਧ ਪ੍ਰਾਪਤ ਕਰਨੀ ਹੈ।

ਸਿੱਖ ਧਰਮ ਵਿੱਚ ਗੁਰੂ ਦੀ ਸਥਿਤੀ ਸਰਬਉੱਚ ਹੈ। ਕਿਉਂਕਿ ਅਕਾਲ ਤਖ਼ਤ ਸਾਹਿਬ ਉਪਰ ਗੁਰੂ ਹਰਿਗੋਬਿੰਦ ਸਾਹਿਬ ਬਿਰਾਜਮਾਨ ਹੁੰਦੇ ਸਨ। ਇਸ ਲਈ ਸਰਬਉੱਚ ਗੁਰੂ ਦੇ ਬੈਠਣ ਵਾਲੀ ਸੀਟ ਵੀ ਸਰਬਉੱਚ ਬਣ ਗਈ ਸੀ। ਖਾਲਸੇ ਦੀ ਸਾਜਨਾ ਪਿੱਛੋਂ ਸਰਬੱਤ ਖਾਲਸਾ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮਾਲਕ ਬਣਿਆ। ਸਰਬੱਤ ਖਾਲਸੇ ਨੇ ਆਪਣੇ ਗੁਰਮਤੇ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਲਈ ਆਪਣੇ ਇਕ ਨੁਮਾਇੰਦੇ ਦੀ ਨਿਯੁਕਤੀ ਕਰਨੀ ਸ਼ੁਰੂ ਕਰ ਦਿੱਤੀ ਸੀ। ਇਸ ਨੁਮਾਇੰਦੇ ਨੂੰ ਜਥੇਦਾਰ ਕਿਹਾ ਜਾਣਾ ਸ਼ੁਰੂ ਹੋਇਆ। ਇਹ ਜਥੇਦਾਰ ਕਿਉਂਕਿ ਸਰਬੱਤ ਖਾਲਸੇ ਦੇ ਗੁਰਮਤੇ ਰਾਹੀਂ ਨਿਯੁਕਤ ਹੁੰਦਾ ਸੀ ਅਤੇ ਗੁਰਮਤੇ ਦਾ ਭਾਵ ਗੁਰੂ ਦਾ ਫੈਸਲਾ ਹੀ ਹੁੰਦਾ ਸੀ। ਇਸ ਲਈ ਜਥੇਦਾਰ ਦੀ ਨਿਯੁਕਤੀ ਗੁਰੂ ਦੇ ਹੁਕਮ ਅਨੁਸਾਰ ਹੋਈ ਹੀ ਸਮਝੀ ਜਾਂਦੀ ਸੀ। ਕਿਉਂਕਿ ਜਥੇਦਾਰ ਸਰਬੱਤ ਖਾਲਸੇ ਦਾ ਨੁਮਾਇੰਦਾ ਸੀ ਅਤੇ ਅਕਾਲ ਤਖ਼ਤ ਸਾਹਿਬ ਦਾ ਸੇਵਾਦਾਰ ਸੀ। ਇਸ ਲਈ ਜਥੇਦਾਰ ਦੀ ਪਦ-ਪਦਵੀ ਵੀ ਸਰਬਉੱਚ ਸਤਿਕਾਰ ਵਾਲੀ ਹੋਣੀ ਜਰੂਰੀ ਸੀ। ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਜਗਤ ਦੀ ਸਰਬਉੱਚ, ਸਰਬ ਸ਼ਕਤੀਮਾਨ ਅਤੇ ਸਰਬ ਸਤਿਕਾਰਤ ਸੰਸਥਾ ਬਣ ਚੁੱਕੀ ਹੈ। ਇਹ ਮਹਾਨ ਸੰਸਥਾ ਸਮੁੱਚੀ ਕੌਮ ਦੀਆਂ ਪਰੰਪਰਾਵਾਂ ਅਤੇ ਭਾਵਨਾਵਾਂ ਦਾ ਪ੍ਰਗਟਾਵਾ ਕਰਦੀ ਹੈ।

ਸੰਸਥਾਵਾਂ ਬਾਰੇ ਇਕ ਗੱਲ ਧਿਆਨ ਰੱਖਣ ਯੋਗ ਹੈ। ਉਹ ਇਹ ਕਿ ਸੰਸਥਾਵਾਂ ਦਾ ਯੋਗਦਾਨ ਸਿਰਫ ਉਸ ਸਮੇਂ ਹੀ ਸਾਹਮਣੇ ਆਉਂਦਾ ਹੈ ਜਦੋਂ ਕੌਮ ਦੇ ਸਾਹਮਣੇ ਸੰਕਟਮਈ ਸਥਿਤੀ ਹੋਵੇ। ਸਾਧਾਰਣ ਹਾਲਤ ਵਿੱਚ ਕੌਮ ਦੀ ਲੀਡਰਸ਼ਿਪ ਹੀ ਕੰਮ ਕਰ ਰਹੀ ਹੁੰਦੀ ਹੈ। ਜਦੋਂ ਕਿਸੇ ਮਸਲੇ ਨੂੰ ਨਜਿੱਠਣ ਲਈ ਲੀਡਰਸ਼ਿਪ ਸਮਰੱਥ ਨਾ ਹੋਵੇ ਤਾਂ ਸੰਸਥਾ ਵੱਲੋਂ ਅਗਵਾਈ ਕੀਤੀ ਜਾਂਦੀ ਹੈ। ਅਜਿਹੀ ਹਾਲਤ ਵਿੱਚ ਸੰਸਥਾਵਾਂ ਰਾਹੀਂ ਕੌਮ ਨੂੰ ਅਪੀਲ ਕੀਤੀ ਜਾਂਦੀ ਹੈ। ਸੰਸਥਾਵਾਂ ਕਿਉਂਕਿ ਕੌਮੀ ਪ੍ਰੰਪਰਾ ਅਤੇ ਭਾਵਨਾਵਾਂ ਦਾ ਪ੍ਰਤੀਕ ਹੁੰਦੀਆਂ ਹਨ। ਇਸ ਲਈ ਪ੍ਰੰਪਰਾ ਅਤੇ ਭਾਵਨਾਵਾਂ ਦੀ ਪਾਲਣਾ ਲਈ ਕੌਮ ਦਾ ਹਰ ਵਿਅਕਤੀ ਆਪਣੀ ਸੰਸਥਾ ਨਾਲ ਜੁੜਿਆ ਰਹਿੰਦਾ ਹੈ। ਜਦੋਂ ਤੱਕ ਗੁਰੂ ਸਾਹਿਬਾਨ ਦੀ ਲੀਡਰਸ਼ਿਪ ਮੌਜੂਦ ਸੀ, ਕੌਮ ਸਾਹਮਣੇ ਐਸਾ ਕੋਈ ਸੰਕਟ ਨਹੀਂ ਆਇਆ ਸੀ, ਜਿਸ ਨੂੰ ਗੁਰੂ ਸਾਹਿਬਾਨ ਨਜਿੱਠ ਨਾ ਸਕਦੇ ਹੋਣ। ਬੰਦਾ ਸਿੰਘ ਬਹਾਦਰ ਦੀ ਲੀਡਰਸ਼ਿਪ ਵੀ ਕੌਮੀ ਸੰਘਰਸ਼ ਨੂੰ ਸੰਭਾਲਣ ਦੇ ਸਮਰੱਥ ਸੀ। ਇਸ ਲਈ ਬੰਦਾ ਸਿੰਘ ਬਹਾਦਰ ਦੇ ਜੀਵਨ ਕਾਲ ਤੱਕ ਖਾਲਸਾ ਪੰਥ, ਲੀਡਰਸ਼ਿਪ ਦੇ ਸੰਕਟ ਤੋਂ ਬਚਿਆ ਰਿਹਾ। ਪਰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ (1716) ਤੋਂ ਬਾਅਦ ਕੌਮ ਸਾਹਮਣੇ ਬਹੁਤ ਜ਼ਬਰਦਸਤ ਸੰਕਟ ਆਇਆ ਸੀ।

ਲਗਾਤਾਰ 16-17 ਸਾਲਾਂ ਤੱਕ ਨਾ ਹੀ ਖਾਲਸਾ ਪੰਥ ਇਕ ਲੀਡਰਸ਼ਿਪ ਹੇਠ ਹੀ ਸੰਗਠਿਤ ਹੋ ਸਕਿਆ ਸੀ ਅਤੇ ਨਾ ਇਸ ਦੀ ਕੋਈ ਪ੍ਰਭਾਵਸ਼ਾਲੀ ਤਾਕਤ ਹੀ ਕਾਇਮ ਹੋ ਸਕੀ ਸੀ। ਇਸ ਲਈ ਪੰਥ ਇਸ ਸੰਕਟ ਵਿਚੋਂ ਨਿਕਲਣ ਲਈ ਸ੍ਰੀ ਅਕਾਲ ਤਖਤ ਸਾਹਿਬ 'ਤੇ ਕੇਂਦਰਿਤ ਹੋਇਆ। ਇਥੋਂ ਹੀ ਖਾਲਸੇ ਦਾ ਪ੍ਰਭੂਸਤਾ ਦੀ ਪ੍ਰਾਪਤੀ ਲਈ ਸੰਘਰਸ਼ ਸ਼ੁਰੂ ਹੁੰਦਾ ਹੈ। ਇਸ ਸੰਘਰਸ਼ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੀ ਸੰਸਥਾ ਦੇ ਨਾਲ-ਨਾਲ ਜਿਹੜੀਆਂ ਦੋ ਹੋਰ ਸੰਸਥਾਵਾਂ ਕਾਰਜ਼ਸ਼ੀਲ ਹੋਈਆਂ, ਉਹ ਸਨ : ਸਰਬੱਤ ਖਾਲਸਾ ਅਤੇ ਗੁਰਮਤਾ।

ਖਾਲਸਾ ਰਹਿਤ-ਮਰਯਾਦਾ ਅਨੁਸਾਰ ਗ੍ਰੰਥ ਅਤੇ ਪੰਥ ਦੇ ਸੰਯੁਕਤ ਰੂਪ ਵਿਚ ਗੁਰੂ ਦਾ ਵਾਸਾ ਹੁੰਦਾ ਹੈ। ਸਰਬੱਤ ਖਾਲਸਾ ਅਤੇ ਗੁਰਮਤੇ ਦੀਆਂ ਸੰਸਥਾਵਾਂ ਗ੍ਰੰਥ ਅਤੇ ਪੰਥ ਦੇ ਸੰਯੁਕਤ ਸਿਧਾਂਤ ਨੂੰ

ਉਜਾਗਰ ਕਰਦੀਆਂ ਹਨ। ਸਰਬੱਤ ਖਾਲਸਾ, ਖਾਲਸਾ ਭਾਈਚਾਰੇ ਦੀ ਨੁਮਾਇੰਦਾ ਸੰਸਥਾ ਸੀ। ਇਹ ਨੁਮਾਇੰਦਾ ਸੰਸਥਾ ਆਪਣੀ ਸਰਬਸੰਮਤੀ ਨਾਲ ਜੋ ਗੁਰਮਤਾ ਕਰਦੀ ਸੀ, ਉਸ ਨੂੰ ਗੁਰੂ ਦਾ ਫੈਸਲਾ ਮੰਨਿਆ ਜਾਂਦਾ ਸੀ। ਗੁਰਮਤਾ ਗੁਰੂ ਦਾ ਹੀ ਫੈਸਲਾ ਹੁੰਦਾ ਸੀ। ਇਹ ਦੋਵੇਂ ਸੰਸਥਾਵਾਂ ਖਾਲਸਾ ਰਹਿਤ-ਮਰਯਾਦਾ ਦੀ ਦੇਣ ਹਨ। ਸ੍ਰੀ ਅਕਾਲ ਤਖਤ ਕਿਉਂਕਿ ਕੇਂਦਰੀ ਅਸਥਾਨ ਸੀ, ਇਸ ਲਈ ਸਰਬੱਤ ਖਾਲਸੇ ਦੇ ਸਮਾਗਮ ਇਸ ਅਸਥਾਨ ਉਪਰ ਬੁਲਾਏ ਜਾਂਦੇ ਸਨ। ਕੁੱਝ ਇਕ ਸਮਾਗਮ ਹੋਲੇ-ਮਹੱਲੇ ਦੇ ਸਮੇਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਵੀ ਬੁਲਾਏ ਜਾਂਦੇ ਰਹੇ ਹਨ। ਖਾਲਸਾ ਨੇਤਾਵਾਂ ਦੀ ਸਲਾਹ ਅਨੁਸਾਰ ਲੋੜ ਪੈਣ 'ਤੇ ਕਿਸੇ ਹੋਰ ਥਾਂ 'ਤੇ ਵੀ ਸਰਬੱਤ ਖਾਲਸਾ ਸਮਾਗਮ ਬੁਲਾਏ ਜਾ ਸਕਦੇ ਹਨ। ਪਰ ਹਰ ਸਮਾਗਮ ਖਾਲਸਾ ਰਹਿਤ ਮਰਯਾਦਾ ਅਨੁਸਾਰ ਬੁਲਾਉਣਾ ਜਰੂਰੀ ਹੈ।

ਮਰਯਾਦਾ ਇਹ ਹੈ :

ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ, ਪੰਜ ਪਿਆਰਿਆਂ ਦੀ ਅਗਵਾਈ, ਫੈਸਲਾ ਸਰਬ-ਸੰਮਤੀ ਨਾਲ ਅਤੇ ਸਮਾਗਮ ਵਿਚ ਹਰ ਧੜੇ ਦੀ ਨੁਮਾਇੰਦਗੀ। ਅਠਾਰਵੀਂ ਸਦੀ ਦਾ ਸਮੁੱਚਾ ਸਿੱਖ ਸੰਘਰਸ਼ ਅਕਾਲ ਤਖਤ ਸਾਹਿਬ, ਸਰਬੱਤ ਖਾਲਸਾ ਅਤੇ ਗੁਰਮਤਾ ਦੇ ਉਪਰ ਹੀ ਅਧਾਰਤ ਸੀ। ਸਰਬੱਤ ਖਾਲਸੇ ਦੇ ਸਮਾਗਮ ਹਰ ਵਿਸਾਖੀ ਅਤੇ ਦਿਵਾਲੀ ਦੇ ਤਿਉਹਾਰਾਂ ਸਮੇਂ ਬੁਲਾਏ ਜਾਂਦੇ ਸਨ। ਇਸ ਤਰ੍ਹਾਂ ਖਾਲਸਾ ਭਾਈਚਾਰਾ ਸਾਲ ਵਿਚ ਦੋ ਵਾਰ ਸਰਬੱਤ ਖਾਲਸਾ ਸਮਾਗਮ ਬੁਲਾਉਂਦਾ ਸੀ। ਇਨ੍ਹਾਂ ਸਮਾਗਮਾਂ ਵਿੱਚ ਲੋੜ ਅਨੁਸਾਰ ਕੌਮੀ ਪੱਧਰ ਦੇ ਫੈਸਲੇ (ਗੁਰਮਤੇ) ਕੀਤੇ ਜਾਂਦੇ ਸਨ। ਇਸ ਤਰ੍ਹਾਂ ਸਰਬੱਤ ਖਾਲਸਾ ਇਕ ਪਾਰਲੀਮੈਂਟਰੀ ਕਿਸਮ ਦੀ ਸੰਸਥਾ ਬਣ ਗਈ ਸੀ। ਸ੍ਰੀ ਅਕਾਲ ਤਖਤ ਇਕ ਸੁਪਰੀਮ ਕੋਰਟ ਦੀ ਤਰ੍ਹਾਂ ਕੰਮ ਕਰਦਾ ਸੀ ਅਤੇ ਗੁਰਮਤਾ ਸਮੁੱਚੇ ਖਾਲਸਾ ਭਾਈਚਾਰੇ ਲਈ ਕੌਮੀ ਹੁਕਮ ਹੁੰਦਾ ਸੀ। ਇਨ੍ਹਾਂ ਦੇ ਵਿਰੁੱਧ ਕਿਤੇ ਵੀ ਕੋਈ ਅਪੀਲ ਨਹੀਂ ਹੋ ਸਕਦੀ ਸੀ, ਕੋਈ ਵੀ ਇਨ੍ਹਾਂ ਦੀ ਉਲੰਘਣਾ ਨਹੀਂ ਕਰ ਸਕਦਾ ਸੀ ਅਤੇ ਇਹ ਸਾਰੀ ਕਾਰਵਾਈ ਸਿਰਫ ਸਿੱਖ ਭਾਈਚਾਰੇ ਨਾਲ ਹੀ ਸੰਬੰਧਤ ਹੁੰਦੀ ਸੀ ਅਤੇ ਗੁਰਮਤਾ ਸਿਰਫ ਸਿੱਖਾਂ ਉਪਰ ਹੀ ਲਾਗੂ ਹੁੰਦਾ ਸੀ।

ਇਸ ਤਰ੍ਹਾਂ ਪਤਾ ਲੱਗਦਾ ਹੈ ਕਿ ਸਰਬੱਤ ਖਾਲਸੇ ਦਾ ਪਹਿਲਾ ਸਮਾਗਮ ਅੰਦਾਜ਼ਨ 1733-34 ਈ: ਦੇ ਸਮੇਂ ਵਿੱਚ ਪੂਰੀ ਬਾਕਾਇਦਗੀ ਨਾਲ ਹੋਇਆ ਸੀ। ਇਸ ਵਿੱਚ ਨਵਾਬ ਕਪੂਰ ਸਿੰਘ ਨੂੰ ਸਮੁੱਚੇ ਖਾਲਸਾ ਭਾਈਚਾਰੇ ਦਾ ਨੇਤਾ ਚੁਣਿਆ ਗਿਆ ਸੀ। ਖਾਲਸੇ ਦੀਆਂ ਬਾਰਾਂ ਮਿਸਲਾਂ ਵਿਚੋਂ ਸ਼ਹੀਦੀ ਮਿਸਲ ਹੀ ਇਕ ਅਜਿਹੀ ਮਿਸਲ ਸੀ, ਜਿਹੜੀ ਰਾਜਨੀਤਕ ਪ੍ਰਾਪਤੀਆਂ ਦਾ ਰਾਹ ਛੱਡ ਕੇ ਨਿਰੋਲ ਗੁਰਦੁਆਰਿਆਂ ਦੀ ਸਾਂਭ-ਸੰਭਾਲ ਦਾ ਹੀ ਕੰਮ ਕਰਦੀ ਸੀ। ਇਸ ਲਈ ਸਮੁੱਚੇ ਪੰਥ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਵੀ ਸ਼ਹੀਦੀ ਮਿਸਲ ਨੂੰ ਸੰਭਾਲੀ ਹੋਈ ਸੀ। ਸ਼ਹੀਦੀ ਮਿਸਲ ਦੇ ਸਿੰਘ ਅਕਾਲੀ ਅਤੇ ਨਿਹੰਗ ਨਾਵਾਂ ਨਾਲ ਵੀ ਮਸ਼ਹੂਰ ਹੋਏ ਸਨ। ਜਥੇਦਾਰ ਗੁਰਬਖਸ਼ ਸਿੰਘ ਅਤੇ ਅਕਾਲੀ ਫੂਲਾ ਸਿੰਘ ਇਸੇ ਹੀ ਤਰ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਸੇਵਾਦਾਰ ਬਣ ਕੇ ਸਾਹਮਣੇ ਆਏ ਸਨ। ਸ਼ਹੀਦਾਂ ਦੀ ਮਿਸਲ ਦੇ ਮੋਢੀ ਬਾਬਾ ਦੀਪ ਸਿੰਘ ਜੀ ਸਨ। ਉਨ੍ਹਾਂ ਤੋਂ ਬਾਅਦ ਇਸ ਮਿਸਲ ਦੇ ਸਿੰਘ ਅਕਾਲੀ ਅਖਵਾਉਣ ਲੱਗ ਪਏ ਸਨ। ਇਹ ਅਕਾਲੀ ਹੀ ਸਰਬੱਤ ਖਾਲਸਾ ਸਮਾਗਮ ਬੁਲਾਉਂਦੇ ਸਨ। ਸਰਦਾਰ ਜੱਸਾ ਸਿੰਘ ਆਹਲੂਵਾਲੀਆ (1748) ਦੀ ਲੀਡਰਸ਼ਿਪ ਵੀ ਸਰਬੱਤ ਖਾਲਸੇ ਦੁਆਰਾ ਨਿਯੁਕਤ ਕੀਤੀ ਗਈ ਸੀ ਅਤੇ ਅਠਾਰਵੀਂ ਸਦੀ ਦੇ ਅਖੀਰਲੇ ਦਹਾਕੇ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਵੀ ਪੰਥਕ ਨੇਤਾ ਦੇ ਰੂਪ ਵਿੱਚ ਸਰਬੱਤ ਖਾਲਸੇ ਵੱਲੋਂ ਨਿਯੁਕਤ ਕੀਤਾ ਗਿਆ ਸੀ।

ਜਿਵੇਂ ਕਿ ਪਹਿਲਾਂ ਵੀ ਲਿਖਿਆ ਜਾ ਚੁੱਕਿਆ ਹੈ ਕਿ ਸੰਸਥਾਵਾਂ ਸਿਰਫ ਸੰਕਟਕਾਲੀਨ ਸਮੇਂ ਹੀ ਆਪਣਾ ਰੋਲ ਅਦਾ ਕਰਦੀਆਂ ਹਨ ਅਤੇ ਸਾਧਾਰਣ ਹਾਲਾਤ ਅੰਦਰ ਕੌਮ ਦੀ ਲੀਡਰਸ਼ਿਪ ਹੀ ਕੰਮ ਕਰਦੀ ਰਹਿੰਦੀ ਹੈ। ਜਿਉਂ ਜਿਉਂ ਸਿੱਖ ਰਾਜ ਸਥਾਪਤ ਅਤੇ ਮਜ਼ਬੂਤ ਹੁੰਦਾ ਗਿਆ ਸੀ, ਤਿਉਂ ਤਿਉਂ ਕੌਮ ਦਾ ਸੰਕਟ ਖਤਮ ਹੁੰਦਾ ਗਿਆ ਸੀ ਅਤੇ ਇਨ੍ਹਾਂ ਸੰਸਥਾਵਾਂ ਦਾ ਰੋਲ ਵੀ ਆਪਣੇ ਆਪ ਘਟਦਾ ਗਿਆ ਸੀ। ਸ਼ਕਤੀਸ਼ਾਲੀ ਸਿੱਖ ਰਾਜ ਸਥਾਪਤ ਹੋਣ ਕਰਕੇ ਸਿੱਖ ਕੌਮ ਦੇ ਮਸਲੇ ਵਜ਼ੀਰ-ਮੰਡਲੀਆਂ ਵੱਲੋਂ ਹੀ ਨਜਿੱਠੇ ਜਾਣ ਲੱਗ ਪਏ ਸਨ। ਇਹ ਵੀ ਗੱਲ ਧਿਆਨ ਰੱਖਣ ਵਾਲੀ ਹੈ ਕਿ ਸ੍ਰੀ ਅਕਾਲ ਤਖ਼ਤ, ਸਰਬੱਤ ਖਾਲਸਾ ਅਤੇ ਗੁਰਮਤਾ ਸਿਰਫ ਤੇ ਸਿਰਫ ਸਿੱਖਾਂ ਨਾਲ ਹੀ ਸੰਬੰਧਤ ਸਨ ਜਦੋਂ ਕਿ ਸਿੱਖ ਰਾਜ ਸਿੱਖਾਂ ਤੋਂ ਇਲਾਵਾ ਬਾਕੀ ਗੈਰ-ਸਿੱਖਾਂ ਨਾਲ ਵੀ ਸੰਬੰਧਤ ਸੀ।

ਸਿੱਖ ਰਾਜ ਵਿੱਚ ਹਿੰਦੂ ਅਤੇ ਮੁਸਲਮਾਨ ਦੋ ਬਹੁਤ ਵੱਡੀ ਬਹੁਗਿਣਤੀ ਵਾਲੀਆਂ ਗੈਰ-ਸਿੱਖ ਆਬਾਦੀਆਂ ਸਨ। ਉਨ੍ਹਾਂ ਉਪਰ ਸਰਬੱਤ ਖਾਲਸਾ ਦੇ ਗੁਰਮਤੇ ਲਾਗੂ ਨਹੀਂ ਹੋ ਸਕਦੇ ਸਨ। ਸਿੱਖ ਨੇਤਾ ਇਸ ਪੱਖੋਂ ਇਕ ਬਹੁਤ ਹੀ ਤਕੜੀ ਪ੍ਰੰਪਰਾ ਕਾਇਮ ਕਰ ਗਏ ਸਨ। ਜਿਹੜੇ ਸਿੱਖ ਨੇਤਾ ਆਪਣੇ ਸੰਘਰਸ਼ ਦੌਰਾਨ ਆਪਣੀਆਂ ਪੰਥਕ ਸੰਸਥਾਵਾਂ ਤੋਂ ਰਹਿਨੁਮਾਈ ਲੈ ਕੇ ਚਲਦੇ ਸਨ, ਰਾਜ-ਭਾਗ ਪ੍ਰਾਪਤ ਹੋਣ ਪਿੱਛੋਂ ਉਹੀ ਸਿੱਖ ਨੇਤਾਵਾਂ ਨੇ ਇਕ ਵਾਰ ਵੀ ਗੈਰ-ਸਿੱਖ ਆਬਾਦੀਆਂ ਨੂੰ ਜਬਰਦਸਤੀ ਖਾਲਸਾ-ਰਹਿਤ-ਮਰਯਾਦਾ ਦੇ ਅਧੀਨ ਨਹੀਂ ਕੀਤਾ ਹਾਲਾਂਕਿ ਉਹ ਜੇਕਰ ਚਾਹੁੰਦੇ ਤਾਂ ਇਉਂ ਕਰ ਸਕਦੇ ਸਨ।

ਦਿੱਲੀ ਦੇ ਸੁਲਤਾਨ ਅਤੇ ਮੁਗਲ ਬਾਦਸ਼ਾਹ ਗੈਰ-ਮੁਸਲਿਮ ਬਹੁ-ਗਿਣਤੀ ਵਾਲੇ ਹਿੰਦੁਸਤਾਨ ਨੂੰ ਵੀ ਸ਼ਰਾਅ ਦੇ ਹੁਕਮਾਂ ਅਨੁਸਾਰ ਚਲਾਉਂਦੇ ਸਨ, ਜਿਸ ਨਾਲ ਜ਼ਬਰਦਸਤ ਫਿਰਕੂ ਤਣਾਅ ਪੈਦਾ ਹੁੰਦੇ ਸਨ। ਪਰ ਸਿੱਖ ਨੇਤਾਵਾਂ ਨੇ ਕਦੇ ਵੀ ਆਪਣੀ ਗੈਰ-ਸਿੱਖ ਆਬਾਦੀ ਨੂੰ

ਖਾਲਸਾ-ਰਹਿਤ-ਮਰਯਾਦਾ ਦੇ ਅਸੂਲਾਂ ਅਨੁਸਾਰ ਨਹੀਂ ਚਲਾਉਣਾ ਚਾਹਿਆ। ਸਗੋਂ ਉਨ੍ਹਾਂ ਨੇ ਗੈਰ-ਸਿੱਖਾਂ ਨੂੰ ਧਾਰਮਿਕ ਪੂਜਾ-ਪਾਠ ਦੀ ਅਤੇ ਉਨ੍ਹਾਂ ਦੇ ਧਾਰਮਿਕ ਅਧਿਕਾਰਾਂ ਦੀ ਸੁਰੱਖਿਆ ਦੀ ਪੂਰੀ ਖੁੱਲ ਦਿੱਤੀ ਸੀ। ਕਈ ਐਸੇ ਗੁਰਮਤੇ ਵੀ ਕੀਤੇ ਗਏ ਸਨ, ਜਿਨ੍ਹਾਂ ਰਾਹੀਂ ਬ੍ਰਾਹਮਣਾਂ ਦੀ ਅਪੀਲ ਅਨੁਸਾਰ ਕਸੂਰ ਦੇ ਨਵਾਬ ਪਾਸੋਂ ਬ੍ਰਾਹਮਣ ਔਰਤ ਨੂੰ ਛੁਡਵਾਉਣ ਦੇ ਫੈਸਲੇ ਲਏ ਗਏ ਸਨ। ਕੁੱਝ ਇਕ ਵਾਰ ਹਜ਼ਾਰਾਂ ਹਿੰਦੂ ਔਰਤਾਂ ਨੂੰ ਗੁਲਾਮ ਬਣਾ ਕੇ ਲਿਜਾ ਰਹੇ ਅਹਿਮਦ ਸ਼ਾਹ ਅਬਦਾਲੀ ਕੋਲੋਂ ਹਿੰਦੂ ਔਰਤਾਂ ਨੂੰ ਛੁਡਵਾਉਣ ਲਈ ਵੀ ਗੁਰਮਤੇ ਕੀਤੇ ਗਏ ਸਨ।

ਸਿੱਖਾਂ ਦੇ ਇਸੇ ਗੈਰ-ਫਿਰਕੂ ਰਵੱਈਏ ਦੇ ਕਾਰਨ ਹੀ ਪੰਜਾਬ ਦੇ ਮੁਸਲਮਾਨਾਂ ਅਤੇ ਹਿੰਦੂਆਂ ਨੇ ਸਿੱਖ ਨੇਤਾਵਾਂ ਨੂੰ ਰਾਜ ਭਾਗ ਸੰਭਾਲਣ ਤੇ ਮੁਬਾਰਕਾਂ ਦਿੱਤੀਆਂ ਸਨ। 1766-67 ਵਿੱਚ ਲਾਹੌਰ ਦੇ ਮੁਸਲਮਾਨਾਂ ਵੱਲੋਂ ਇਕੱਠਿਆਂ ਹੋ ਕੇ ਸਰਦਾਰ ਲਹਿਣਾ ਸਿੰਘ ਭੰਗੀ ਦੇ ਸੰਬੰਧ ਵਿੱਚ ਅਬਦਾਲੀ ਨੂੰ ਬੇਨਤੀ ਕੀਤੀ ਗਈ ਸੀ ਕਿ ਇਸ ਭੰਗੀ ਸਰਦਾਰ ਨੂੰ ਲਾਹੌਰ ਦੀ ਸੂਬੇਦਾਰੀ ਤੋਂ ਨਾ ਹਟਾਇਆ ਜਾਵੇ। ਮਹਾਰਾਜਾ ਰਣਜੀਤ ਸਿੰਘ ਨੂੰ ਹਿੰਦੂ ਅਤੇ ਮੁਸਲਮਾਨ ਦੋਵੇਂ ਫਿਰਕੇ ਹੀ ਆਪਣਾ ਨੇਤਾ ਸਮਝਦੇ ਸਨ। ਰਾਜਨੀਤਕ ਖੇਤਰ ਵਿੱਚ ਸਿੱਖ ਨੇਤਾਵਾਂ ਦੀ ਇਹ ਇਕ ਬਹੁਤ ਵੱਡੀ ਪ੍ਰਾਪਤੀ ਸੀ।

1849 ਈ: ਵਿੱਚ ਸਿੱਖ ਰਾਜ ਖਤਮ ਹੋ ਗਿਆ ਸੀ। ਕੋਈ ਇਕ ਵਿਸ਼ੇਸ਼ ਪ੍ਰਬੰਧ ਨਾ ਹੋਣ ਕਰਕੇ ਸਿੱਖ ਗੁਰਦੁਆਰੇ ਅਤੇ ਤਖਤ ਸਾਧਾਂ-ਮਹੰਤਾਂ ਦੀ ਜੱਦੀ ਜਾਇਦਾਦ ਬਣ ਗਏ ਸਨ। 1920 ਵਿੱਚ ਗੁਰਦੁਆਰਾ ਸੁਧਾਰ ਲਹਿਰ ਚੱਲੀ। ਇਸ ਲਹਿਰ ਦੇ ਸਿੱਟੇ ਵਜੋਂ ਪੰਜਾਬ ਸਿੱਖ ਗੁਰਦੁਆਰਾ ਐਕਟ 1925 ਬਣਿਆ। ਪੰਜਾਬ ਦੇ ਸਾਰੇ ਇਤਿਹਾਸਕ ਗੁਰਦੁਆਰੇ ਇਸ ਐਕਟ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਵਿੱਚ ਆ ਗਏ ਸਨ। ਸ੍ਰੀ ਅਕਾਲ ਤਖਤ ਵੀ ਇਸੇ ਗੁਰਦੁਆਰਾ ਐਕਟ ਤਹਿਤ ਆ ਗਿਆ ਸੀ। ਸ਼੍ਰੋਮਣੀ ਕਮੇਟੀ ਵੱਲੋਂ ਬਾਕਾਇਦਾ ਰੂਪ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦਾ ਪ੍ਰਬੰਧ ਸੰਭਾਲ ਲਿਆ ਗਿਆ। ਜਥੇਦਾਰ ਦੀ ਨਿਯੁਕਤੀ ਅਤੇ ਬਰਖਾਸਤਗੀ ਦੇ ਸੰਬੰਧ ਵਿੱਚ ਸਮੁੱਚੇ ਅਧਿਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਾਸ ਆ ਗਏ ਸਨ।

ਨਿਰਸੰਦੇਹ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਇਹ ਪ੍ਰਬੰਧ ਬਹੁਤ ਅੱਛਾ ਸਾਬਤ ਹੋਇਆ ਹੈ। ਪਰ ਸ੍ਰੀ ਅਕਾਲ ਤਖਤ ਸਾਹਿਬ ਦੇ ਸਬੰਧ ਵਿੱਚ ਇਸ ਪ੍ਰਬੰਧ ਦੇ ਮੁਤੱਲਕ ਕੁਝ ਸ਼ੰਕੇ ਉਤਪੰਨ ਹੋ ਰਹੇ ਹਨ। ਇਹ ਵੀ ਇਕ ਸੱਚ ਹੈ ਕਿ ਅਜੇ ਤੱਕ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਦੀ ਥਾਂ 'ਤੇ ਦੂਜਾ ਐਸਾ ਕੋਈ ਪ੍ਰਬੰਧ ਸਾਹਮਣੇ ਨਹੀਂ ਆ ਸਕਿਆ, ਜਿਹੜਾ ਸਫਲਤਾ ਸਹਿਤ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਦੀ ਥਾਂ ਲੈ ਸਕਦਾ ਹੋਵੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਗੁਰਦੁਆਰਾ ਐਕਟ ਵਾਲੇ ਪ੍ਰਬੰਧ ਨੇ ਜਥੇਦਾਰ ਦੀ ਸਰਬਉੱਚ ਤੇ ਸਰਬ-ਸਾਂਝੀ ਪਦ-ਪਦਵੀ ਨੂੰ ਕੁੱਝ ਢਾਹ ਜਰੂਰ ਲਗਾਈ ਹੈ ਅਤੇ ਸਰਬੱਤ ਖਾਲਸਾ ਤੇ ਗੁਰਮਤੇ ਜੈਸੀਆਂ ਪੰਥਕ ਸੰਸਥਾਵਾਂ ਨੂੰ ਖਤਮ ਕੀਤਾ ਹੈ। ਪਰ ਇਸ ਦਾ ਮਤਲਬ ਇਹ ਵੀ ਨਹੀਂ ਹੈ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਖਤਮ ਹੋਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਸਿੱਖ ਜਗਤ ਲਈ ਇਕ ਬੇਮਿਸਾਲ ਪ੍ਰਾਪਤੀ ਹੈ। ਕੋਈ ਐਸਾ ਪ੍ਰਬੰਧ ਸਾਹਮਣੇ ਆਉਣਾ ਚਾਹੀਦਾ ਹੈ, ਜਿਹੜਾ ਸ਼੍ਰੋਮਣੀ ਕਮੇਟੀ ਦੇ ਢਾਂਚੇ ਵਿੱਚ ਹੀ ਰਹਿੰਦਾ ਹੋਇਆ ਪੰਥਕ ਪਰੰਪਰਾਵਾਂ ਅਤੇ ਜ਼ਜ਼ਬਾਤਾਂ ਦੀ ਤਰਜਮਾਨੀ ਵੀ ਕਰ ਸਕੇ।

ਸਿੱਟੇ ਦੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਇਕ ਕ੍ਰਾਂਤੀਕਾਰੀ ਲਹਿਰ (ਸਿੱਖ ਲਹਿਰ) ਵੱਲੋਂ ਸਿਰਜੇ ਗਏ ਨਵੇਂ ਸਮਾਜ ਦੇ ਆਤਮ-ਨਿਰਣੈ ਦੇ ਅਧਿਕਾਰਾਂ ਨੂੰ ਪ੍ਰਗਟਾਉਣ ਲਈ ਸਥਾਪਤ ਕੀਤਾ ਗਿਆ ਸੀ। ਇਸ ਨੇ ਨਵ-ਸਿਰਜੇ ਸਿੱਖ ਸਮਾਜ ਨੂੰ ਹਰ ਕਿਸਮ ਦੀ ਸੇਧ ਬਖਸ਼ ਕੇ, ਉਸ ਵਿਚ ਆਤਮ ਵਿਸ਼ਵਾਸ ਅਤੇ ਸੰਘਰਸ਼ ਵਿਚ ਜੂਝਣ ਦੀ ਦ੍ਰਿੜ੍ਹਤਾ ਭਰੀ ਸੀ। ਇਹ ਖਾਲਸਾ ਭਾਈਚਾਰੇ ਦੇ ਸਵੈ-ਪ੍ਰਬੰਧ ਦਾ ਪ੍ਰਤੀਕ ਸੀ। ਜਦੋਂ ਤੱਕ ਖਾਲਸਾ ਪੂਰੀ ਤਨਦੇਹੀ ਨਾਲ ਸ੍ਰੀ ਅਕਾਲ ਤਖਤ ਸਾਹਿਬ ਤੋਂ ਸੇਧ ਲੈਂਦਾ ਰਿਹਾ, ਉਹ ਹਰ ਮੈਦਾਨ ਫਤਹਿ ਪ੍ਰਾਪਤ ਕਰਦਾ ਰਿਹਾ ਸੀ। ਅਠਾਰਵੀਂ ਸਦੀ ਦਾ ਸਮੁੱਚਾ ਸਮਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਇਤਿਹਾਸ ਦਾ ਸੁਨਹਿਰੀ ਸਮਾਂ ਸੀ। ਇਸ ਮਹਾਨ ਸੰਸਥਾ ਨੇ ਖਾਲਸਾ ਪੰਥ ਨੂੰ ਰਾਜ-ਭਾਗ ਦੇ ਮਾਲਕ ਬਣਨ ਦੇ ਸਮਰੱਥ ਬਣਾਇਆ ਸੀ ਅਤੇ ਸਿੱਖ ਸਰਦਾਰਾਂ ਨੇ ਵੀ ਸ੍ਰੀ ਅਕਾਲ ਤਖਤ ਸਾਹਿਬ ਦੀ ਸ਼ਾਨ ਨੂੰ ਚਾਰ-ਚੰਨ ਲਗਾਏ ਸਨ। ਪਰ ਗੁਰਦੁਆਰਾ ਐਕਟ ਰਾਹੀਂ ਸਥਾਪਤ ਹੋਇਆ ਪ੍ਰਬੰਧ ਸ੍ਰੀ ਅਕਾਲ ਤਖਤ ਸਾਹਿਬ ਦੀਆਂ ਪਰੰਪਰਾਵਾਂ ਨਾਲ ਮੇਲ ਨਹੀਂ ਖਾ ਸਕਿਆ।

ਇਹ ਵੱਖਰੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਜਿੱਤ ਕੇ ਬਹੁਗਿਣਤੀ ਸਿੱਖਾਂ ਦੀ ਨੁਮਾਇੰਦਗੀ ਸਾਬਤ ਕਰਦੀ ਆ ਰਹੀ ਹੈ। ਪਰ ਸਿੱਖਾਂ ਵਿੱਚ ਅਸੰਤੋਸ਼ ਜਰੂਰ ਹੈ। ਇਸ ਮਹਾਨ ਸੰਸਥਾ ਦਾ ਪ੍ਰਬੰਧ ਉਸੇ ਤਰ੍ਹਾਂ ਹੀ ਹੋਣਾ ਚਾਹੀਦਾ ਹੈ, ਜਿਸ ਨਾਲ ਇਸ ਦੀ ਮਹਾਨਤਾ ਹੋਰ ਵਧੇ। ਸਰਬੱਤ ਖਾਲਸਾ ਅਤੇ ਗੁਰਮਤੇ ਦੀਆਂ ਸੰਸਥਾਵਾਂ ਨੇ ਇਸ ਸੰਸਥਾ ਦੀ ਮਹਾਨਤਾ ਨੂੰ ਹੋਰ ਵਧਾਇਆ ਸੀ। ਪਰ ਗੁਰਦੁਆਰਾ ਐਕਟ ਨੇ ਇਸ ਦੀ ਮਹਾਨਤਾ ਨੂੰ ਘਟਾਇਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਇਨਕਲਾਬੀ ਲਹਿਰ ਦੀ ਪੈਦਾਇਸ਼ ਸੀ ਅਤੇ ਇਹ ਇਨਕਲਾਬ ਦਾ ਹੀ ਪ੍ਰਤੀਕ ਹੈ। ਇਨਕਲਾਬੀ ਸੰਸਥਾਵਾਂ ਕਿਸੇ ਐਕਟ ਦੇ ਅਧੀਨ ਨਹੀਂ ਰਹਿ ਸਕਦੀਆਂ ਹੁੰਦੀਆਂ। ਇਹ ਪ੍ਰੰਪਰਾਵਾਂ ਅਤੇ ਵਿਚਾਰਧਾਰਾ ਦੀ ਸ਼ਕਤੀ 'ਤੇ ਹੀ ਆਧਾਰਿਤ ਹੁੰਦੀਆਂ ਹਨ।

- ਡਾ. ਸੁਖਦਿਆਲ ਸਿੰਘ
ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ ਪਟਿਆਲਾ

ਸ਼ਹੀਦ ਭਾਈ ਮਨੀ ਸਿੰਘ ਜੀ

ਮੁੱਢਲੀ ਜਾਣਕਾਰੀ :

ਗੁਰੂ ਘਰ ਦੇ ਸੱਚੇ ਉਪਾਸ਼ਕ ਭਾਈ ਮਨੀ ਸਿੰਘ ਸਿੱਖ ਇਤਿਹਾਸ ਦੇ ਉਹ ਅਨੂਠੇ ਸਿਤਾਰੇ ਹਨ ਜੋ ਇਕ ਲਾਸਾਨੀ ਸੂਰਬੀਰ, ਮਹਾਨ ਵਿਦਵਾਨ, ਸੁਲਝੇ ਪ੍ਰਬੰਧਕ, ਸੂਝਵਾਨ, ਅਧਿਆਤਮਿਕ ਪ੍ਰਚਾਰਕ, ਕਥਾ ਵਾਚਕ ਤੇ ਅਦੁੱਤੀ ਸ਼ਹੀਦ ਹੋਏ ਹਨ। ਉਨ੍ਹਾਂ ਦੀ ਸ਼ਹਾਦਤ ਸਿੱਖ ਇਤਿਹਾਸ ਦਾ ਉਹ ਪੰਨਾ ਹੈ, ਜਿਸ ਬਿਨਾਂ ਸਿੱਖ ਇਤਿਹਾਸ ਪੂਰਾ ਨਹੀ ਮੰਨਿਆ ਜਾ ਸਕਦਾ। ਇਨ੍ਹਾਂ ਪ੍ਰਮੁੱਖ ਤੱਤਾਂ ਤੋਂ ਇਲਾਵਾ ਉਨ੍ਹਾਂ ਬਾਰੇ ਹੋਰ ਵੀ ਬਹੁਤ ਕੁੱਝ ਹੈ।

ਭਾਈ ਮਨੀ ਸਿੰਘ ਦਾ ਜਨਮ ਸਥਾਨ ਤੇ ਜਨਮ ਮਿਤੀ ਪ੍ਰਤੀ ਵੱਖ-ਵੱਖ ਇਤਿਹਾਸਕਾਰਾਂ ਦੇ ਵੱਖ-ਵੱਖ ਵਿਚਾਰ ਹਨ।

1.

ਭਾਈ ਕਾਹਨ ਸਿੰਘ ਨਾਭਾ (ਮਹਾਨ ਕੋਸ਼ ਪੰਨਾ 860) ਤੇ ਗਿਆਨੀ ਗਿਆਨ ਸਿੰਘ ਭਾਈ ਮਨੀ ਸਿੰਘ ਦਾ ਜਨਮ ਸਥਾਨ ਸੁਨਾਮ ਜ਼ਿਲ੍ਹੇ ਦੇ ਕੰਬੋਵਾਲ ਪਿੰਡ ਦਾ ਦੱਸਦੇ ਹਨ ਤੇ ਚੌਧਰੀ ਕਾਲੇ ਦੁਲੱਟ ਦਾ ਪੁੱਤਰ, ਜਿਨ੍ਹਾਂ ਨੂੰ ਚੌਧਰੀ ਕਾਲਾ ਪੰਜ ਸਾਲ ਦੀ ਉਮਰੇ ਹੀ ਗੁਰੂ ਤੇਗ ਬਹਾਦਰ ਜੀ ਨੂੰ ਚੜ੍ਹਾ ਆਇਆ ਸੀ।

2.

ਕੁੱਝ ਲਿਖਾਰੀ ਭਾਈ ਸਾਹਿਬ ਨੂੰ ਕੰਬੋ ਵੰਸ਼ ਵਿਚੋਂ ਮੰਨਦੇ ਹਨ ਤੇ ਜਨਮ ਕਾਨੇ ਕਾਛੇ ਦਾ ਮੰਨਦੇ ਹਨ।

ਭੱਟ ਵਹੀਆਂ ਵਿੱਚ ਭਾਈ ਮਨੀ ਸਿੰਘ ਬਾਰੇ ਬੜਾ ਵਿਸਥਾਰ ਤੇ ਸਹੀ ਬਿਆਨ ਪ੍ਰਾਪਤ ਹੁੰਦਾ ਹੈ। ਪਹਿਲਾਂ ਹਵਾਲਾ ਸੰਮਤ 1701 ਬਿ: (1644 ਈਸਵੀ) ਨੂੰ ਭੱਟ ਕੀਰਤ ਦੇ ਪੁਤਰ ਭੱਟ ਬੋਹਥ ਨੇ ਇਸ ਤਰ੍ਹਾਂ ਦਿੱਤਾ ਹੈ :

'ਬਧਾਈ ਲੀ ਮਨੀ ਰਾਮ ਕੀ, ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਕਾ, ਪੜਪੋਤਾ ਮੂਲੇ ਕਾ... ਸੰਬਤ 1701 ਬਰਖੈ ਮਾਹ ਚੇਤਰ ਸੁਦੀ ਦੁਆਦਸੀ ਰਵੀ ਵਾਰ ਸ਼ੁਭ ਵਾਰ ਸ਼ੁਭ ਘੜੀ ਜਨਮ ਹੂਆ, ਕੁਲ ਪ੍ਰੋਹਤ ਬੋਹਥ ਭੱਟ ਕੋ ਮਾਨਾ, ਗੁਰੂ ਕੀ ਕੜਾਹੀ ਕੀ।'

ਇਸ ਤਰ੍ਹਾਂ ਭਾਈ ਸਾਹਿਬ ਦਾ ਜਨਮ ਭਾਰਦ੍ਵਾਜੀ ਪੰਵਾਰ ਗੋਤ ਦੇ ਰਾਜਪੂਤ ਮਾਈ ਦਾਸ ਦੇ ਘਰ 1 ਚੇਤ੍ਰ ਸੁਦੀ ਦੁਆਦਸੀ ਐਤਵਾਰ ਸੰਮਤ 1701 ਬਿ: (10 ਮਾਰਚ 1644 ਈ:) ਨੂੰ ਮਾਤਾ ਮਧਰੀ ਬਾਈ ਦੇ ਉਦਰ ਤੋਂ ਪਿੰਡ ਅਲੀਪੁਰ ਉੱਤਰੀ ਵਿੱਚ ਹੋਇਆ, ਜਿਹੜਾ ਅੱਜਕਲ ਜ਼ਿਲਾ ਮੁਜ਼ੱਫਰ ਗੜ੍ਹ (ਪੱਛਮੀ ਪੰਜਾਬ, ਪਾਕਿਸਤਾਨ) ਵਿੱਚ ਹੈ।

ਸ਼ਹੀਦ ਬਿਲਾਸ ਦੇ ਕਥਨ ਅਨੁਸਾਰ ਭਾ: ਮਨੀ ਸਿੰਘ ਬਘੌਰ ਤੋਂ ਵਾਪਸ ਅੰਮ੍ਰਿਤਸਰ ਆ ਗਏ ਸਨ। ਗੁਰੂ ਸਾਹਿਬ ਦੇ ਦੱਖਣ ਚਲੇ



ਜਾਣ ਦੇ ਉਪਰੰਤ ਸਿੱਖਾਂ ਵਿੱਚ ਕੁੱਝ ਉਦਾਸੀ ਛਾ ਗਈ ਸੀ। ਭਾਈ ਸਾਹਿਬ ਨੇ ਸਿੱਖਾਂ ਵਿੱਚ ਸ਼ਰਧਾ-ਭਾਵ ਕਾਇਮ ਰੱਖਣ ਤੇ ਉਨ੍ਹਾਂ ਦੀ ਉਦਾਸੀ ਨੂੰ ਦੂਰ ਕਰਨ ਦਾ ਇਕ ਢੰਗ ਬਾਬਾਣੀਆਂ ਕਹਾਣੀਆਂ ਕਰਨ ਦਾ ਸੋਚਿਆ। ਭਾਈ ਸੇਵਾ ਸਿੰਘ ਦੱਸਦੇ ਹਨ :

ਦੱਖਨ ਦਿਸ ਸਤਿਗੁਰ ਗਏ ਸੰਗਤ ਭਈ ਉਦਾਸ।
ਧੀਰਜ ਦੇਵੇ ਮਨੀ ਸਿੰਘ ਰੱਚ ਸਾਖੀਆਂ ਖਾਸ।੯੯।

(ਸ਼ਹੀਦ ਬਿਲਾਸ)

ਸੰਮਤ 1771-72 ਬਿ: (1714-15 ਈਸਵੀ) ਵਿੱਚ ਲਹਿੰਦੇ ਦੀਆਂ ਸਿੱਖ ਸੰਗਤਾਂ ਦੇ ਪ੍ਰੇਮ ਨੂੰ ਸਾਹਮਣੇ ਰੱਖ ਕੇ ਭਾਈ ਮਨੀ ਸਿੰਘ ਜ਼ਿਲਾ ਝੰਗ ਦੇ ਪਿੰਡ ਬਾਗਾਂ ਵਾਲੇ ਪਹੁੰਚੇ ਤੇ ਏਥੋਂ ਦੇ ਗੁਰਦੁਆਰੇ ਨਾਨਕਸਰ ਵਿੱਚ ਭਾਈ ਭਗਤ ਸਿੰਘ ਸਿੱਖਾਂ ਆਦਿ ਸ਼ਰਧਾਲੂਆਂ ਦੇ ਕਹਿਣ ਤੇ ਕੁੱਝ ਸਮਾਂ ਠਹਿਰ, ਛੇਵੇਂ ਸਤਿਗੁਰਾਂ ਦੀ ਕਥਾ ਸੁਣਾਈ ਤੇ ਸਮਾਪਤੀ 'ਤੇ ਭਾਈ ਸੋਹਨ ਜੀ ਇਉਂ ਲਿਖਦੇ ਹਨ :

ਐਸੇ ਕਹਿ ਬਹੁ ਧੀਰ ਦੇ ਮਨ ਮੈਂ ਅਨੰਦ ਠਾਨ।
ਮਨੀ ਸਿੰਘ ਤਬ ਹੀ ਕੀਚ ਨਿਜ ਪੁਰ ਓਰ ਪਿਆਨ।੬੩੪।

(ਗੁਰ ਬਿਲਾਸ ਪਾ: 6, ਅਧਿਆਇ 21)

ਭਾਈ ਸੇਵਾ ਸਿੰਘ ਦੇ ਕਥਨ ਅਨੁਸਾਰ ਭਾਈ ਮਨੀ ਸਿੰਘ ਨੂੰ ਸਮੇਤ ਮੁਖੀ ਸਿੱਖਾਂ ਦੇ, ਪਕੜ ਕੇ ਲਾਹੌਰ ਲਿਆਂਦਾ ਗਿਆ ਤੇ ਬੰਦੀ ਖਾਨੇ ਵਿੱਚ ਬੰਦ ਕਰ ਦਿੱਤਾ। ਇਸ ਵੇਲੇ ਭਾਈ ਸਾਹਿਬ ਦੀ ਉਮਰ 90 ਵਰ੍ਹਿਆਂ ਦੀ ਸੀ। ਸ਼ਹੀਦ ਬਿਲਾਸ ਵਿੱਚ ਭਾਈ ਮਨੀ ਸਿੰਘ ਦੀ ਸ਼ਹੀਦੀ ਸੁਦੀ ਪੰਚਮੀ ਸੰਮਤ 1791 ਬਿ: (24 ਜੂਨ 1734 ਈ:) ਨੂੰ ਹੋਈ ਦੱਸੀ ਹੈ।

ਰਦਉਤ ਜਲਹਾਨਾ ਬੀਰ ਮਨੀ ਸਿੰਘ,
ਚਉਂ ਕੁੰਟੀ ਜਸ ਤਉ ਕਾ ਪਰਿਆ।
ਗੁਰੂ ਰਾਮ ਦਾਸ ਦਰ ਕਾ ਹੋਇ ਸੇਵਕ,
ਸਿੰਘ ਨਾਮ ਤਉ ਉਜਲ ਕਰਿਆ।
ਸਿਖੀ ਮੇਂ ਸੂਰਾ, ਭਗਤੀ ਮੇਂ ਪੂਰਾ,
ਗਿਆਨ ਖੜਗ ਲੈ ਸਾਮੇਂ ਲਰਿਆ।
ਫਤੇ ਵਾਹਿਗੁਰੂ ਮੁਖ ਥੀ ਨਿਕਸੀ,
ਬੰਦ ਬੰਦ ਕੱਟ ਪੋਸ਼ ਉਖਰਿਆ।
ਦਿਆਲ ਦਾਸ ਸਮ ਕੀਆ ਤਉ ਸਾਕਾ,
ਬਿਰਖ ਬੰਸ ਜੱਲੇ ਕਾ ਹਰਿਆ।
ਸਾਤ ਸਪੂਤ ਤੁੱਨੇ ਰਲੇ ਏਕ,
ਏਕ ਲਰ ਸਾਮ੍ਹੇ ਮਰਿਆ।
ਜੈ ਜੈ ਕਾਰ ਭਯੋ ਜਗ ਤਉ ਕਾ,
ਧਰਮ ਹੇਤ ਦੁਖ ਦੇਹ ਤੇ ਜਰਿਆ।
ਰਾਨਾ ਰੰਗ ਸਮ ਕੋਈ ਨਹਿ ਤਉ ਕੇ,
ਦਾਨ ਦੇਹ ਮੂੰਡ ਭਟੋਂ ਕਾ ਭਰਿਆ।
ਸਤ੍ਰਾਂ ਸੈ ਇਕਾਵਨ ਭਯੋ ਸਾਕਾ,
ਅਸਾਢ ਬਾਨਮੇਂ ਜਸ ਉਚਰਿਆ।
ਥਾਲ ਮੁਹਰੇ ਕਾ ਭਾਗੁ ਸਿੰਘ ਲਿਆ ਧਰਿਆ।
ਬੇਲ ਬਧੈ ਤਉ ਬੀਰ ਸਗਰਾਮ ਸਿੰਘ ਕੀ,
ਭਟ ਗਾਵੈ ਦਰ ਤਉ ਤੇ ਖਰਿਆ।।

(ਭੱਟ ਵਹੀ ਮੁਲਤਾਨੀ, ਸਿੰਧੀ)

ਭਾਈ ਮਨੀ ਸਿੰਘ ਜੀ ਦੀ ਕੇਵਲ ਆਪਣੀ ਹੀ ਕੁਰਬਾਨੀ ਨਹੀ, ਇਨ੍ਹਾਂ ਦਾ ਤਕਰੀਬਨ ਸਾਰਾ ਹੀ ਪਰਿਵਾਰ ਇਨ੍ਹਾਂ ਦੀ ਆਪਣੀ ਜ਼ਿੰਦਗੀ ਵਿਚ ਹੀ ਗੁਰੂ ਲੇਖੇ ਲੱਗ ਗਿਆ ਸੀ। ਇਨ੍ਹਾਂ ਦੇ ਬਾਕੀ ਭਰਾਵਾਂ, ਪੁੱਤ੍ਰਾਂ ਤੇ ਪੋਤ੍ਰਿਆਂ ਦੀ ਸ਼ਹੀਦੀ 'ਤੇ ਜੇ ਸਰਸਰੀ ਨਿਗਾਹ ਮਾਰੀ ਜਾਵੇ ਤਾਂ ਉਸ ਸਮੇਂ ਦੇ ਇਤਿਹਾਸ ਵਿੱਚੋਂ ਇਨ੍ਹਾਂ ਦੇ ਨਾਲ ਦੀ ਮਿਸਾਲ ਬਹੁਤ ਘੱਟ ਮਿਲੇਗੀ। ਇਸ ਤਰ੍ਹਾਂ ਇਹ ਸ਼ਹੀਦੀ ਸਾਕਾ ਇਨ੍ਹਾਂ ਦੇ ਪਰਿਵਾਰ ਵਿੱਚੋਂ ਜੋ ਸ਼ੁਰੂ ਹੋਇਆ ਅਤੇ ਇਸ ਦੀ ਸਮਾਪਤੀ 1791 ਬਿ: (1734 ਈਸਵੀ) ਨੂੰ ਹੋਈ। ਭਾਈ ਸਾਹਿਬ ਨੂੰ ਨਖਾਸ ਚੌਂਕ ਵਿੱਚ (ਜੋ ਲਾਹੌਰ ਲੰਡੇ ਬਾਜ਼ਾਰ ਵਿੱਚ ਹੈ) ਸ਼ਹੀਦ ਕੀਤਾ ਗਿਆ ਸੀ। ਉਸ ਅਸਥਾਨ ਦਾ ਨਾਮ ਗੁਰਦੁਆਰਾ ਸ਼ਹੀਦ ਗੰਜ ਹੈ। ਇਸ ਦੇ ਅਹਾਤੇ ਵਿੱਚ ਇੱਕ ਖੂਹ ਹੈ, ਜਿਸ ਨੂੰ ਸ਼ਹੀਦੀ ਖੂਹ ਆਖਿਆ ਜਾਂਦਾ ਹੈ।

ਭਾਈ ਮਨੀ ਸਿੰਘ ਜੀ ਸ਼ਹੀਦ ਦਾ ਸਸਕਾਰ ਭਾਈ ਸੁਬੇਗ ਸਿੰਘ ਆਦਿ ਲਾਹੌਰੀ ਸਿੱਖਾਂ ਨੇ ਮਸਤੀ ਦਰਵਾਜ਼ਿਉ ਬਾਹਰ ਸ਼ਾਹੀ ਕਿਲੇ ਦੇ ਨਜ਼ਦੀਕ ਲਿਜਾ ਕੇ ਕੀਤਾ, ਜਿੱਥੇ ਗੁਰਦੁਆਰਾ ਸ਼ਹੀਦ ਗੰਜ ਦੂਸਰਾ ਬਣਿਆ ਹੋਇਆ ਹੈ।

ਇਸ ਤਰ੍ਹਾਂ ਭਾਈ ਸਾਹਿਬ ਦਾ ਆਪਣਾ ਸਮੁੱਚਾ ਜੀਵਨ ਇੱਕ ਅਦੁੱਤੀ ਤੇ ਅਮੋਲਕ ਹੈ। ਇਨ੍ਹਾਂ ਦਾ ਜੀਵਨ-ਚਰਿਤ੍ਰ ਪੜ੍ਹਨ ਤੋਂ ਇਨ੍ਹਾਂ ਦੀ ਅਨੇਕ-ਪੱਖੀ ਸ਼ਖਸੀਅਤ ਦੇ ਦਰਸ਼ਨ ਹੁੰਦੇ ਹਨ।

ਗੁਰੂ ਘਰ ਨਾਲ ਪਿਆਰ ਅਤੇ ਅਧਿਆਤਮਿਕਤਾ :

ਭਾਈ ਮਨੀ ਸਿੰਘ ਦਾ ਗੁਰੂ ਘਰ ਨਾਲ ਸਿੱਧਾ ਸਬੰਧ ਸੰਮਤ 1714 ਬਿ: (1657 ਈ:) ਵਿੱਚ ਪਿਆ। ਇਸ ਵੇਲੇ ਇਨ੍ਹਾਂ ਦੀ ਉਮਰ 13 ਸਾਲ ਦੀ ਸੀ, ਇਹ ਆਪਣੇ ਪਿਤਾ ਦੇ ਨਾਲ ਕੀਰਤ ਪੁਰ ਵਿੱਚ ਗੁਰੂ ਹਰਿ ਰਾਇ ਸਾਹਿਬ ਦੇ ਦਰਸ਼ਨ ਲਈ ਆਏ। ਪੰਦਰਾਂ ਸਾਲਾਂ ਦੀ ਉਮਰ ਵਿੱਚ ਹਾੜ੍ਹ ਸੁਦੀ ਪੂਰਨਮਾਸ਼ੀ ਨੂੰ ਪਿੰਡ ਖੈਰਪੁਰ ਸਦਾਤ (ਜ਼ਿਲਾ ਮੁਜ਼ੱਫਰ ਗੜ੍ਹ) ਵਿੱਚ ਜਾਦੋ ਬੰਸੀ ਬੜ੍ਹਤੀਏ ਕਨਾਵਤਾਂ ਦੇ ਘਰ ਭਾਈ ਲਖੀ ਰਾਇ ਦੀ ਸਪੁਤ੍ਰੀ ਸੀਤੋ ਬਾਈ ਨਾਲ ਸ਼ਾਦੀ ਹੋਈ।

ਭਾਈ ਮਨੀ ਸਿੰਘ ਦੀ ਅਹਿਮੀਅਤ ਦਾ ਏਥੋਂ ਹੀ ਪਤਾ ਲੱਗਦਾ ਹੈ ਕਿ ਸੱਤਵੇਂ ਪਾਤਿਸ਼ਾਹ ਦੇ ਜੋਤੀ ਜੋਤ ਸਮਾ ਜਾਣ ਤੋਂ ਬਾਅਦ ਆਪ ਅੱਠਵੇਂ ਸਤਿਗੁਰਾਂ ਦੀ ਹਜ਼ੂਰੀ ਵਿੱਚ ਰਹੇ। ਭਾਈ ਸੇਵਾ ਸਿੰਘ ਦੇ ਕਥਨ

ਅਨੁਸਾਰ ਗੁਰੂ ਹਰਿਕ੍ਰਿਸ਼ਨ ਸਾਹਿਬ ਨਾਲ ਦਿੱਲੀ ਜਾਣ ਵਾਲੇ ਸਿੱਖਾਂ ਵਿੱਚ ਵੀ ਆਪ ਸ਼ਾਮਲ ਸਨ।

ਗੁਰੂ ਹਰਿਕ੍ਰਿਸ਼ਨ ਸਾਹਿਬ 3 ਵੈਸਾਖ ਚੇਤ੍ਰ ਸੁਦੀ 14 ਸੰਮਤ 1721 ਬਿ: (30 ਮਾਰਚ 1664 ਈ:) ਨੂੰ ਦਿੱਲੀ ਵਿੱਚ ਜੋਤੀ ਜੋਤ ਸਮਾਏ। ਸੋ ਇਹ ਸਤਿਗੁਰਾਂ ਦੀ ਮਾਤਾ ਜੀ ਨਾਲ ਨੌਵੇਂ ਸਤਿਗੁਰਾਂ ਦੀ ਸੇਵਾ ਵਿਚ ਬਕਾਲੇ ਪਿੰਡ ਵਿਚ ਆ ਹਾਜ਼ਰ ਹੋਏ। ਇਸ ਵਕਤ ਇਨ੍ਹਾਂ ਦੀ ਉਮਰ 20 ਸਾਲਾਂ ਦੀ ਸੀ।

ਸੰਮਤ 1732 ਬਿ: (1675 ਈ:) ਨੂੰ ਦਿੱਲੀ ਵਿਚ ਗੁਰੂ ਤੇਗ ਬਹਾਦਰ ਜੀ ਸ਼ਹੀਦ ਹੋ ਗਏ। ਉਸ ਸਮੇਂ ਭਾਈ ਮਨੀ ਸਿੰਘ ਜੀ, ਸ੍ਰੀ ਦਸਮੇਸ਼ ਜੀ ਦੀ ਹਜ਼ੂਰੀ ਸੇਵਾ ਵਿੱਚ ਤਤਪਰ ਸਨ। ਸੰਮਤ 1755 ਬਿ: (1698 ਈ:) ਨੂੰ ਪ੍ਰੇਮ ਸੁਮਾਰਗ ਗ੍ਰੰਥ ਦੇ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸੰਗਤਾਂ ਦੇ ਨਾਮ ਹੁਕਮਨਾਮੇ ਜਾਰੀ ਕੀਤੇ ਅਤੇ ਚੜ੍ਹਦੇ ਸਾਲ ਦੀ ਵੈਸਾਖੀ ਨੂੰ ਦੂਰੋਂ ਨੇੜਿਓ ਸੰਗਤਾਂ ਹੁੰਮ ਹੁੰਮਾ ਕੇ ਪਹੁੰਚੀਆਂ। ਇਸੇ ਦਿਨ ਭਾਈ ਸੰਤੋਖ ਸਿੰਘ ਜੀ ਦੇ ਕਥਨ ਅਨੁਸਾਰ ਭਾਈ ਮਨੀ ਸਿੰਘ ਜੀ ਨੇ ਆਪਣੇ ਪੰਜ ਪੁੱਤਰ ਸਤਿਗੁਰੂ ਦੀ ਭੇਟ ਕੀਤੇ ਸਨ ਅਤੇ ਆਪ ਹਮੇਸ਼ਾਂ ਗੁਰੂ ਹਜ਼ੂਰੀ ਵਿੱਚ ਰਹਿਣ ਦਾ ਮਨ ਬਣਾ ਲਿਆ, ਜਿਵੇਂ ਕਿ ਲਿਖਿਆ ਹੈ :

ਪੁਰ ਮੁਲਤਾਨ ਅਲੀਪੁਰ ਨੇਰੇ।
ਮਾਈ ਦਾਸ ਰਾਜਪੂਤ ਬਸੇਰੇ।25।
ਤਿਸ ਕੇ ਮਨੀ ਰਾਮ ਸੁਤ ਹੋਯੋ।
ਆਇ ਤਹਾਂ ਗੁਰ ਦਰਸ਼ਨ ਜੋਯੋ।
ਪਾਂਚ ਪੁਤ੍ਰ ਲੈ ਆਪਨੇ ਸਾਥ।
ਸ਼ਰਨੀ ਪਰਯੋ ਰਹਿਯੋ ਗੁਰ ਨਾਥ।26।
ਸੋ ਪੰਚਹੁ ਭਰਾਤਾ ਕਰ ਖਰੇ।
ਸਿੰਘ ਨਾਮ ਗੁਰ ਤਿਨ ਕੇ ਧਰੇ।
ਬਡੋ ਬਚਿਤ੍ਰ ਭੱਟ ਭਯੋ।
ਉਦੇ ਸਿੰਘ ਦੁਸਰ ਬਿਦਤਯੋ।27।
ਅਨਿਕ ਸਿੰਘ ਅਰ ਅਜਬ ਸਿੰਘ ਪੁਨ।
ਪੰਚਮ ਭਯੋ ਅਜਾਇਬ ਸਿੰਘ ਗੁਨ।
ਅੰਮ੍ਰਿਤ ਖੰਡੇ ਕੋ ਤਿਨ ਦੀਨਾ।
ਮਾਨਹੁ ਪੰਚ ਪਾਂਡਵ ਬਲ ਪੀਨਾ।28।
ਰਨ ਮਹਿ ਕਰੇ ਕਰਮ ਜਿਨ ਭੀਖਨ।
ਰਿਪੂ ਮਾਰੇ ਜਿਨ ਸ਼ਸਤ੍ਰ ਤੀਖਨ।..

(ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤ 3, ਅੰਸ਼ੂ 20)

ਭਾਈ ਮਨੀ ਸਿੰਘ ਸਿੱਖ-ਸੰਗਤਾਂ ਨੂੰ ਨਾਲ ਲੈ ਕੇ ਕਈ ਵਾਰ ਗੁਰੂ ਮਹਾਰਾਜ ਦੇ ਦਰਸ਼ਨਾਂ ਨੂੰ ਸ੍ਰੀ ਅਨੰਦਪੁਰ ਆਏ। ਇਸੇ ਸਾਲ ਦੱਖਣ ਪਿਆਨੇ ਤੋਂ 10 ਦਿਨ ਪਹਿਲੋਂ ਗੁਰੂ ਸਾਹਿਬ ਨੇ ਲੱਖੀ ਜੰਗਲ ਦੇ ਪਿੰਡ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਤੋਂ ਕਸਾਈਆ ਦੇ ਵਿੰਗ ਦਾ ਹਵਾਲਾ ਦੇ ਕੇ ਸਿੱਖ-ਸੰਗਤਾਂ ਦੇ ਨਾਮ ਸੱਦ ਕੀਤੀ ਤਾਂ ਭਾਈ ਮਨੀ ਸਿੰਘ ਜੀ ਸੰਗਤ ਸਮੇਤ ਸ੍ਰੀ ਅੰਮ੍ਰਿਤਸਰ ਤੋਂ ਗੁਰ-ਚਰਨਾਂ ਵਿੱਚ ਹਾਜ਼ਰ ਹੋਏ।

ਭਾਈ ਰੂਪੇ ਤੋਂ ਭਾਈ ਧਰਮ ਸਿੰਘ ਆਇਆ। ਅੰਮ੍ਰਿਤਸਰ ਤੋਂ ਮਨੀ ਸਿੰਘ ਜੀ ਆਏ ਸੰਗਤ ਕੋ ਸਾਥ ਲੈ ਕੇ। ਆਪਣੀ ਆਪਣੀ ਭੇਟਾ ਰਖੀ ਸਰਬਤ੍ਰ ਨੇ। ਦਰਬਾਰੀ ਘਰਬਾਰੀ ਦੀਵਾਨ ਸੇ ਗੁਰੂ ਜੀ ਕੇ, ਓਨ੍ਹਾਂ ਬੇਨਤੀ ਕੀਤੀ, ਜੀ ਪਾਤਿਸ਼ਾਹ। ਸਭ ਸਿੱਖ ਕੋਈ ਚਲਿਆ ਆਂਵਦਾ ਹੈ। ਦੱਖਣ ਭਟ ਪਈ ਕਾ ਕੀ ਨਾਉ ਲੈਂਦੇ ਹਉ।

ਗੁਰੂ ਜੀ ਬਚਨ ਕੀਤੇ, ਨਾ ਵੇ। ਸਾਡਾ ਕੰਮ ਹੀ ਹੈ, ਅਸਾਂ ਨੂੰ ਜਰੂਰ ਜਾਣਾ ਹੀ ਹੈ...। ਭਾਈ ਗੁਰਬਖਸ ਸਿੰਘ, ਭਾਈ ਮਨੀ ਸਿੰਘ, ਭਾਈ ਧਰਮ ਸਿੰਘ, ਦਾਨ ਸਿੰਘ ਕਾ ਬੇਟਾ ਗੁਰਬਖਸ਼ ਸਿੰਘ, ਭਾਈ ਸੰਤੋਖ ਸਿੰਘ-ਏ ਪੰਜੇ ਨਾਮਦਾਰ ਗੁਰੂ ਜੀ ਕੇ ਸਾਥ ਹੀ ਚੜ੍ਹੇ ਚਰਨ ਕਮਲੋਂ ਕੇ... ਕਤਿਕ ਸੁਦੀ ਤਿਥਿ ਪੰਚਮੀ.. ਸਵਾ ਪਹਿਰ ਦਿਨ ਚੜੇ ਕੂਚ ਕੀਆ ਦਖਣ ਕਉ।105।

(ਸਾਧੂ ਦਿਆਲ ਦਾਸ ਕ੍ਰਿਤ ਦੌਰੇ ਦੀ ਸਾਖੀ ਪੋਥੀ)

ਭਾਈ ਸਾਹਿਬ ਦੀ ਨੇੜਤਾ ਸਤਵੇਂ, ਅਠਵੇਂ, ਨੌਵੇਂ ਤੇ ਦਸਵੇਂ ਗੁਰੂ ਸਾਹਿਬ ਨਾਲ ਤਾਂ ਸੀ ਹੀ, ਆਪ ਗੁਰੂ ਜੀ ਦੇ ਦੋਨੋਂ ਮਹਿਲ ਮਾਤਾ ਸਾਹਿਬ ਕੌਰ ਤੇ ਮਾਤਾ ਸੁੰਦਰੀ ਜੀ ਨਾਲ ਵੀ ਲਗਾਤਾਰ ਸੰਪਰਕ ਵਿੱਚ ਰਹੇ। ਅਨੰਦਪੁਰ ਸਾਹਿਬ ਛੱਡਣ ਪਿਛੋਂ ਦੋਨੋਂ ਮਾਤਾਵਾਂ ਨੂੰ ਦਿੱਲੀ ਪਹੁੰਚਾਉਣ ਵਾਲੇ ਵੀ ਭਾਈ ਮਨੀ ਸਿੰਘ ਸਨ। ਇਸ ਤਰ੍ਹਾਂ ਭਾਈ ਸਾਹਿਬ ਦਾ ਗੁਰੂ ਘਰ ਨਾਲ ਨਾਤਾ ਅਟੁੱਟ ਸੀ।

ਲਾਸਾਨੀ ਸੂਰਬੀਰ :

18 ਅੱਸੂ ਸੁਦੀ ਚੌਥ ਸੰਮਤ 1745 ਬਿ: (18 ਸਤੰਬਰ 1688 ਈਸਵੀ) ਨੂੰ ਭੰਗਣੀ ਦੀ ਜੰਗ ਤੋਂ ਪਿੱਛੋਂ 22 ਚੇਤ੍ਰ ਸੰਮਤ 1748 ਬਿ: (20 ਮਾਰਚ 1691ਈਸਵੀ) ਨੂੰ ਨਦਾਉਣ ਦੀ ਜੰਗ ਹੋਈ। ਭਾਈ ਸੇਵਾ ਸਿੰਘ ਦੇ ਕਥਨ ਅਨੁਸਾਰ ਭਾਈ ਸਾਹਿਬ ਇਨ੍ਹਾਂ ਦੋਹਾਂ ਲੜਾਈਆਂ ਵਿੱਚ ਸ਼ਾਮਲ ਹੋ ਕੇ ਲੜੇ। ਇਸ ਦੀ ਪੁਸ਼ਟੀ ਭਾਈ ਬੋਹਥ ਦੇ ਪੁਤ੍ਰ ਭੱਟ ਦੇਸੂ ਨੇ ਇੱਕ ਦੋਹੇ ਵਿੱਚ, ਜੋ ਉਸ ਨੇ ਅਨੰਦਪੁਰ ਵਿਖੇ ਭਾਈ ਮਨੀ ਸਿੰਘ ਜੀ ਦੇ ਸਪੁੱਤਰਾਂ-ਭਾਈ ਬਚਿਤ੍ਰ ਸਿੰਘ, ਉਦੇ ਸਿੰਘ ਦੇ ਵਿਆਹ ਦੀ ਵਧਾਈ ਸਮੇਂ 4 ਚੇਤ੍ਰ ਵਦੀ ਏਕਮ ਸੰਮਤ 1750 ਬਿ: (2 ਮਾਰਚ 1693 ਈ:) ਨੂੰ ਕਿਹਾ ਸੀ, ਇੰਜ ਦੱਸਿਆ :

ਸਿਮਰ ਭੱਟ ਤਉ ਸਤਿਗੁਰ ਅਪਨਾ,
ਗਿਆਨ ਬਤਾਵੈ ਸੱਚਾ।
ਦਿੱਲੀ ਲਗ ਧਾਂਕ ਸੁਨੀ ਤੇਰੀ ਬੱਲੂ,

ਤਉ ਜਾਨੇ ਸ਼ਾਹ ਚੁਗੱਤਾ।
ਸੁਪੁਤ ਪੋਤਾ ਤਉ ਗਾਉਂ ਮਨੀ ਰਾਮ,
ਰੋਸ਼ਨ ਬੰਸ ਜੱਲੇ ਦਾ ਕਿੱਤਾ।
ਪੈਲ੍ਹਾਂ ਹੇਠ ਭੰਗਾਨੀ ਮਾਰੀ,
ਰਾਨਾ ਘਾਲ ਕੀਆ ਰਲ ਜਿੱਤਾ।
ਸਾਕਾ ਕੀਆ ਨਦਾਵਨ ਤੈਂ ਨੇ,
ਘਾਲਿਆ ਰਾਨਾ ਬੀਚ ਪਰਬੱਤਾ।
ਘੋੜੇ ਬੀਸ ਪਚਾਸ ਗਿਣਤੀ ਕੇ ਆਏ,
ਪੈਦਲ ਆਏ ਬਹੁ ਰਜਪੁੱਤਾ।
ਧਨ ਧਨ ਮਾਤਾ ਮਧਰੀ ਬਾਈ,
ਤਉ ਜਾਇਆ ਮਨੀ ਰਾਮ ਪੂਤ ਸੁਪੱਤਾ।
ਸੁਪੁਤ ਬੇਟਾ ਤਉ ਗਾਉਂ ਦਿਆਲ ਦਾਸ,
ਜੀਤੇ ਜੀ ਦੇਗੇ ਉਬਲਿੱਤਾ।
ਜਸ ਜੋੜ ਦੇਸੁ ਭੱਟ ਭਣਿਆ,
ਅਨੰਦਪੁਰ ਕੇ ਮਲਹਾਨ ਰੁਪਉਂ
ਸੇ ਮੂੰਡ ਭੱਟੋਂ ਕਾ ਭਰ ਦਿੱਤਾ।
ਕੀ ਬਧਾਈ ਬੇਟੇ ਚਿਤ੍ਰ
ਬਚਿਤ੍ਰ ਉਦੇ ਬਿਆਹਿ ਕੀ,
ਸਾਲ ਸਤ੍ਰਾਂ ਸੈ ਪਚਾਸ ਸੀ-ਬਿਤਾ।
ਮੈਂਹਗੇ ਮੋਲ ਕਰਹੈ ਹੈ ਦੀਹੇ,
ਮੁਰਕੀ ਬੱਚ ਕੰਨੀ ਔ ਬਾਲਿਤਾ।1।।

(ਭੱਟ ਵਹੀ ਮੁਲਤਾਨੀ-ਸਿੰਧੀ)

ਆਪਣੀ ਸ਼ਸਤ੍ਰ-ਕੁਸ਼ਲਤਾ ਕਰ ਕੇ ਭਾਈ ਮਨੀ ਸਿੰਘ ਨੂੰ ਸਮਕਾਲੀਆਂ ਵਿੱਚ ਇਕ ਪ੍ਰਮੁੱਖ ਜੋਧਾ ਮੰਨਿਆ ਜਾਂਦਾ ਸੀ। ਅੱਸੂ ਦੀ ਪਹਿਲੀ ਸੰਮਤ 1757 ਬਿ: (1 ਸਤੰਬਰ, 1700 ਈਸਵੀ) ਨੂੰ ਹਾਥੀ ਨਾਲ ਲੜਾਈ ਵਾਲੀ ਜੰਗ ਵਿੱਚ, ਜਿੱਥੇ ਇਸ ਦੇ ਦੋਹਾਂ ਪੁੱਤ੍ਰਾਂ-ਭਾਈ ਬਚਿਤ੍ਰ ਸਿੰਘ ਤੇ ਉਦੇ ਸਿੰਘ ਨੂੰ ਗੁਰੂ ਸਾਹਿਬ ਨੇ ਥਾਪੜਾ ਦੇ ਕੇ ਮੈਦਾਨੇ ਜੰਗ ਵਿੱਚ ਮੁਕਾਬਲੇ 'ਤੇ ਭੇਜਿਆ ਸੀ, ਉਥੇ ਇਨ੍ਹਾਂ ਨੂੰ ਵੀ ਸੱਦ ਕੇ ਤੋਰਿਆ, ਜਿਵੇਂ ਕਿ ਲਿਖਿਆ ਹੈ :

ਲੋਹ ਗਢੇ ਬਰ ਬੀਰ ਮਨੀ ਸਿੰਘ
ਮੱਦ੍ਰਜ ਏ ਭੱਟ ਤੀਰ ਬੁਲਾਯੋ।
ਢਾਲ ਕ੍ਰਿਪਾਨ ਬੰਦੂਕ ਕਮਾਨ,
ਦਏ ਸਭ ਆਯੁਧ ਮਾਨ ਬਢਾਯੋ।56।

(ਵੀਰ ਸਿੰਘ ਬਲ ਕ੍ਰਿਤ ਸਿੰਘ ਸਾਗਰ, ਧਿਆਇ।।)

ਅੰਮ੍ਰਿਤ ਦੀ ਪਹਿਲੀ ਰਸਮ ਅਦਾ ਹੋਣ ਦੇ ਬਾਅਦ ਕਵੀ ਸੈਨਾਪਤਿ ਦੇ ਕਥਨ ਅਨੁਸਾਰ ਇਹ ਅਨੰਦਪੁਰ ਦੀ ਪਹਿਲੀ ਜੰਗ ਸੀ, ਜਿਸ ਵਿੱਚ ਇਹ ਤਿੰਨੇ ਪਿਉ-ਪੁੱਤ੍ਰ ਸ਼ਾਮਲ ਹੋਏ ਸਨ। ਰਾਜਾ ਅਜਮੇਰ ਚੰਦ ਤੇ ਉਸ ਦੇ ਸਾਥੀਆਂ ਦੀਆਂ ਸਹੁੰਆਂ, ਸੁਗੰਧਾਂ 'ਤੇ ਕਿ ਅਸੀਂ ਹੁਣ ਘਰ ਜਾਣ ਜੋਗੇ ਹੋ ਜਾਈਏ, ਇਕ ਵਾਰੀ ਕਿਲ੍ਹਾ ਅਨੰਦਗੜ੍ਹ ਨੂੰ ਖਾਲੀ ਕਰ ਦਿਓ, ਫਿਰ ਭਾਵੇਂ ਕਦੋਂ ਆ ਜਾਵੋ। ਸਤਿਗੁਰਾਂ ਉਨ੍ਹਾਂ ਦੀ ਅਧੀਨਗੀ ਨੂੰ ਵੇਖ ਕੇ, ਭਾਈ ਮਨੀ ਸਿੰਘ ਆਦਿ ਜੋਧਿਆਂ ਸਮੇਤ ਕੀਰਤਪੁਰ ਲੰਘ ਕੇ ਸਿਰਮੋਹ ਗੜ੍ਹ ਦੇ ਟਿੱਲੇ 'ਤੇ ਆ ਕੇ ਡੇਰਾ ਲਗਾ ਦਿੱਤਾ।

ਭਾਈ ਸਾਹਿਬ ਦੇ ਤਕਰੀਬਨ ਸਾਰੇ ਹੀ ਪੁੱਤ੍ਰ ਇਸ ਧਰਮ-ਯੁੱਧ ਵਿੱਚ ਅਗਲੀ ਕਤਾਰ ਵਿੱਚ ਹੋ ਕੇ ਲੜੇ। ਇਸ ਦੀ ਪ੍ਰੋੜ੍ਹਤਾ ਭਾਈ ਸੰਤੋਖ ਸਿੰਘ ਜੀ ਵੀ ਕਰਦੇ ਹਨ :

ਭਾਈ ਮਨੀ ਸਿੰਘ ਤੇ ਉਸ ਦੇ ਪੁੱਤ੍ਰਾਂ ਦੀ ਕਾਰ-ਗੁਜ਼ਾਰੀ ਤੋਂ ਗੁਰੂ ਸਾਹਿਬ ਨੂੰ ਆਪ ਤਸੱਲੀ ਤੇ ਖੁਸ਼ੀ ਸੀ ਅਤੇ ਇਸ ਦੀ ਸਨਦ ਵਜੋਂ ਗੁਰੂ ਜੀ ਨੇ ਸੰਮਤ 1760 ਬਿ: (1703 ਈ:) ਵਿੱਚ ਇਕੱ ਉਚੇਚਾ ਹੁਕਮਨਾਮਾ ਬਖਸ਼ ਕੇ ਉਨ੍ਹਾਂ ਨੂੰ ਨਿਵਾਜਿਆ ਸੀ। ਇਹ ਹੁਕਮਨਾਮਾ, ਜਿਸ ਦਾ ਜ਼ਿਕਰ ਸ਼ਹੀਦ ਬਿਲਾਸ ਵਿੱਚ ਸੇਵਾ ਸਿੰਘ ਨੇ ਕੀਤਾ ਹੈ, ਉਸ ਦੀ ਨਕਲ ਹੇਠਾਂ ਦਰਜ ਹੈ:

ੴ ਸਤਿਗੁਰ ਪ੍ਰਸਾਦਿ॥

ਸ੍ਰੀ ਸਤਿਗੁਰੂ ਜੀ ਕੀ ਆਗਿਆ ਹੈ॥ ਭਾਈ ਬਚਿਤ੍ਰ ਸਿੰਘ ਜੀ॥ ਭਾਈ ਉਦੇ ਸਿੰਘ ਜੀ॥ ਭਾਈ ਅਨਿਕ ਸਿੰਘ ਜੀ ਭਾਈ ਅਜਬ ਸਿੰਘ ਜੀ॥ ਭਾਈ ਅਜਾਇਬ ਸਿੰਘ ਜੀ॥ ਇਹ ਇਕ ਮਾਈ ਦਾਸੁ ਵੋਇ ਮਨੀ ਸਿੰਘ ਨੂੰ ਵਾਹਿਗੁਰੂ ਸਰਮ ਰਖੇਗਾ॥ ਤੁਸੀ ਮੇਰੇ ਪੁਤ੍ਰ ਫਰਜੰਦਹ ਖਾਨ ਜਾਦ ਹੋ॥ ਤੁਸਾ ਉਪਰ ਮੇਰੀ ਖੁਸੀ ਹੈ॥ ਸਭ ਵਰਤਾਰੇ ਕੇ ਤੁਸੀ ਮਹਿਰਮ ਹੋ॥ ਹੋਰ ਕੌਡੀ ਦਮੜੀ ਪੈਸਾ ਧੇਲਾ ਰੁਪੈਆ ਰਛਿਆ ਦਾ॥ ਜੋ ਅਸਾਨੂੰ ਦੇਹਿਗਾ॥ ਇਹ ਮੇਰੇ ਪੁਤ੍ਰ ਫਰਜੰਦ ਹੈਨਿ।। ਸਿਖਾ ਪੁਤਾ ਦਾ ਵਾਦਾ ਵ ਲਾ ਹੈ॥ ਜੇ ਲੋਚ ਕੇ ਸੇਵਾ ਕਰੋਗੇ ਤੁਸਾਡੀ ਸੇਵਾ ਦਰਗਾਹਿ ਥਾਇ ਪਵੇਗੀ॥ ਤੁਸਾ ਉਪਰ ਵਾਹਿਗੁਰੂ ਰਛਿਆ ਕਰੇਗਾ॥

(ਸੰਮਤ 1760 ਮਿਤੀ ਕੱਤਕ 1)

ਸੰਮਤ 1763 ਬਿ: (1706 ਈ:) ਦੀ ਜੇਠ ਸੁਦੀ ਚੌਥ ਨੂੰ ਦੇਸਾ ਸਿੰਘ ਭੱਟ ਦੀ ਟੋਲੀ ਸ੍ਰੀ ਅੰਮ੍ਰਿਤਸਰ ਪਹੁੰਚੀ, ਭਾਈ ਮਨੀ ਸਿੰਘ ਦੇ ਪੋਤ੍ਰੇ ਭਾਗੂ ਸਿੰਘ ਦੀ ਵਧਾਈ ਲਈ। ਇਸ ਮੌਕਿਆ ਤੇ ਦੇਸਾ ਸਿੰਘ ਭੱਟ ਨੇ ਦੂਜਾ ਦੋਹਾ ਗਾਂਵਿਆ:

ਜਲਹਾਨੇਂ ਪੰਵਾਰ ਬਾਂਕੇ ਅਲੀ ਪੁਰ ਕੇ
ਬੰਝਰ ਉਤੋ ਤਉ ਸੇ ਕੌਨ ਅਰੈ।
ਜਗਵਾਰੀ ਗਾਮ ਕਾ ਮਾਰਿਆ ਕੇਸਰੀ, ਹਾਥੀ ਗੈਲ ਲਰੈ।
ਬਚਿਤ੍ਰ ਸਿੰਘ ਤੇਰੀ ਬਰਛੀ ਰੋਸ਼ਨ,
ਤੇਰੀ ਸਾਂਗ ਝਰਮਲ ਕਰੈ।
ਤੇਰੇ ਨਾਮ ਥੀ ਰਿਪੁ ਥਰ ਥਰ ਕਾਂਪੈ
ਤੇਰੀ ਪਰਬਤੀ ਹਲਕ ਪਰੈ।

ਧਨ ਮਾਤਾ ਤਉ ਸੀਤੋ ਬਾਈ
ਤੇਰੇ ਪਾਚ ਸਪੂਤ ਰਨੈ ਲਰ ਮਰੈ।
ਬੀਰ ਮਨੀ ਸਿੰਘ ਜਸ ਤਉ ਕਾ ਗਾਊਂ,
ਤੇਰਾ ਨਾਮ ਚਉਂ ਕੁੰਟੀ ਮੁਖ ਪਰੈ।
ਧਨ ਧਨ ਦਿਆਲ ਦਾਸ ਜਸ ਤਉ ਕਾ,
ਖੰਡ ਬ੍ਰਹਿਮੰਡ ਮੂੰਡ ਸਥ ਉਚਰੈ।
ਚਾਰ ਬਰਨ ਖਟ ਦਰਸ਼ਨ ਸਾਰੇ,
ਰਟਤ ਨਾਮ ਨਿਸ ਬਾਸਰ ਘਰੈ।
ਜਸ ਜੋੜ ਦੇਸਾ ਸਿੰਘ ਭੱਟ ਭਨਿਆ,
ਸਾਲ ਸਤ੍ਰਾਂ ਸੈ ਤ੍ਰੈ ਸੱਠੇ ਉਂਜਲ
ਦਾਨ ਦੀਓ ਗਲਜੋਟ ਕਰਰੈ।
ਲੀ ਬਧਾਈ ਪੋਤੇ ਭਾਗੂ ਸਿੰਘ ਕੀ
ਗੁਰੂ ਚੱਕ ਕੇ ਮਲਹਾਨ,
ਜੇਠ ਚਾਨਨਾ ਚੌਥ ਰੁਪਉ
ਸੇ ਮੁੰਡ ਭਟੋਂ ਕਾ ਭਰੈ।।2।।

ਵੈਸਾਖੀ ਦੇ ਸਮੇਂ ਉਤੇ ਅੰਮ੍ਰਿਤਸਰ ਇੱਕ ਮਹਾਜਨ ਚੂਹੜ ਮੱਲ, ਜੋ ਭਾਈ ਸੇਵਾ ਸਿੰਘ ਦੇ ਕਥਨ ਅਨੁਸਾਰ ਸੋਢੀ ਨਿਰੰਜਣ ਰਾਇ ਦਾ ਸੇਵਕ ਸੀ, ਦੇ ਪੁਤ੍ਰ ਰਾਮੂ ਮੱਲ ਨਾਲ ਸਿੱਖਾਂ ਦੇ ਇਕ ਜੱਥੇ ਦਾ ਤੂਤਾਂ ਦੀਆਂ ਤੂਤੀਆਂ (ਗੋਲਾਂ) ਦੀ ਨਿਗੂਣੀ ਜਿਹੀ ਗੱਲ ਤੋਂ ਝਗੜਾ ਹੋ ਪਿਆ ਤੇ ਇਹ ਝਗੜਾ ਵਧਦਿਆਂ ਵਧਦਿਆਂ ਕੁੱਝ ਗੰਭੀਰ ਸੂਰਤ ਅਖਤਿਆਰ ਕਰ ਗਿਆ ਅਤੇ ਜ਼ੋਰ ਲਗਾਉਣ ਦੇ ਬਾਵਜੂਦ ਉਹ ਧਨਾਢ ਸੁਲਾਹ ਸਫ਼ਾਈ ਲਈ ਤਿਆਰ ਨਾ ਹੋਇਆ। ਉਹ ਜਾ ਕੇ ਨਾਜ਼ਮ ਲਾਹੌਰ ਰਾਹੀਂ ਹਰਿ ਸਹਾਇ ਹਾਕਮ ਪੱਟੀ ਨੂੰ ਚੜ੍ਹਾ ਲਿਆਇਆ, ਜੋ ਤਾਰਾ ਸਿੰਘ ਡਲ ਵਾਂ ਦੇ ਹੱਥੋਂ 9 ਵੈਸਾਖ 1766 ਬਿ: (1709 ਈ:) ਨੂੰ ਮੈਦਾਨੇ ਜੰਗ ਵਿੱਚ ਪਾਰ ਬੋਲ ਗਿਆ।

ਚੂਹੜ ਮੱਲ ਇਹ ਹੇਠੀ ਸਹਾਰ ਨਾ ਸਕਿਆ ਤੇ ਦਾਦ ਫ਼ਰਿਆਦ ਲੈ ਕੇ ਲਾਹੌਰ ਦੇ ਨਾਜ਼ਮ ਅਸਲਮ ਖ਼ਾਨ ਨੂੰ ਜਾ ਮਿਲਿਆ। ਉਸ ਨੇ ਇੱਕ ਚੌਧਰੀ ਦੇਵੇ ਨੂੰ ਮੁਲਖਈਆਂ ਤੇ ਕੁੱਝ ਆਪਣੀ ਫ਼ੌਜ ਦੇ ਕੇ ਚੂਹੜ ਮੱਲ ਦੀ ਸਹਾਇਤਾ ਲਈ ਅੰਮ੍ਰਿਤਸਰ ਭੇਜ ਦਿੱਤਾ। ਏਧਰ ਲੜਾਈ ਦੀ ਕਮਾਨ ਖੁਦ ਭਾਈ ਮਨੀ ਸਿੰਘ ਕਰ ਰਹੇ ਸਨ। ਸਿੱਖਾਂ ਨੇ ਮੁਲਖਈਆਂ ਤੇ ਨਾਜ਼ਮ ਦੀ ਫ਼ੌਜ ਨੂੰ ਨਠਾ ਦਿੱਤਾ। ਇਹ ਘਟਨਾਂ 15 ਵੈਸਾਖ ਦੀ ਹੈ।

ਸੰਮਤ ਸਤਾਰਾਂ ਸੈ ਛਿਆਠ ਰਾਜ ਬਹਾਦਰ ਸ਼ਾਹੀ।
ਚੱਕ ਗੁਰੂ ਦਾ ਘਰ ਨਾਨਕ ਕਾ, ਦਿਨੁ ਦਿਨੁ ਕਲਾ ਸਵਾਈ।।3।।
ਸਹਲ ਕੰਮ ਤੋਂ ਕਾਵਸ ਉਠੀ, ਕੀ ਬਾਬਤ ਤਰ ਕਾਰੀ।
ਦਿਨ ਬੈਸਾਖੀ ਤੂਤ ਝੜਾਏ, ਖੋਹੀ ਸਿੰਘਾਂ ਖਾਰੀ।।4।।
(ਕੇਸਰ ਸਿੰਘ ਛਿੱਬਰ : ਬੰਸਾਵਲੀ ਨਾਮਾ, ਚਰਨ 14ਵਾਂ)

ਕੇਸਰ ਸਿੰਘ ਛਿੱਬਰ ਤੇ ਬਾਕੀ ਲਿਖਾਰੀਆਂ ਨੇ ਹੋਰ ਦੋ ਲੜਾਈਆਂ ਨਾਜ਼ਮ ਅਸਲਮ ਖ਼ਾਨ ਲਾਹੌਰ ਦੇ ਵੇਲੇ ਹੋਈਆਂ ਦੱਸੀਆਂ ਹਨ ਅਤੇ ਇਹ ਨਾਜ਼ਮ ਬਾਦਸ਼ਾਹ ਬਹਾਦਰ ਸ਼ਾਹ ਦਾ ਵਕਤ ਸੀ। ਬਹਾਦਰ ਸ਼ਾਹੀ ਰਾਜ 22 ਅਪ੍ਰੈਲ ਸੰਨ 1707 ਈ: ਤੋਂ ਆਰੰਭ ਹੋ ਕੇ 17 ਫਰਵਰੀ 1712 ਈ: ਤੱਕ ਹੈ। ਬਹਾਦਰ ਸ਼ਾਹ ਦੇ ਪਿਛੋਂ ਜਹਾਂਦਾਰ ਸ਼ਾਹ ਤੇ ਇਸ ਦੇ ਵੇਲੇ ਲਾਹੌਰ ਦਾ ਨਾਜ਼ਮ ਜ਼ਬਰਦਸਤ ਖ਼ਾਨ ਸੀ ਅਤੇ ਫ਼ੱਰੁਖ਼ਸੀਅਰ, ਮੁਹੰਮਦ ਸ਼ਾਹ ਅਤੇ ਅਹਿਮਦ ਸ਼ਾਹ ਵੇਲੇ ਅਬਦੁੱਸਮਦ ਖ਼ਾਨ ਤੇ ਉਸ ਦੇ ਪੁੱਤ੍ਰ-ਪੋਤ੍ਰੇ ਜ਼ਕਰੀਆ ਖ਼ਾਨ, ਯਹੀਆ ਖ਼ਾਨ ਤੇ ਸ਼ਾਹ ਨਿਵਾਜ਼ ਖ਼ਾਨ ਸਨ।

ਇਸ ਤਰ੍ਹਾਂ ਭਾਈ ਮਨੀ ਸਿੰਘ ਦੀ ਜਿੱਤ ਪੰਜਾਬ ਵਿੱਚ ਮੁਗਲ ਰਾਜ ਦੀ ਅਧੋਗਤੀ ਦੇ ਇਤਿਹਾਸ ਵਿੱਚ ਇੱਕ ਅਹਿਮ ਪੜਾਅ ਸਮਝਣੀ ਚਾਹੀਦੀ ਹੈ। ਇਸ ਵੇਲੇ ਭਾਈ ਸਾਹਿਬ ਦੀ ਉਮਰ 65 ਬਰਸਾਂ ਦੀ ਸੀ।

ਮਹਾਨ ਵਿਦਵਾਨ :

13 ਸਾਲਾਂ ਦੀ ਉਮਰ ਵਿਚ ਗੁਰੂ ਹਰਿਰਾਇ ਸਾਹਿਬ ਦੇ ਲੰਗਰ ਵਿਚ ਸੇਵਾ ਕਰਨ ਵਾਲਾ ਜਵਾਨ ਮਨੀ ਸਿੰਘ 35 ਸਾਲ ਦੀ ਉਮਰ ਵਿੱਚ ਪੜ੍ਹਨ ਤੇ ਪੜ੍ਹਾਉਣ, ਲਿਖਣ ਤੇ ਲਿਖਾਉਣ ਵਾਲਾ ਇੱਕ ਵਿਦਵਾਨ ਬਣ ਕੇ ਸਾਹਮਣੇ ਆਉਂਦਾ ਹੈ। ਸ਼ਹੀਦ ਬਿਲਾਸ ਵਿੱਚ ਇਸ ਬਾਰੇ ਇਉਂ ਲਿਖਿਆ ਹੈ:

ਆਯੂ ਪੈਂਤੀ ਬਰਖ ਕੀ ਮਨੀ ਸਿੰਘ ਕੀ ਆਇ।
ਲਿਖੇ ਲਿਖਾਏ ਪੋਥੀਆਂ, ਮਨ ਮਹਿ ਬਹੁ ਉਤਸਾਇ।

ਪੁਰਾਣੀਆਂ ਲਿਖਤਾਂ ਅਨੁਸਾਰ ਭਾਈ ਸਾਹਿਬ ਦੀ ਆਪਣੀ ਤੇ ਆਪਣੇ ਰਾਹੀਂ ਕਰਵਾਈ ਸਾਹਿੱਤਕ ਸੇਵਾ ਦੀ ਵੰਡ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ :

(ੳ) ਪੋਥੀਆਂ ਦੀ ਲਿਖਾਈ।
(ਅ) ਦਮਦਮੀ ਬੀੜ ਦਾ ਸੰਪਾਦਨ।
(ੲ) ਸਾਖੀਆਂ ਦੀ ਰਚਨਾ।
(ਸ) ਸ੍ਰੀ ਦਸਮ ਗ੍ਰੰਥ ਦਾ ਸੰਪਾਦਨ।
(ਹ) ਆਦਿ ਦਸਮ ਗ੍ਰੰਥ ਦਾ ਪੁਨਰ ਸੰਪਾਦਨ।
(ਕ) ਫੁਟਕਲ ਰਚਨਾ।

(ੳ) ਪੋਥੀਆਂ ਦੀ ਲਿਖਾਈ :

ਗੁਰੂ ਗ੍ਰੰਥ ਸਾਹਿਬ ਦਾ ਪੁਰਾਣਾ ਪ੍ਰਸਿੱਧ ਨਾਂ ਪੋਥੀ ਸਾਹਿਬ ਹੀ ਸੀ। ਪੁਰਾਣੀਆਂ ਬੀੜਾਂ ਵਿਚ ਅਕਸਰ ਲਿਖਿਆ ਮਿਲਦਾ ਹੈ 'ਪੋਥੀ ਲਿਖ ਪਹੁੰਚੇ'। ਸੰਮਤ 1735 ਬਿ: (1678 ਈ:) ਵਿਚ ਸ੍ਰੀ ਦਸ਼ਮੇਸ਼ ਜੀ ਦਾ ਬੀੜਾਂ ਦੇ ਲਿਖਾਉਣ ਦਾ ਕੰਮ ਸ਼ੁਰੂ ਕਰਾਉਣਾ ਭਾਈ ਚੌਪਾ ਸਿੰਘ

ਹਜ਼ੂਰੀ ਦੇ ਰਹਿਤਨਾਮੇ ਤੋਂ ਵੀ ਅਨੁਮਾਨ ਲਗਾਇਆ ਜਾ ਸਕਦਾ ਹੈ। ਰਹਿਤਨਾਮੇ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਕਰਤਾਰ ਪੁਰੀ ਸੋਢੀਆਂ ਪਾਸੋਂ ਗੁਰੂ ਅਰਜਨ ਸਾਹਿਬ ਵਾਲੀ ਬੀੜ ਸੰਮਤ 1735 ਬਿ: ਵਿੱਚ ਮੰਗ ਭੇਜੀ ਸੀ। ਚੌਪਾ ਸਿੰਘ ਤੇ ਕੇਸਰ ਸਿੰਘ ਛਿੱਬਰ ਸਹਿਮਤ ਹਨ ਕਿ ਉਨ੍ਹਾਂ ਨੇ ਬੀੜ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਇਸ ਸਮੇਂ ਭਾਈ ਮਨੀ ਸਿੰਘ ਦੀ ਆਯੂ 35 ਕੁ ਵਰ੍ਹੇ ਦੀ ਬਣਦੀ ਹੈ।

(ਅ) ਦਮਦਮੀ ਬੀੜ ਦਾ ਸੰਪਾਦਨ :

ਸਾਬੋ ਦੀ ਤਲਵੰਡੀ ਰਹਿ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਉਹ ਸੰਕਲਪ ਭੀ ਪੂਰਾ ਕੀਤਾ ਜੋ ਧੀਰਮਲ ਨੇ ਤਾਨਾ ਦੇ ਭੇਜਿਆ ਸੀ ਕਿ ਜੇਕਰ ਗੁਰੂ ਗੋਬਿੰਦ ਸਿੰਘ ਜੀ ਸੱਚਾ ਗੁਰੂ ਹੈ ਤਾਂ ਮੇਰੇ ਪਾਸੋਂ ਪਾਠ ਕਰਨ ਲਈ ਆਦਿ (ਸ੍ਰੀ ਗੁਰੂ) ਗ੍ਰੰਥ ਸਾਹਿਬ ਕਯੋਂ ਮੰਗਾਉਂਦਾ ਹੈ? ਆਪ ਓਹੋ ਜੇਹਾ ਹੋਰ ਰਚ ਲਵੇ। ਗੁਰੂ ਸਾਹਿਬ ਦਮਦਮੇ ਸਾਹਿਬ ਦੀ ਜਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੰਬੂ ਵਿਚ ਬੈਠ ਕੇ ਉਚਾਰਦੇ ਰਹਿੰਦੇ, ਭਾਈ ਮਨੀ ਸਿੰਘ ਜੀ ਲਿਖਦੇ ਰਹਿੰਦੇ। ਆਦਿ (ਸ੍ਰੀ ਗੁਰੂ) ਗ੍ਰੰਥ ਸਾਹਿਬ ਤਿਆਰ ਕਰਕੇ ਬਡਾ ਭਾਰੀ ਜੱਗ ਤੇ ਉਤਸ਼ਾਹ ਕੀਤਾ। (ਭਾਈ ਗਿਆਨ ਸਿੰਘ ਜੀ ਗਿਆਨੀ, ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਭਾਸ਼ਾ ਵਿਭਾਗ ਪੰਜਾਬ, 1993)

(ੲ) ਸਾਖੀਆਂ ਦੀ ਰਚਨਾ :

ਭਾਈ ਮਨੀ ਸਿੰਘ ਵਾਲੀ ਜਨਮ ਸਾਖੀ : ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਸਾਜਣ ਪਿੱਛੋਂ ਗੁਰੂ ਨਾਨਕ ਸਾਹਿਬ ਸੰਬੰਧੀ ਪਰੰਪਰਾ ਨੇ ਜੋ ਰੂਪ ਧਾਰਿਆ, ਉਹ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿਚ ਅੰਕਿਤ ਹੈ। ਗੁਰੂ ਸਾਹਿਬਾਨਾਂ ਦੀਆਂ ਰਚਨਾਵਾਂ ਦੀ ਵਿਆਖਿਆ ਕਥਾਵਾਂ ਤੇ ਟੀਕਿਆਂ ਦੇ ਰੂਪ ਵਿੱਚ ਛਪਣ ਲੱਗੀ। ਭਾਈ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਵਿਆਖਿਆ ਦਾ ਆਧਾਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਬਣਾਇਆ। ਜਿਸ ਰਾਹੀਂ ਉਨ੍ਹਾਂ ਨੇ ਪਹਿਲੀ ਤੇ ਗਿਆਰਵੀਂ ਵਾਰ ਦੀ ਵਿਸਥਾਰ ਸਹਿਤ ਵਿਆਖਿਆ ਕੀਤੀ ਤੇ ਫਿਰ ਪਹਿਲੀ ਵਾਰ ਨੂੰ ਆਧਾਰ ਬਣਾ ਕੇ ਜਨਮ ਸਾਖੀ ਰਚ ਦਿੱਤੀ। ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੇ ਟੀਕਾ ਅਤੇ ਗੁਰੂ ਨਾਨਕ ਸਾਹਿਬ ਸੰਬੰਧੀ ਪ੍ਰਚਲਤ ਸਾਖੀਆਂ ਦੇ ਆਧਾਰਤ ਹੈ। ਇਸ ਜਨਮ ਸਾਖੀ ਉੱਤੇ ਸਮੇਂ ਦਾ ਅਸਰ ਪਰਤੱਖ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦਾ ਸੰਕੇਤ ਗੁਰੂ ਨਾਨਕ ਸਾਹਿਬ ਦੇ ਬਚਪਨ ਦੇ ਹਾਲ ਤੋਂ ਮਿਲਦਾ ਹੈ, 'ਅਰ ਘਰ ਕੀਆ ਵਹੀਆਂ ਅਰ ਕਾਗਤਾਂ ਦੀਆਂ ਪੋਥੀਆਂ ਬਣਾਵੈ ਉਪਰ ਹਛੇ ਰੁਮਾਲ ਚੜਾਵੇ ਅਰ ਜੋ ਬਾਲਕੇ ਖੇਲਣ ਵਾਸਤੇ ਬੁਲਾਵਣ ਤਾਂ ਕਹੇ ਮੈਂ ਪੋਥੀ ਪੜ੍ਹਦਾ ਹਾਂ।' (ਜਨਮ ਸਾਖੀ ਭਾਈ ਮਨੀ ਸਿੰਘ ਪੰਨਾ 44 ਅੰਤਕਾ 33)

ਇਸ ਜਨਮ ਸਾਖੀ ਦੇ ਆਰੰਭ ਵਿਚ ਲਿਖਿਆ ਹੈ: 'ਫੇਰ ਸਿਖਾਂ ਕਹਿਆ ਉਹ (ਭਾਈ ਗੁਰਦਾਸ ਜੀ ਪਹਿਲੀ ਵਾਰ) ਤਾਂ ਸਾਖੀ ਸੂਚਨਾ ਕੀਤੀ ਹੋਈ ਹੈ, ਤੁਸੀਂ ਕਿਰਪਾ ਕਰ ਕੇ ਇਸ ਦਾ ਟੀਕਾ ਵਿਸਥਾਰ ਨਾਲ ਕਰ ਦੇਵੋ, ਜੋ ਸਿੱਖਾਂ ਨੂੰ ਸੁਣ ਕੇ ਸਰਧਾ ਉਪਜੈ। ਤਾਂ ਭਾਈ ਮਨੀ ਸਿੰਘ ਜੀ ਕਿਹਾ, ਜੈਸੇ ਚੀਟੀ ਸੇ ਹਸਤੀ ਕਾ ਭਾਰ ਉਠਾਇਆ ਨਹੀਂ ਜਾਤਾ ਅਤੇ ਤਲਾਉ ਕੇ ਕਛੂ ਸੇ ਮੰਦ੍ਰਾਚਲ ਪਰਬਤ ਚੁਕਿਆ ਨਹੀਂ ਜਾਂਦਾ, ਤੈਸੇ ਮੁਝ ਸੇ ਸ੍ਰੀ ਬਾਬੇ ਜੀ ਦੀ ਗੋਸ਼ਟ ਦਾ ਟੀਕਾ ਕੀਤਾ ਨਹੀਂ ਜਾਂਦਾ। ਪਰ ਜੈਸੇ ਤਾਰੂ ਪੁਰਖ ਨਦੀ ਕੇ ਬੀਚ ਕਾਨੇ ਟੁੰਗ ਜਾਤੇ ਹੈਂ ਤਾਂ ਉਸ ਰਾਹੁ ਅਣਜਾਣੂ ਬੀ ਪਾਰ ਲੰਘ ਜਾਤੇ ਹੈਂ ਤੈਸੇ ਮੈਂ ਭਾਈ ਗੁਰਦਾਸ ਜੀ ਕੀ ਵਾਰ ਕੋ ਮੁੱਖ ਰੱਖ ਕੇ ਉਸ ਕੇ ਅਨੁਸਾਰ ਅਤੇ ਜੋ ਦੱਸਵੀਂ ਪਾਤਿਸ਼ਾਹੀ ਦੇ ਦਰਬਾਰ ਬੀ ਸਾਖੀਆਂ ਸੁਣੀਆਂ ਹੈਨ ਉਨ੍ਹਾਂ ਕੇ ਅਨੁਸਾਰ ਹੀ ਜੋ ਕੁੱਝ ਮੇਰੀ ਤੁਛ ਬੁੱਧ ਮੇਂ ਆਂਵਦਾ ਹੈ ਸੋ ਮੈਂ ਤੁਹਾਡੇ ਅੱਗੇ ਟੀਕਾ ਕਰ ਸੁਣਾਵਦਾਂ ਹਾਂ।

ਇਹ ਜਨਮ ਸਾਖੀ ਸੰਗਤਾਂ ਵਿਚ ਬੜੀ ਪ੍ਰਚਲਤ ਹੋਈ। ਇਸ ਜਨਮ ਸਾਖੀ ਦੀਆਂ ਵਿਸ਼ੇਸ਼ਤਾਵਾਂ ਇਉਂ ਹਨ :

(ੳ)

ਇਹ ਇੱਕੋ ਇਕ ਜਨਮ ਸਾਖੀ ਹੈ ਜਿਸ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਦੋ ਵਾਰੀ ਪਾਕਪਟਨ ਗਏ। ਪੰਜਾਬ ਵਿਚ ਕਈਆਂ ਥਾਵਾਂ 'ਤੇ ਉਹ ਦੋ ਵਾਰੀ ਗਏ ਹੋਣਗੇ। ਪਰ ਪਾਕਪਟਨ ਵਿਚ ਦੋ ਵਾਰੀ ਜਾਣ ਦਾ ਸੰਕੇਤ ਕੇਵਲ ਇਸ ਜਨਮ ਸਾਖੀ ਵਿੱਚੋਂ ਮਿਲਦਾ ਹੈ।

(ਅ)

ਗੁਰੂ ਨਾਨਕ ਸਾਹਿਬ ਜੀ ਦਾ ਮਰਦਾਨੇ ਦੀ ਲੜਕੀ ਦੇ ਵਿਆਹ 'ਤੇ ਮਾਇਕ ਸਹਾਇਤਾ ਕਰਨਾ, ਵਿਆਹ ਦਾ ਸਮਾਨ ਤਿਆਰ ਕਰਵਾਉਣਾ, ਇਸ ਜਨਮ ਸਾਖੀ ਤੋਂ ਪਤਾ ਲੱਗਦਾ ਹੈ।

(ੲ)

ਗੁਰੂ ਨਾਨਕ ਸਾਹਿਬ ਦੇ ਦੇਸ਼ ਰਟਨ ਦਾ ਵਿਚਾਰ ਪਹਿਲਾਂ ਤਲਵੰਡੀ ਆਇਆ ਕਿਉਂਕਿ ਵੀਹ ਸਾਲ ਦੀ ਉਮਰ ਵਿਚ ਗੁਰੂ ਜੀ ਨੇ ਤੀਰਥਾਂ 'ਤੇ ਜਾਣ ਲਈ ਕਿਹਾ।

(ਸ)

ਗੁਰੂ ਜੀ ਦਾ ਜਵਾਲਾ ਜੀ ਜਾਣਾ ਵੀ ਇਸ ਜਨਮ ਸਾਖੀ ਵਿਚੋਂ ਮਿਲਦਾ ਹੈ।

(ਹ)

ਪੱਛਮੀ ਦੇਸ਼ਾਂ, ਵਿਸ਼ੇਸ਼ ਕਰਕੇ ਬਗਦਾਦ ਆਦਿ ਸ਼ਹਿਰਾਂ ਵਿਚ ਗੁਰੂ ਨਾਨਕ ਸਾਹਿਬ ਦੇ ਜਾਣ ਦਾ ਹਾਲ ਵਧੇਰੇ ਵਿਸਥਾਰ ਨਾਲ ਦਿੱਤਾ ਇਸ ਜਨਮ ਸਾਖੀ ਵਿਚ ਮਿਲਦਾ ਹੈ। ਪੱਛਮ ਦੀ ਉਦਾਸੀ ਦਾ ਹਾਲ

ਕਿਸੇ ਹੋਰ ਜਨਮ ਸਾਖੀ ਵਿਚ ਐਨਾ ਸਪੱਸ਼ਟ ਨਹੀਂ ਮਿਲਦਾ।

(ਕ)

ਇਹ ਜਨਮ ਸਾਖੀ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ 'ਤੇ ਆਧਾਰਤ ਹੋਣ ਕਰਕੇ ਇਤਿਹਾਸਕ ਤੌਰ 'ਤੇ ਜ਼ਿਆਦਾ ਮਹਾਨਤਾ ਰੱਖਦੀ ਹੈ, ਕਿਉਂਕਿ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਨੇ ਹੀ ਗੁਰੂ ਨਾਨਕ ਸਾਹਿਬ ਦੀ ਲਿਖਤੀ ਰਵਾਇਤ ਦਾ ਮੁੱਢ ਬੰਨ੍ਹਿਆ।

ਇਸ ਜਨਮ ਸਾਖੀ ਦੀ ਗੁਰੂ ਨਾਨਕ ਦੇਵ ਜੀ ਦੇ ਜਗਨਨਾਥ ਦੁਆਰੇ ਜਾਣ ਦੀ ਗਾਥਾ ਨੂੰ ਹੀ ਜਰਾ ਪੜਚੋਲੀਏ ਤਾਂ ਭਾਈ ਸਾਹਿਬ ਦੀ ਵਿਆਖਿਆਕਾਰੀ ਦੇ ਅਨੂਠੇ ਤੱਤ ਸਾਹਮਣੇ ਆਉਂਦੇ ਹਨ।

ਤਬ ਮਰਦਾਨੇ ਨੂੰ ਬਾਹਰ ਬੈਠਾਇ ਕਰ ਬਾਬਾ ਜੀ ਜਗਨ ਨਾਥ ਕੇ ਦੁਆਰੇ ਪਰ ਜਾਇ ਬੈਠੇ। ਤਾਂ ਪਾਂਡੇ ਜਗਨ ਨਾਥ ਦੀ ਆਰਤੀ ਲਗੇ ਕਰਨ ਅਤੇ ਬਾਬਾ ਜੀ ਸਮਾਧ ਲਾਇਕੇ ਬੈਠੇ ਰਹੇ। ਤਬ ਸਭ ਪਾਂਡੇ ਆਰਤੀ ਕਰ ਕੇ ਬਾਬੇ ਪਾਸ ਆਇ ਬੈਠੇ ਅਰ ਉਨ੍ਹਾਂ ਕਿਹਾ, ਤੁਸੀ ਜਾਤ੍ਰੀ ਆਏ ਹੋ। ਅਰ ਅਸਾਂ ਮਹਾਰਾਜ ਦੀ ਆਰਤੀ ਕੀਤੀ ਹੈ ਅਰ ਤੁਸੀਂ ਕਯੋਂ ਨਹੀਂ ਕੀਤੀ। ਤਾਂ ਬਾਬੇ ਕਿਹਾ ਕਿ ਏਕ ਈਸਵਰ ਦੀ ਆਰਤੀ ਹੈ ਅਰ ਏਕ ਜੀਵ ਦੀ ਆਰਤੀ ਹੈ। ਸੋ ਹਮੇਸ਼ਾ ਹਮ ਸੁਣਤੇ ਹੈਂ ਅਰ ਦੇਖਤੇ ਹੈ ਸੋ ਅਉਰ ਹਮ ਕੈਸੀ ਆਰਤੀ ਕਰੈਂ। ਤਾਂ ਪਾਂਡਿਆ ਕਿਹਾ ਕਿ ਤੁਸੀਂ ਕੌਣ ਸੀ ਆਰਤੀ ਸੁਣੀ ਹੈ। ਤਾਂ ਬਾਬੇ ਸ਼ਬਦ ਆਖਿਆ : **ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥** ਤਾਂ ਏਹ ਬਚਨ ਸੁਣਕੇ ਪਾਂਡੇ ਚਰਨਾਂ ਪਰ ਗਿਰ ਪੜੇ।

(ਭਾਈ ਮਨੀ ਸਿੰਘ ਵਾਲੀ ਜਨਮ ਸਾਖੀ, ਪੰਨਾ 351)

ਆਪ ਤੋਂ ਸੁਣੀਆਂ ਸਾਖੀਆਂ ਦੇ ਆਧਾਰ 'ਤੇ ਹੀ ਭਾਈ ਸੂਰਤ ਸਿੰਘ ਜੀ ਨੇ ਭਾਈ ਗੁਰਦਾਸ ਜੀ ਦੀ ਪਹਿਲੀ ਅਤੇ ਗਿਆਰਵੀਂ ਵਾਰ ਦੇ ਟੀਕੇ ਗਿਆਨ ਰਤਨਾਵਲੀ ਤੇ ਭਗਤ ਰਤਨਾਵਲੀ ਦੇ ਨਾਂ ਨਾਲ ਕੀਤੇ। ਭਾਈ ਸੋਹਨ ਸਿੰਘ ਨੇ ਸੰਮਤ 1776 (1719 ਈ.) ਵਿਚ ਗੁਰੂ ਬਿਲਾਸ ਪਾਤਸ਼ਾਹੀ ਛੇਵੀ ਦੀ ਰਚਨਾ ਭਾਈ ਮਨੀ ਸਿੰਘ ਜੀ ਤੋਂ ਪ੍ਰਾਪਤ ਹੋਈ ਸਮ੍ਰਿਤੀ ਦੇ ਆਧਾਰ 'ਤੇ ਹੀ ਕੀਤੀ। ਭਾਈ ਕੀਰਤ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਾਇ ਵੀ ਭਾਈ ਸਾਹਿਬ ਤੋਂ ਹੀ ਸੁਣਕੇ ਕਥਨ ਕੀਤੇ। (ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ ਪੰਨਾ 193)

(ਸ) ਸ੍ਰੀ ਦਸਮ ਗ੍ਰੰਥ ਦਾ ਸੰਪਾਦਨ :

ਦਸਮ ਗੁਰਾਂ ਦੀ ਬਾਣੀ ਨੂੰ ਇਕੱਤ੍ਰ ਕਰਕੇ ਇਸ ਨੂੰ ਸ੍ਰੀ ਦਸਮ ਗ੍ਰੰਥ ਦੇ ਰੂਪ ਵਿੱਚ ਪੁਨਰ-ਜਨਮ ਦਿਵਾਣ ਵਾਲੇ ਭਾਈ ਮਨੀ ਸਿੰਘ ਹੀ ਹਨ। ਇਸ ਗੱਲ ਦਾ ਪਤਾ ਸਾਨੂੰ ਉਨ੍ਹਾਂ ਦੀ ਪੱਤ੍ਰਕਾ ਤੋਂ ਜੋ ਭਾਈ ਸਾਹਿਬ ਨੇ 22 ਵੈਸਾਖ ਸੰਮਤ 1768 ਬਿ: (1711 ਈ:) ਨੂੰ ਅੰਮ੍ਰਿਤਸਰ ਤੋਂ ਦਿੱਲੀ ਪੂਜ ਮਾਤਾ ਸੁੰਦਰੀ ਜੀ ਦੀ ਸੇਵਾ ਵਿੱਚ ਭੇਜੀ ਸੀ, ਤੋਂ ਲੱਗ ਜਾਂਦਾ ਹੈ।

ਇਹ ਬੀੜ ਅੱਸੂ ਸੰਮਤ 1768 ਬਿ: (1711 ਈ:) ਤੋਂ ਉਪਰੰਤ ਭਾਈ ਮਨੀ ਸਿੰਘ ਦੀ ਆਗਿਆ ਨਾਲ ਭਾਈ ਸ਼ੀਹਾਂ ਸਿੰਘ ਨੇ ਦਿੱਲੀ ਵਿੱਚ ਲਿਖਣੀ ਸ਼ੁਰੂ ਕੀਤੀ ਸੀ ਤੇ ਇਸਦੀ ਸਮਾਪਤੀ ਅਗਲੇ ਸਾਲ ਸੰਮਤ 1769 ਬਿ: (1712 ਈ:) ਨੂੰ ਹੋਈ। ਇਹ ਬੀੜ ਅਫਗਾਨਿਸਤਾਨ ਦੇ ਪ੍ਰਸਿੱਧ ਸ਼ਹਿਰ ਕਾਬਲ ਵਿਚ ਗੁਰਦੁਆਰਾ ਭਾਈ ਗੁਰਦਾਸ ਵਿਖੇ ਸੁਰੱਖਿਅਤ ਹੈ। ਇਸ ਦੇ ਕੁੱਲ ਪੱਤ੍ਰੇ 578 ਹਨ ਤੇ 567 ਤੋਂ ਜੰਗ-ਨਾਮਾ ਪਾਤਸ਼ਾਹ 'ਕਮਾਲੇ ਕਰਾਮਾਤ' ਤੋਂ ਸ਼ੁਰੂ ਹੁੰਦਾ ਹੈ।

(ਹ) ਆਦਿ ਦਸਮ ਗ੍ਰੰਥ ਦਾ ਪੁਨਰ ਸੰਪਾਦਨ :

ਭਾਈ ਮਨੀ ਸਿੰਘ ਦਾ ਆਦਿ ਦਸਮ ਗ੍ਰੰਥ ਨੂੰ ਪੁਨਰ ਸੰਪਾਦਨ ਕਰਨਾ, ਉਨ੍ਹਾਂ ਦੀ ਆਪਣੀ ਜ਼ਿੰਦਗੀ ਦੀ ਆਖਰੀ ਸਾਹਿਤ-ਸੇਵਾ ਹੈ। ਭਾਈ ਸਾਹਿਬ ਦੀ ਚਿੱਠੀ ਤੋਂ ਪਤਾ ਚੱਲਦਾ ਹੈ, ਕਿ ਉਨ੍ਹਾਂ ਪੋਥੀਆਂ ਭਾਈ ਝੰਡਾ ਸਿੰਘ ਹੱਥ ਭੇਜ ਕੇ ਸੰਮਤ 1768 ਬਿ: ਦੇ ਅੱਸੂ ਮਹੀਨੇ ਵਿੱਚ ਦਿੱਲੀ ਪੁੱਜਣ ਦਾ ਇਕਰਾਰ ਕੀਤਾ ਸੀ। ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਕਾਰਜ ਭਾਈ ਮਨੀ ਸਿੰਘ ਜੀ ਮਾਤਾ ਜੀ ਦੀ ਹਜ਼ੂਰੀ ਵਿੱਚ ਦਿੱਲੀ ਰਹਿ ਕੇ ਕਰਨਾ ਚਾਹੁੰਦੇ ਸਨ, ਪਰੰਤੂ ਐਸਾ ਸਮਾਗਮ ਨਾ ਬਣ ਸਕਿਆ ਤੇ ਮਾਤਾ ਜੀ ਦਾ ਹੁਕਮ ਮੰਨ ਕੇ ਅੰਮ੍ਰਿਤਸਰ ਦੀ ਜਾਗੀਰ ਦਾ ਇੰਤਜ਼ਾਮ ਕਰਨ ਲਈ ਦਿੱਲੀ ਤੋਂ ਵਾਪਸ ਆਉਣਾ ਪਿਆ।

ਇਸ ਬੀੜ ਦੇ ਲਿਖਣ ਦਾ ਕੰਮ ਮਾਘ 1768 ਬਿ: ਦੇ ਉਪਰੰਤ ਸ਼ੁਰੂ ਹੋਇਆ ਤੇ ਇਸ ਦੀ ਸਮਾਪਤੀ ਇਸ ਉਪਰ ਲਿਖੇ ਸੰਮਤ ਅਨੁਸਾਰ 1770 ਬਿ: (ਸੰਨ 1713 ਈ:) ਵਿੱਚ ਹੋਈ। ਉਸ ਵੇਲੇ ਭਾਈ ਸਾਹਿਬ ਦੀ ਉਮਰ 69 ਵਰ੍ਹਿਆਂ ਦੀ ਸੀ। ਇਹ ਬੀੜ ਪਹਿਲਾਂ ਭਾਈ ਮਗਨ ਸਿੰਘ ਗ੍ਰੰਥੀ ਤਖਤ ਸ੍ਰੀ ਹਜ਼ੂਰ ਸਾਹਿਬ ਪਾਸ ਸੀ। ਉਨ੍ਹਾਂ ਪਾਸੋਂ ਰਾਜਾ ਗੁਲਾਬ ਸਿੰਘ ਸੇਠੀ ਲਾਹੌਰ ਵਾਲੇ (ਦਿੱਲੀ) ਲੈ ਆਏ ਸਨ।

(ਕ) ਫੁੱਟਕਲ ਰਚਨਾ :

ਭਾਈ ਮਨੀ ਸਿੰਘ ਦੇ ਨਾਂ ਹੇਠ ਕਿਸੇ ਗੁਰਸਿੱਖ ਨੇ 'ਸ੍ਰੀ ਗੁਰੂ ਸ਼ਬਦ-ਸਿੱਧੀ' 'ਸ਼ਰਧਾ ਪੂਰਨ' ਤੇ 'ਜਪੁਜੀ ਸਾਹਿਬ ਦਾ ਟੀਕਾ' ਲਿਖ ਕੇ ਆਪਣੀ ਰਚਨਾ ਨੂੰ ਹਰ-ਮਨ ਪਿਆਰਾ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। 'ਗੁਰ ਸ਼ਬਦ-ਸਿੱਧੀ' ਜਾਂ 'ਸ਼ਰਧਾ ਪੂਰਨ' ਦਾ ਆਰੰਭ ਇਸ ਪ੍ਰਕਾਰ ਹੁੰਦਾ ਹੈ :

'ਇਕ ਸਮੇਂ ਭਾਈ ਮਨੀ ਸਿੰਘ ਪਾਸ ਸਿਖਾਂ ਅਰਦਾਸ ਕੀਤੀ, ਜੋ ਵੇਦਾਂ ਸ਼ਾਸਤ੍ਰਾਂ ਅਰ ਮੁਸਲਮਾਨੀ ਪੁਸਤਕਾਂ ਵਿੱਚ ਆਪਣੇ ਅਰਥ

ਸਿੱਧੀ ਲਈ ਜੰਤ੍ਰ ਮੰਤ੍ਰ ਅਰ ਕਲਾਮਾਂ ਲਿਖੀਆਂ ਹਨ। ਅਸਾਨੂੰ ਵੀ ਰੀਸ ਆਂਵਦੀ ਹੇ, ਸੋ ਅਸੀਂ ਭੀ ਜਾਣੀਏ..... ਭਾਈ ਮਨੀ ਸਿੰਘ ਹੁਰਾਂ ਬਚਨ ਕੀਤਾ ..।

ਇਸ ਨੂੰ ਪੜ੍ਹ ਕੇ ਇਹ ਲਿਖਣ ਵਿੱਚ ਕੋਈ ਵਧੇਰੇ ਤੁਦੱਦ ਨਹੀਂ ਕਰਨਾ ਪੈਂਦਾ ਕਿ ਇਹ ਲਿਖਣ-ਢੰਗ ਉਹੀ ਹੈ ਜੋ ਗਿਆਨ ਰਤਨਾਵਲੀ ਜਾਂ 'ਸਿੱਖਾਂ ਦੀ ਭਗਤ ਮਾਲਾ' ਦਾ ਹੈ। ਸੋ ਰਚਨਾ ਭਾਵੇਂ ਭਾਈ ਸਾਹਿਬ ਨੇ ਆਪ ਕੀਤੀ ਜਾਂ ਹੋਰਨਾਂ ਕੋਲੋਂ ਕਰਵਾਈ, ਇਹ ਮੰਨਣਾ ਪਵੇਗਾ ਕਿ ਉਨ੍ਹਾਂ ਦੀ ਸ਼ਖਸੀਅਤ ਬਹੁਤ ਸਾਹਿਤ ਉਪਜਾਉਣ ਦਾ ਕਾਰਣ ਬਣੀ। ਜਿਸ ਤਰ੍ਹਾਂ ਭਾਈ ਸੂਰਤ ਸਿੰਘ ਨੇ 'ਗਿਆਨ ਰਤਨਾਵਲੀ' ਤੇ 'ਸਿੱਖਾਂ ਦੀ ਭਗਤ ਮਾਲਾ', ਭਾਈ ਕੀਰਤ ਸਿੰਘ ਨੇ 'ਗੁਰੂ ਗ੍ਰੰਥ ਸਾਹਿਬ ਦੇ ਪ੍ਰਥਾਇ' ਅਤੇ ਭਾਈ ਸੋਹਨ ਸਿੰਘ ਨੇ 'ਗੁਰ ਬਿਲਾਸ ਪਾ: 6' ਲਿਖ ਕੇ ਭਾਈ ਸਾਹਿਬ ਦਾ ਨਾਂ ਵਿੱਚ ਦੇ ਦਿੱਤਾ, ਇਸੇ ਤਰ੍ਹਾਂ 'ਗੁਰੂ ਸ਼ਬਦ-ਸਿੱਧੀ ਅਰਥਾਤ 'ਸ਼ਰਧਾ ਪੂਰਨ' ਤੇ 'ਜਪੁਜੀ ਸਾਹਿਬ ਦਾ ਟੀਕਾ' ਵੀ ਭਾਈ ਸਾਹਿਬ ਦੇ ਨਾਂ ਹੇਠ ਹੀ ਲਿਖਿਆ ਗਿਆ।

ਪਰ ਪਿੱਛਲੀਆਂ ਦੋਵੇਂ ਪੁਸਤਕਾਂ ਸਾਡੇ ਸ਼ੱਕ ਨੂੰ ਪੱਕਿਆਂ ਕਰਦੀਆਂ ਹਨ ਕਿ ਇਹ ਕਦੇ ਵੀ ਭਾਈ ਸਾਹਿਬ ਦੇ ਕਿਸੇ ਨਿਕਟ-ਵਰਤੀ ਸਿੱਖ ਨੇ ਭਾਈ ਮਨੀ ਸਿੰਘ ਪਾਸੋਂ ਸੁਣ ਕੇ ਨਹੀਂ ਲਿਖੀਆਂ ਹੋ ਸਕਦੀਆਂ, ਕਿਉਂ ਜੋ ਗੁਰੂ ਜੀ ਤੇ ਉਨ੍ਹਾਂ ਦੇ ਗੁਰਸਿੱਖ ਰਜ਼ਾ ਵਿੱਚ ਰਹਿਣ ਵਾਲੇ ਸਨ। ਮੰਤ੍ਰਾਂ-ਜੰਤ੍ਰਾਂ ਤੇ ਟੂਣਿਆਂ ਵਿਚ ਵਿਸ਼ਵਾਸ ਨਹੀਂ ਸਨ ਰੱਖਦੇ। ਨਾਮ ਰੂਪੀ ਮੰਤ੍ਰ ਦਾ ਜਾਪ ਤਾਂ ਬੜੀ ਉੱਚੀ ਤੇ ਦੁਰਲੱਭ ਚੀਜ਼ ਹੈ, ਪਰ ਜਦੋਂ ਮੰਤ੍ਰਾਂ-ਟੂਣਿਆਂ ਨੂੰ ਸੰਸਾਰਕ ਇੱਛਾਵਾਂ ਦੇ ਪੂਰਾ ਕਰਨ ਲਈ ਵਰਤਿਆ ਜਾਵੇ ਤਾਂ ਗੁਰਸਿੱਖ ਇਸ ਨੂੰ ਬਹੁਤ ਨੀਵਾਂ ਸਮਝਦਾ ਹੈ।

ਸੁਲਝੇ ਪ੍ਰਬੰਧਕ :

ਗੁਰੂ ਸਾਹਿਬ ਆਪ ਜੀ ਨੂੰ ਸੰਚਾਰੂ ਪ੍ਰਬੰਧ ਕਰਨ ਲਈ ਮਹੱਤਵਪੂਰਨ ਜਿੰਮੇਵਾਰੀਆਂ ਦਿੰਦੇ। 3 ਅੱਸੂ ਭਾਦੋਂ ਸੁਦੀ 8 ਸੰਮਤ 1744 ਬਿ: (4 ਸਤੰਬਰ 1687 ਈ:) ਨੂੰ ਬਾਬਾ ਰਾਮ ਰਾਇ ਦੀ ਮਿਰਤੂ ਖੁਰਵਧੀ (ਨਵਾਨਾ, ਡੇਹਰਾਦੂਨ) ਵਿਖੇ ਹੋਈ ਤੇ ਉਨ੍ਹਾਂ ਦੀ ਸੁਪਤਨੀ ਸ੍ਰੀ ਪੰਜਾਬ ਕੌਰ ਵੱਲੋਂ ਸਤਾਰ੍ਹਵੀਂ ਦਾ ਸੱਦਾ ਆਵਣ 'ਤੇ ਸਤਿਗੁਰੂ ਜੀ ਭਾਈ ਮਨੀ ਸਿੰਘ ਨੂੰ ਨਾਲ ਲੈ ਕੇ ਗਏ ਸਨ। ਅਗਲੇ ਸਾਲ 24 ਭਾਦਰੋਂ ਸੁਦੀ ਅਸ਼ਟਮੀ ਸੰਮਤ 1745 ਬਿ: (24 ਅਗਸਤ 1688 ਈ:) ਨੂੰ ਬਾਬਾ ਰਾਮ ਰਾਇ ਦੀ ਬਰਸੀ ਸੀ। ਸਤਿਗੁਰੂ ਜੀ ਆਪ ਤਾਂ ਨਾ ਗਏ ਤੇ ਭਾਈ ਮਨੀ ਸਿੰਘ, ਦੀਵਾਨ ਨੰਦ ਚੰਦ (ਸੰਘਾ) ਅਤੇ ਪ੍ਰੋਹਤ ਦਇਆ ਰਾਮ ਆਦਿ ਚੋਣਵੇਂ 50 ਸਿੱਖ ਭੇਜੇ, ਜਿਸ ਤੋਂ ਪਤਾ ਲੱਗਦਾ ਹੈ ਕਿ ਉਸ ਵੇਲੇ ਦਿਆਂ ਸਿੱਖਾਂ ਵਿੱਚ ਭਾਈ ਸਾਹਿਬ ਦੀ ਕਿਤਨੀ ਜ਼ਿਆਦਾ ਅਹਿਮੀਅਤ ਸੀ।

1748 ਬਿ: (1691 ਈ:) ਦੀ ਵੈਸਾਖੀ ਨੂੰ ਭਾਈ ਸੇਵਾ ਸਿੰਘ ਦੇ ਕਥਨ ਅਨੁਸਾਰ ਸਤਿਗੁਰਾਂ ਨੇ ਭਾਈ ਮਨੀ ਸਿੰਘ ਨੂੰ ਦੀਵਾਨ ਦੀ ਉੱਚ ਪਦਵੀ 'ਤੇ ਨਿਯੁਕਤ ਕੀਤਾ। ਇਸ ਦੀ ਪ੍ਰੋੜ੍ਹਤਾ ਪੰਡਾ ਖੇਮ ਚੰਦ ਹਰਿਦਵਾਰ ਦੀ ਵਹੀ ਤੋਂ ਹੁੰਦੀ ਹੈ:

'ਲਿਖਤੰ ਮਨੀ ਰਾਮ ਬੇਟਾ ਨਾਇਕ ਮਾਈ ਦਾਸ ਕਾ -ਪੋਤਾ ਬੱਲੂ ਕਾ, ਬਾਸੀ ਅਲੀ ਪੁਰ ਪਰਗਨਾ ਮੁਲਤਾਨ ਮਿਤੀ 2 ਚੈਤ ਸੰਬਤ 1751ਕੋ ਗੁਰੂ ਗੋਬਿੰਦ ਰਾਇ ਜੀ ਕੇ ਸਾਥ ਦੀਵਾਨ ਹੋ ਕਰ ਆਏ ਸੁਖ ਦੇ ਇਸ਼ਨਾਨ।'

ਹੁਕਮਿ ਰਜਾਈ ਚਲਣਾ ਦੇ ਮਹਾਂਵਾਕ ਅਨੁਸਾਰ, ਭਾਈ ਮਨੀ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਪਹੁੰਚ, ਸ੍ਰੀ ਦਰਬਾਰ ਸਾਹਿਬ ਦੀ ਸੇਵਾ ਨੂੰ ਸੰਭਾਲ ਲਿਆ। ਗੁਰੂ ਮਰਯਾਦਾ ਅਨੁਸਾਰ ਇਹ ਸ੍ਰੀ ਹਰਿਮੰਦਰ ਸਾਹਿਬ ਦੇ ਤੀਸਰੇ ਗ੍ਰੰਥੀ ਸਨ : ਪ੍ਰਥਮੇ ਇਹ ਸੇਵਾ ਬਾਬਾ ਬੁੱਢਾ ਸਾਹਿਬ ਨੂੰ ਪ੍ਰਾਪਤ ਹੋਈ, ਜੋ ਮੱਘਰ ਸੁਦੀ ਚੌਥ ਸੰਮਤ 1688 ਬਿ: (16 ਨਵੰਬਰ 1631 ਈ:) ਨੂੰ ਗੁਰਪੁਰੀ ਪਧਾਰ ਗਏ। ਇਨ੍ਹਾਂ ਦੇ ਬਾਅਦ ਇਹ ਸੇਵਾ ਭਾਈ ਗੁਰਦਾਸ ਜੀ ਨੂੰ ਮਿਲੀ, ਜੋ ਅੰਮ੍ਰਿਤਸਰ ਦੀ ਪਹਿਲੀ ਜੰਗ ਤੋਂ ਬਾਅਦ 25 ਭਾਦਰੋਂ ਸੁਦੀ ਪੰਚਮੀ ਸੰਮਤ 1693 ਬਿ: (25 ਅਗਸਤ 1636 ਈ:) ਨੂੰ ਪ੍ਰਲੋਕ ਗਮਨ ਕਰ ਗਏ ਸਨ। ਇਨ੍ਹਾਂ ਦੇ ਬਾਅਦ ਫਿਰ ਭਾਈ ਮਨੀ ਸਿੰਘ ਦਾ ਹੀ ਜ਼ਿਕਰ ਆਉਂਦਾ ਹੈ।

ਭਾਈ ਮਨੀ ਸਿੰਘ ਜੀ, ਭਾਈ ਸੇਵਾ ਸਿੰਘ ਦੇ ਕਥਨ ਅਨੁਸਾਰ, ਸੀਸ-ਭੇਟ ਕੌਤਕ ਤੋਂ ਬਾਦ ਉਸੇ ਸਾਲ ਸ੍ਰੀ ਅੰਮ੍ਰਿਤਸਰ ਪਹੁੰਚੇ ਸਨ ਅਤੇ ਇਨ੍ਹਾਂ ਨੇ ਜੇਠ ਸੁਦੀ ਚੌਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਤੇ ਪਿਛਲੀ ਸੋਢੀਆਂ ਦੀ ਚਲਾਈ ਮਰਯਾਦਾ ਨੂੰ ਬੰਦ ਕਰ ਕੇ ਗੁਰ-ਮਰਯਾਦਾ ਦਾ ਪ੍ਰਵਾਹ ਚਲਾਇਆ ਸੀ।

ਸ੍ਰੀ ਦਸਮੇਸ਼ ਜੀ ਕੱਤਕ ਸੁਦੀ ਪੰਚਮੀ 1765 ਬਿ: (1708 ਈ:) ਨੂੰ ਨਾਂਦੇੜ (ਦੱਖਣ) ਵਿੱਚ ਜੋਤੀ ਜੋਤ ਸਮਾ ਗਏ। ਇਨ੍ਹਾਂ ਤੋਂ ਪਿਛੋਂ ਸਿੱਖੀ ਦੀ ਲਹਿਰ ਨੂੰ ਸੋਕੇ ਦਾ ਖ਼ਤਰਾ ਸੀ। ਭਾਈ ਮਨੀ ਸਿੰਘ ਨੇ ਸਮੇਂ ਦੀ ਨਜ਼ਾਕਤ ਨੂੰ ਪਛਾਣਦੇ ਹੋਏ ਸੰਮਤ 1766 ਬਿ: (1709 ਈ:) ਦੀ ਵੈਸਾਖੀ ਸ੍ਰੀ ਅੰਮ੍ਰਿਤਸਰ ਮੰਨਾਉਣ ਲਈ ਦੂਰ ਦੂਰ ਤੱਕ ਪੱਤ੍ਰ ਘੱਲੇ। ਇਹ ਢੰਗ ਜੱਥੇਬੰਦੀ ਨੂੰ ਮਜ਼ਬੂਤ ਕਰਨ ਦਾ ਸੀ।

30 ਮੱਘਰ 1767 ਬਿ: (30 ਨਵੰਬਰ, 1710 ਈ:) ਨੂੰ ਬਾਬਾ ਬੰਦਾ ਸਿੰਘ ਜੀ ਲੋਹ ਗੜ੍ਹ ਦੇ ਕਿਲ੍ਹੇ ਵਿਚੋਂ ਆਪਣੀ ਜਗ੍ਹਾ ਭਾਈ ਗੁਲਾਬ ਸਿੰਘ ਬਖਸ਼ੀ ਨੂੰ ਛੱਡ ਕੇ ਘੇਰੇ ਵਿਚੋਂ ਨਿਕਲ ਜਾਣ ਤੇ ਕਾਮਯਾਬ ਹੋ ਗਏ। ਅਗਲੇ ਦਿਨ ਕਿਲ੍ਹਾ ਬਾਦਸ਼ਾਹੀ ਫ਼ੌਜਾਂ ਨੇ ਕਬਜ਼ੇ ਕਰ ਲਿਆ। ਇਸ ਤਰ੍ਹਾਂ ਸਾਰਾ ਦੇਸ਼ ਸਿੱਖਾਂ ਦੇ ਹੱਥੋਂ ਨਿਕਲ ਗਿਆ। ਇਸ ਦਾ ਅਸਰ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ 'ਤੇ ਵੀ ਪਿਆ।

ਮਸੱਦੀ (ਕਾਰਕੁੰਨ) ਆਦਿ ਸਭ ਭਾਈ ਸਾਹਿਬ ਦਾ ਸਾਥ ਛੱਡ ਗਏ। ਪਰ ਇਹ ਨਿਰਭੈ, ਨਿਰਮਾਣ ਅਤੇ ਨਿਸ਼ਕਾਮ ਸੇਵਕ, ਗੁਰੂ-ਦਰਬਾਰ ਦੀ ਸੇਵਾ ਤੇ ਡਟੇ ਰਹੇ। ਇਸ ਦਾ ਪਤਾ ਸਾਨੂੰ ਭਾਈ ਸਾਹਿਬ ਦੀ ਆਪਣੀ ਪਤ੍ਰਿਕਾ ਤੋਂ (ਜੋ ਉਨ੍ਹਾਂ ਲੋਹਗੜ੍ਹ ਦੀ ਘਟਨਾ ਤੋਂ ਪੌਣੇ ਚਾਰ ਮਹੀਨੇ ਬਾਅਦ 22 ਵੈਸਾਖ ਨੂੰ ਪੂਜ ਮਾਤਾ ਸੁੰਦਰੀ ਜੀ ਦੀ ਸੇਵਾ ਵਿੱਚ ਅੰਮ੍ਰਿਤਸਰ ਤੋਂ ਦਿੱਲੀ ਭੇਜੀ ਸੀ) ਲੱਗਦਾ ਹੈ।

ਸੰਮਤ 1768 ਬਿ: (1711 ਈ:) ਵਿੱਚ ਹੀ ਬਾਦਸ਼ਾਹ ਬਹਾਦਰ ਸ਼ਾਹ ਦੇ ਜਨਮ ਦਿਨ 'ਤੇ ਮਾਘੀ ਵਾਲੇ ਦਿਨ ਅੰਮ੍ਰਿਤਸਰ ਦੀ ਬਾਰਾਂ ਪਿੰਡਾਂ ਦੀ ਜਗੀਰ ਜੋ ਪਹਿਲਾਂ ਬੱਜਰ ਸੀ, ਮਾਤਾ ਜੀ ਦੇ ਪਾਲਤ ਪੁੱਤਰ ਅਜੀਤ ਸਿੰਘ ਰਾਹੀਂ ਵਾਪਸ ਮਿਲੀ ਸੀ। ਇਸਦੇ ਇੰਤਜਾਮ ਵਾਸਤੇ ਰਤਨ ਸਿੰਘ ਭੰਗੂ ਦੇ ਕਥਨ ਅਨੁਸਾਰ ਭਾਈ ਮਨੀ ਸਿੰਘ ਨੂੰ ਸਮਝਾ ਬੁਝਾ ਕਿ ਅੰਮ੍ਰਿਤਸਰ ਭੇਜਿਆ। ਸੰਮਤ 1780 ਬਿ: (1723 ਈ:) ਦੀ ਦੀਪਮਾਲਾ ਨੂੰ ਬੰਦਈ ਤੇ ਅਕਾਲ ਪੁਰਖੀਆਂ (ਤੱਤ ਖ਼ਾਲਸਾ) ਦਾ ਝਗੜਾ ਨਿਪਟਾਉਣ ਸਮੇਂ ਆਪ ਸ੍ਰੀ ਅੰਮ੍ਰਿਤਸਰ ਹੀ ਸਨ ਤੇ ਦੋਹਾਂ ਪਾਰਟੀਆਂ ਨੇ ਇਨ੍ਹਾਂ ਨੂੰ ਸਾਲਸ ਮੰਨ ਲਿਆ, ਇਨ੍ਹਾਂ ਬੜੇ ਸੁਚੱਜੇ ਢੰਗ ਨਾਲ ਝਗੜੇ ਦਾ ਨਿਪਟਾਰਾ ਕੀਤਾ ਸੀ:

ਸਮਤ ਸਤ੍ਰਾਂ ਸੈ ਬਿਤੈ ਊਪਰਿ ਅੱਸੀ ਹੇਰ।
ਧਿਆ ਭਯੋ ਪੂਰਨ ਇਹੈ ਝਗਰਾ ਪੰਥ ਨਿਬੇਰ।

(ਗਿ : ਗਿਆਨ ਸਿੰਘ ਕ੍ਰਿਤ ਪੰਥ ਪ੍ਰਕਾਸ਼,
ਛਾਪ ਦੂਸਰੀ ਲਾਹੌਰੀ, ਪੰਨਾ 359)

ਉਸ ਵੇਲੇ ਦੀਆਂ ਹੋਰ ਦੋ ਪਾਰਟੀਆਂ ਨੇ ਭਾਈ ਸਾਹਿਬ ਨੂੰ ਆਗੂ ਮੰਨ ਕੇ ਜਿਸ ਗੱਦੀ 'ਤੇ ਮਹੰਤ ਅਮਰ ਸਿੰਘ ਖੇਮ ਕਰਨੀਆ ਬੈਠਾ ਸੀ, ਉਸ 'ਤੇ ਭਾਈ ਮਨੀ ਸਿੰਘ ਜੀ ਨੂੰ ਬਿਠਾ ਦਿੱਤਾ :

ਜਹਿ ਬੰਦਯਨ ਥੀ ਗੱਦੀ ਲਗਾਈ।
ਇੰਹ ਥਾਂ ਬੈਝਯੋ ਮਨੀ ਸਿੰਘ ਭਾਈ।
ਆਇ ਸ਼ਰਨ ਜੋ ਉਸ ਕੀ ਪਰੈ।
ਲਾਇ ਤਨਖ਼ਾਹ ਤਿੰਹ ਖਾਲਸੋ ਕਰੈ।15।।

(ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼,
ਛਾਪ ਤੀਸਰੀ, ਪੰਨਾ 1700)

ਭੰਗੂ ਜੀ ਅੱਗੇ ਚੱਲ ਕੇ ਪੰਨਾ 222 ਉਤੇ ਇਉਂ ਲਿਖਦੇ ਹਨ :

ਸਿਖਨ ਕੋ ਸਿਖੀ ਦਿੜਾਵੈ।
ਸਿਖੀਓ ਚੁਕੈ ਤਿਸ ਤਨਖਾਹ ਲਾਵੈ।44।..
ਪੁਜਾਰਨ ਸਿਰ ਬਡੋ ਪੁਜਾਰੀ।
ਹੁਤੋ ਸਤਿਗੁਰੁ ਘਰ ਬਡ ਇਤਬਾਰੀ।
ਅਕਾਲ ਬੁੰਗੇ ਕੋ ਤਖਤ ਸੁ ਬੈਠੇ।
ਖਤਾਦਾਰ ਕੇ ਕੰਨ ਸੁ ਐਠੇ।9।

ਭਾਈ ਸਾਹਿਬ ਦੀ ਉਮਰ ਇਸ ਵੇਲੇ ਉਨਾਸੀ ਵਰ੍ਹਿਆਂ ਦੀ ਸੀ। ਇਹ ਸਪੱਸ਼ਟ ਹੈ ਕਿ ਉਹ ਬਾਹਰ ਮੈਦਾਨ ਵਿਚ ਜਾ ਕੇ ਅਗਵਾਈ ਨਹੀਂ ਸਨ ਕਰ ਸਕਦੇ, ਬਲਕਿ ਇੱਕ ਬਜ਼ੁਰਗ ਦੀ ਹੈਸੀਅਤ ਵਿਚ ਸਲਾਹ-ਮਸ਼ਵਰਾ ਦੇ ਸਕਦੇ ਸਨ। ਇਹ ਸਮਝੌਤਾ ਪੰਥ ਲਈ ਤਾਂ ਸੁਖਦਾਈ ਹੋਇਆ, ਪਰੰਤੂ ਹਕੂਮਤ ਦੇ ਦਿਲ ਅੰਦਰ ਕੰਡੇ ਵਾਂਗੂ ਰੜਕਿਆ, ਜਿਸ ਦਾ ਅਸਰ ਦਿੱਲੀ ਦੀਆਂ ਸੰਗਤਾਂ 'ਤੇ ਮਾੜਾ ਪਿਆ। ਸ਼ਹੀਦ ਬਿਲਾਸ ਦੇ ਕਥਨ ਅਨੁਸਾਰ ਇਹ ਖ਼ਬਰ ਭਾਈ ਸਾਹਿਬ ਨੂੰ ਅੰਮ੍ਰਿਤਸਰ ਪਹੁੰਚੀ ਕਿ ਸਤਿਗੁਰਾਂ ਦੇ ਰਿਸ਼ਤੇਦਾਰ ਭਾਈ ਸਾਹਿਬ ਸਿੰਘ ਜੋ ਮਾਤਾ ਸਾਹਿਬ ਕੌਰਾਂ ਦੇ ਭਰਾ ਸਨ, 60 ਬਲੀ ਸਿੰਘਾਂ ਸਮੇਤ ਇਸ ਹੋਏ ਸਮਝੌਤੇ ਤੋਂ ਤਿੰਨ ਕੁ ਮਹੀਨੇ ਬਾਅਦ ਮਾਘ ਸੁਦੀ ਚੌਥ ਸੰਮਤ 1780 ਬਿ: (1723 ਈ:) ਨੂੰ ਸ਼ਹਾਦਤ ਪਾ ਗਏ ਤੇ ਅਗਲੇ ਦਿਨ ਮਾਤਾ ਜੀ ਦੇ ਪਾਲਿਤ ਪੁੱਤ੍ਰ ਅਜੀਤ ਸਿੰਘ ਨੂੰ ਹਾਥੀ ਦੇ ਪੈਰਾਂ ਨਾਲ ਬੰਨ੍ਹ ਕੇ ਮਰਵਾ ਦਿੱਤਾ ਗਿਆ।

ਇਸ ਤਰ੍ਹਾਂ ਭਾਈ ਮਨੀ ਸਿੰਘ ਤੇ ਦਿੱਲੀ ਵਾਲਿਆਂ ਮੁਖੀ ਸਿੱਖਾਂ ਦੇ ਵਿਚਕਾਰ, ਜਿਹੜੀ ਸੰਗਲੀ ਸੀ, ਉਹ ਟੁੱਟ ਗਈ। ਇਹ ਘਟਨਾਵਾਂ ਵਾਪਰਨ ਉਪਰੰਤ ਮਾਤਾ ਜੀ ਦਾ ਦਿੱਲੀ ਛੱਡ ਕੇ ਮਥਰਾ ਚਲੇ ਜਾਣਾ ਰਾਜਸੀ ਤੌਰ ਤੇ ਇੱਕ ਬਹੁਤ ਵੱਡੀ ਸੱਟ ਸੀ। ਇਸ ਘਟਨਾ ਤੋਂ ਇਕ ਸਾਲ ਪਹਿਲੋਂ ਭਾਈ ਸਾਹਿਬ ਦਾ ਨਿਕਟਵਰਤੀ ਸਾਥੀ ਭਾਈ ਤਾਰਾ ਸਿੰਘ ਡਲ ਵਾਂ, ਜੋ ਰਾਜਸੀ ਤੌਰ ਤੇ ਚੰਗਾ ਸੂਝ-ਬੂਝ ਵਾਲਾ ਸਿੰਘ ਸੀ, ਮਾਘ ਵਦੀ ਚੌਥ ਸੰਮਤ 1779 ਬਿ: (1722 ਈ:) ਨੂੰ 22 ਚੌਣਵਿਆਂ ਸਿੰਘਾਂ ਸਮੇਤ ਸ਼ਹੀਦੀ ਪਾ ਗਿਆ ਸੀ। ਇਹ ਸਮਾਂ ਭਾਈ ਸਾਹਿਬ ਦੇ ਇਮਤਿਹਾਨ ਦਾ ਸੀ, ਜਦੋਂ ਕਿ ਚਾਰੋਂ ਤਰਫ਼ ਖਾਲਸੇ ਦਾ ਪੱਤਾ-ਪੱਤਾ ਵੈਰੀ ਸੀ।

ਸੰਮਤ 1780 ਬਿ: ਤੋਂ ਲੈ ਕੇ 1790 ਬਿ: ਤੱਕ ਦੇ ਸਮੇਂ ਦਾ ਕੁੱਝ ਥਹੁ-ਪਤਾ ਨਹੀਂ ਚੱਲਦਾ ਕਿ ਭਾਈ ਮਨੀ ਸਿੰਘ ਨੇ ਅੰਮ੍ਰਿਤਸਰ ਵਿੱਚ ਕਿਤਨਾ ਚਿਰ ਨਿਵਾਸ ਕੀਤਾ ਤੇ ਬਾਹਰ ਸਿੱਖ-ਸੰਗਤਾਂ ਦੇ ਸੱਦੇ 'ਤੇ ਕਿੱਥੇ-ਕਿੱਥੇ ਗਏ। ਸ਼ਹੀਦ ਬਿਲਾਸ ਅਨੁਸਾਰ ਸੰਮਤ 1790 ਬਿ: (1733 ਈ:) ਦੀ ਦੀਪਮਾਲਾ ਦੇ ਮੇਲੇ ਦੀ ਮੰਨਜ਼ੂਰੀ ਦਸ ਦਿਨ ਵਾਸਤੇ ਭਾਈ ਸਾਹਿਬ ਨੇ ਲਾਹੌਰੀ ਸਿੱਖ ਭਾਈ ਸੂਰਤ ਸਿੰਘ ਸੂਰੀ ਤੇ ਭਾਈ ਸੁਬੇਗ ਸਿੰਘ ਜੰਬਰ ਆਦਿ ਰਾਹੀਂ ਹਾਸਲ ਕਰ ਲਈ ਸੀ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਿੱਛੋਂ ਇਕੋ ਸਮੇਂ, ਦੇਸ਼ ਵਿੱਚ ਤਿੰਨ ਵੱਡੇ ਸਿੱਖ-ਕੇਂਦ੍ਰ ਬਣ ਗਏ ਸਨ: ਪਹਿਲਾ ਅੰਮ੍ਰਿਤਸਰ, ਜੋ ਸਤਿਗੁਰਾਂ ਦੇ ਸਮੇਂ ਤੋਂ ਹੀ ਚੱਲਿਆ ਆਉਂਦਾ ਸੀ ਤੇ ਦੂਸਰਾ ਦਿੱਲੀ ਤੇ ਤੀਸਰਾ ਸਰਹੰਦ। ਇਸ ਵੇਲੇ ਸਿਰਫ਼ ਅੰਮ੍ਰਿਤਸਰ ਹੀ ਸੀ, ਜੋ 1780 ਬਿ: ਦੇ ਬਾਅਦ ਹਕੂਮਤ ਦੀਆਂ ਅੱਖਾਂ ਵਿੱਚ ਰੜਕ ਰਿਹਾ ਸੀ। ਜਦ ਮੇਲਾ ਨੇੜੇ ਆ ਗਿਆ ਤਾਂ ਮੁਖ਼ਬਰਾਂ ਨੇ ਲਾਹੌਰ ਸਰਕਾਰ ਨੂੰ ਉਕਸਾਉਣਾ ਸ਼ੁਰੂ ਕੀਤਾ। ਇਹ ਖ਼ਬਰ ਲਾਹੌਰੀ ਸਿੱਖਾਂ ਰਾਹੀਂ ਭਾਈ ਮਨੀ ਸਿੰਘ ਨੂੰ ਵੀ ਪਹੁੰਚ ਗਈ। ਇਸ ਤਰ੍ਹਾਂ ਮੇਲੇ

ਵਿੱਚ ਰੁਕਾਵਟ ਪੈਦਾ ਹੋਣ ਦੀ ਗੱਲ ਚੱਲ ਪਈ।

ਸ਼ਹੀਦ ਬਿਲਾਸ ਦੇ ਕਥਨ ਅਨੁਸਾਰ ਭਾਈ ਮਨੀ ਸਿੰਘ ਦੀ ਜਵਾਬ-ਤਲਬੀ ਹੋਈ ਅਤੇ ਇਨ੍ਹਾਂ ਭਾਈ ਭੂਪਤ ਸਿੰਘ ਤੇ ਗੁਲਜ਼ਾਰ ਸਿੰਘ ਨੂੰ ਲਾਹੌਰ ਭੇਜ ਕੇ ਦੁਬਾਰਾ ਦਸ ਦਿਨ ਵਾਸਤੇ ਵੈਸਾਖੀ ਦੇ ਮੇਲੇ ਦੀ ਇਜਾਜ਼ਤ ਲੈ ਲਈ। ਜ਼ਕਰੀਆ ਖ਼ਾਨ ਨੇ ਸਿੰਘਾਂ ਦੀ ਗੱਲ ਦਾ ਜਵਾਬ ਦੇਂਦਿਆਂ ਇਹ ਤਸੱਲੀ ਕਰਾ ਦਿੱਤੀ ਕਿ ਸਾਡੇ ਵੱਲੋਂ ਕੋਈ ਛੇੜਖਾਨੀ ਨਹੀਂ ਹੋਵੇਗੀ। ਪਰ ਸਰਕਾਰ ਦੇ ਮਨ ਵਿੱਚ (ਪੈਸੇ ਨਾਲੋਂ) ਇਕੱਤ੍ਰ ਹੋਏ ਸਿੱਖਾਂ ਦੇ ਬਾਗੀ ਲਹੂ ਨੂੰ ਵਹਿੰਦਿਆਂ ਵੇਖਣ ਦੀ ਚਾਹ ਵਧੇਰੇ ਬਲਵਾਨ ਸੀ। ਪੰਜ ਮਹੀਨੇ ਗੁਜ਼ਰ ਗਏ, ਸਿੱਖਾਂ ਨੂੰ ਧੋਖੇ ਨਾਲ ਘੇਰ ਕੇ ਮਾਰਨ ਦੀ ਘੁਸਰ-ਮੁਸਰ ਸ਼ੁਰੂ ਹੋਈ। ਭਾਈ ਸਾਹਿਬ ਤੱਕ ਇਸ ਦੀ ਕੰਨਸੋ ਪਹੁੰਚੀ। ਇਸ ਦਾ ਨਤੀਜਾ ਜੋ ਅੱਗੇ ਨਿਕਲਿਆ ਸੀ, ਉਹੀ ਫੇਰ ਨਿਕਲਿਆ ਤੇ ਜੰਗੀ ਸਿੰਘਾਂ ਵਿਚੋਂ ਇੱਕ ਵੀ ਜਥਾ ਨਾ ਪਹੁੰਚਿਆ।

ਭਾਈ ਮਨੀ ਸਿੰਘ ਇਸ ਭਿਆਨਕ ਮਸਲੇ ਤੋਂ ਬੇਖ਼ਬਰ ਨਹੀਂ ਹੋ ਸਕਦੇ ਸਨ। ਕੁੱਝ ਤਾਂ ਸਰਕਾਰ ਦੇ ਸਬਰ ਦਾ ਪਿਆਲਾ ਅੱਗੇ ਹੀ ਛਲਕਿਆ ਹੋਇਆ ਸੀ ਤੇ ਰਹਿੰਦੀ ਖੂੰਹਦੀ ਕਸਰ ਨਿਰੰਜਨ ਰਾਇ ਆਦਿ ਮੁਖ਼ਬਰਾਂ ਪੂਰੀ ਕਰ ਦਿੱਤੀ। ਜ਼ਕਰੀਆ ਖ਼ਾਨ ਨਾਜ਼ਮ ਨੇ ਲੱਖਪਤ ਰਾਇ ਦੀ ਕਮਾਨ ਹੇਠ ਪਹਿਲੋਂ ਵੀ ਕੁੱਝ ਫੌਜ ਭੇਜੀ ਹੋਈ ਸੀ, ਜੋ ਅੰਮ੍ਰਿਤਸਰ ਤੋਂ ਬਾਹਰ ਰਾਮ ਤੀਰਥ 'ਤੇ ਠਹਿਰੀ ਹੋਈ ਸੀ ਤੇ ਦੁਬਾਰਾ ਹੋਰ ਫੌਜ ਭੇਜ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਜਾ ਘੇਰਿਆ। ਭਾਈ ਕੇਸਰ ਸਿੰਘ ਛਿੱਬਰ ਇਸ ਘਟਨਾ ਵੇਲੇ ਸਮੇਤ ਆਪਣੇ ਭਰਾ ਤੇ ਪਿਤਾ ਗੁਰਬਖਸ਼ ਸਿੰਘ ਦੇ ਉਥੇ ਹੀ ਸੀ। ਉਸ ਦੀ ਮੌਕਿਆਂ ਦੀ ਗਵਾਹੀ ਇਉਂ ਹੈ :

ਤੁਰਕ ਚੜ੍ਹ ਲਹੌਰੋਂ ਅਚਣਚੇਤੇ ਆਇ ਪਏ।
ਬਹੁਤ ਸਿਖ ਮਾਰੇ ਨਸ ਹਰਿਮੰਦਰ ਵੜ ਗਏ।
ਗਿਰਦ ਤੁਰਕਾਂ ਘੇਰੇ ਪਾ ਲਏ ।45।
ਕੀਤੀ ਕਸਮ ਸੁਗੰਦ ਮੰਦਰੋ ਕਢਵਾਹੇ।
ਹਥਿਆਰ ਸਭਨਾਂ ਦੇ ਗਲੋਂ ਲੁਹਾਏ।
ਕਰ ਇਕੱਠੇ ਸਭ ਪੰਗਤ ਬਹਾਏ।
ਲਗੀ ਵਗਨ ਤਰਵਾਰ ਸਿਰ
ਸਭਨਾਂ ਦੇ ਕਢਵਾਏ। 46।
ਅਸੀ ਭੀ ਤਿਸ ਜੁਧ ਵਿੱਚ
ਪਿਤਾ ਨਾਲ ਨਿਕੇ ਨਿਕੇ ਆਹੇ।
ਕਿਆ ਦੇਖੀਏ ਸਭੇ ਸਿੱਖ ਕੱਟ
ਅੰਮ੍ਰਿਤਸਰ ਵਿਚ ਤੁਰਕਾਂ ਪਾਏ।
ਨਾਲੇ ਰੁਖ ਗਿਰਦੇ ਦੇ ਸਭੇ ਕੱਟ ਵਿਚ ਪਵਾਏ।
ਤਿਨ ਸਿਖਾਂ ਦੇ ਹਥ ਪੈਰ ਕੱਛ
ਕੱਟ ਕਪੜੇ ਸ੍ਰੌਨ ਸੇ ਭਰੇ।

(ਬੰਸਾਵਲੀ ਨਾਮਾ, ਚਰਨ 14ਵਾਂ)

ਵਿਆਖਿਆਕਾਰ :

ਅੱਜ ਸਿੱਖੀ ਵਿੱਚ ਵੱਧਦੇ ਪਤਿਤਪੁਣੇ ਤੇ ਸਿੱਖੀ ਪ੍ਰਤੀ ਲਗਾਉ ਦੀ ਘਾਟ ਦਾ ਇੱਕ ਪ੍ਰਮੁੱਖ ਕਾਰਨ, ਸਿੱਖੀ ਵਿਚਾਰਧਾਰਾ ਨੂੰ ਸਮਝਾਉਣ ਵਾਲਿਆਂ ਦੀ ਘਾਟ ਹੈ। ਪਾਠ ਅਤੇ ਕੀਰਤਨ ਕਰਨ ਵਾਲੇ ਗ੍ਰੰਥੀ, ਕੀਰਤਨੀਏ ਤਾਂ ਸਾਨੂੰ ਬਥੇਰੇ ਮਿਲ ਜਾਣਗੇ, ਪਰ ਗੁਰਬਾਣੀ ਦੇ ਵਿਆਖਿਆਕਾਰ ਟਾਂਵੇ-ਟਾਂਵੇ ਹੀ ਹਨ। ਜੋ ਵਿਆਖਿਆਕਾਰ ਹਨ, ਉਹ ਵੀ ਜ਼ਿਆਦਾਤਰ ਆਪਣੇ ਬਾਰੇ ਜ਼ਿਆਦਾ ਤੇ ਆਪਣੇ ਵਿਸ਼ੇ ਬਾਰੇ ਘੱਟ ਵਿਆਖਿਆ ਦੇਣਗੇ।

ਸਿੱਖੀ ਵਿਚ ਵਿਆਖਿਆ ਕਰਨ ਦੀ ਪਿਰਤ ਤਾਂ ਭਾਵੇਂ ਗੁਰੂ ਸਾਹਿਬਾਨਾਂ ਨੇ ਆਪ ਹੀ ਸ਼ੁਰੂ ਕਰ ਦਿੱਤੀ ਸੀ ਤੇ ਭਾਈ ਗੁਰਦਾਸ ਜੀ ਨੇ ਵਾਰਾਂ ਵਿੱਚ ਸਿੱਖੀ ਦਾ ਬਖੂਬੀ ਵਰਨਣ ਕੀਤਾ ਸੀ ਪਰ ਸਮੇਂ ਨਾਲ ਬਦਲਦੇ ਸਥਿਤੀ ਸੰਦਰਭ ਤੇ ਭਾਸ਼ਾ ਕਰਕੇ ਗੁਰਬਾਣੀ ਤੇ ਭਾਈ ਗੁਰਦਾਸ ਦੀਆਂ ਵਾਰਾਂ ਦੇ ਅਰਥ ਸਮਝਣੇ ਕਠਿਨ ਹੁੰਦੇ ਗਏ।

ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਜਿਸ ਤਰ੍ਹਾਂ ਭਾਈ ਮਨੀ ਸਿੰਘ ਜੀ ਨੇ ਵਿਆਖਿਆ ਕਰਕੇ ਸਿੱਖਾਂ ਦੀ ਸਮਝ ਵਿੱਚ ਢਾਲਣ ਦੀ ਅਨੂਠੀ ਪ੍ਰਣਾਲੀ ਸ਼ੁਰੂ ਕੀਤੀ, ਉਸ ਨੇ ਪਿਛਲੇਰੇ ਵਿਆਖਿਆਕਾਰਾਂ ਲਈ ਚਾਨਣ ਮੁਨਾਰੇ ਦਾ ਕੰਮ ਕੀਤਾ।

ਵਿਆਖਿਆਕਰਣ ਇਕ ਉਹ ਸਿਰਜਣਾਤਮਿਕ ਕਲਾ ਹੈ, ਜੋ ਕਿਸੇ ਅਨੁਭਵੀ ਸਾਹਿਤਕ ਕਿਰਤ ਦੇ ਵਿਚਾਰਾਂ, ਭਾਵਾਂ ਤੇ ਭਾਵਨਾਵਾਂ ਨੂੰ ਸਪੱਸ਼ਟ ਕਰਨ ਦਾ ਯਤਨ ਕਰਦੀ ਹੈ। ਗੁਰਬਾਣੀ ਧੁਰ ਕੀ ਬਾਣੀ ਹੈ ਤੇ ਇਸ ਦੀ ਵਿਆਖਿਆ ਵੀ ਕੋਈ ਧੁਰ ਨੂੰ ਪਹੁੰਚਿਆ ਹੀ ਕਰ ਸਕਦਾ ਹੈ, ਨਹੀਂ ਤਾਂ ਵਿਆਖਿਆ ਬੇਅਰਥੀ ਹੋਵੇਗੀ। ਸਮੇਂ-ਸਮੇਂ ਗੁਰਬਾਣੀ ਦੀਆਂ ਵੱਖ-ਵੱਖ ਵਿਆਖਿਆ-ਪ੍ਰਣਾਲੀਆਂ ਅਪਣਾਈਆਂ ਗਈਆਂ ਹਨ ਜਿਨ੍ਹਾਂ ਵਿੱਚ ਸਹਿਜ ਪ੍ਰਣਾਲੀ, ਭਾਈ ਪ੍ਰਣਾਲੀ, ਪਰਮਾਰਥ ਪ੍ਰਣਾਲੀ, ਉਦਾਸੀ ਪ੍ਰਣਾਲੀ, ਨਿਰਮਲ ਪ੍ਰਣਾਲੀ, ਸੰਪ੍ਰਦਾਈ ਪ੍ਰਣਾਲੀ, ਸਿੰਘ ਸਭਾਈ ਪ੍ਰਣਾਲੀ ਆਦਿ ਕਾਫੀ ਪ੍ਰਚਲਤ ਪ੍ਰਣਾਲੀਆਂ ਰਹੀਆਂ ਹਨ। ਪਰ ਇਨ੍ਹਾਂ ਵਿੱਚੋ ਸਿਰਕੱਢ ਸੰਪ੍ਰਦਾਈ ਪ੍ਰਣਾਲੀ ਰਹੀ ਹੈ। ਜਦ ਗੁਰੂ ਗੋਬਿੰਦ ਸਿੰਘ ਜੀ ਨੇ (ਗੁਰੂ) ਗ੍ਰੰਥ ਸਾਹਿਬ ਦਾ ਸੰਪਾਦਨ ਕਰਵਾਇਆ ਤਾਂ ਗੁਰੂ ਗ੍ਰੰਥ ਸਾਹਿਬ ਦੇ ਅਰਥ ਕਰਨ ਦੀ ਪਿਰਤ ਵੀ ਪਈ। ਭਾਈ ਮਨੀ ਸਿੰਘ ਜੀ ਤੇ ਹੋਰ ਕਈ ਸਿੱਖਾਂ ਨੇ ਬਾਣੀ ਦੇ ਅਰਥ ਗੁਰੂ ਸਾਹਿਬ ਦੇ ਮੁਖਾਰਬਿੰਦ ਤੋਂ ਸੁਣੇ। ਅੱਗੋਂ ਭਾਈ ਮਨੀ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਸੰਗਤਾਂ ਨੂੰ ਸੁਣਾਏ। ਇਸ ਤਰ੍ਹਾਂ ਇਨ੍ਹਾਂ ਅਰਥਾਂ ਦੀ ਟਕਸਾਲ ਬਣ ਗਈ ਜਿਸ ਨੂੰ ਸੰਪਰਦਾਈ ਜਾਂ ਗਿਆਨੀ ਟਕਸਾਲ ਕਹਿਣ ਲੱਗ ਪਏ। ਇਸ ਪ੍ਰਣਾਲੀ ਨੂੰ

ਪ੍ਰਮਾਣਿਕਤਾ ਇਸ ਲਈ ਮਿਲੀ ਕਿਉਂਕਿ ਇਹ ਅਰਥ ਗੁਰੂ ਮੁੱਖ ਤੋਂ ਆਏ ਅਤੇ ਸੀਨਾ ਬਸੀਨਾ ਤੁਰੇ ਆ ਰਹੇ ਹਨ।

ਇਸ ਪ੍ਰਣਾਲੀ ਦੇ ਮੋਢੀ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਸਨ, ਪਰ ਭਾਈ ਮਨੀ ਸਿੰਘ ਜੀ ਨੇ ਇਸ ਪ੍ਰਣਾਲੀ ਨੂੰ ਇਕ ਸੰਗਠਿਤ ਰੂਪ ਦਿੱਤਾ। ਭਾਈ ਸਾਹਿਬ ਮਹਾਨ ਭਗਤ, ਸੂਰਮੇ, ਵਿਦਵਾਨ, ਪ੍ਰਚਾਰਕ, ਕਥਾ ਵਾਚਕ ਤੇ ਸ਼ਹੀਦ ਹੋਏ ਹਨ ਜਿਨ੍ਹਾਂ ਦਾ ਨਾਂ ਸਿੱਖ ਇਤਿਹਾਸ ਦਾ ਇੱਕ ਮੀਲ ਪੱਥਰ ਹੈ। ਜੇ ਉਨ੍ਹਾਂ ਦੇ ਜੀਵਨ 'ਤੇ ਇੱਕ ਝਾਤ ਮਾਰੀਏ ਤਾਂ ਅਜਿਹੇ ਅਣਮੋਲ ਹੀਰੇ ਦੇ ਵਿਲੱਖਣ ਗੁਣ ਡਲ੍ਹਕਦੇ ਨਜ਼ਰ ਆਉਣਗੇ।

ਵਿਆਖਿਆਕਾਰ ਦੇ ਤੌਰ ਤੇ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਸ਼ੁਰੂ ਕਰ ਲਈ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦੇ ਸਾਥੀ ਹੋਣ ਕਰਕੇ ਆਪ ਜੀ ਨੂੰ ਗੁਰੂ ਤੇਗ ਬਹਾਦਰ ਜੀ ਵੇਲੇ ਹੀ ਬਾਣੀ ਦੀ ਵਿਆਖਿਆ ਗੁਰੂ ਮੁੱਖ ਤੋਂ ਸੁਣਨ ਦਾ ਅਵਸਰ ਪ੍ਰਾਪਤ ਹੋ ਗਿਆ ਸੀ। ਫਿਰ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਉਹ ਗੁਰੂ ਸਾਹਿਬ ਦੀ ਬਾਣੀ ਵਿਆਖਿਆ ਸੁਣਦੇ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਆਪ ਵੀ ਵਿਆਖਿਆ ਕਰਦੇ ਤੇ ਸਾਥੀਆਂ ਨੂੰ ਸੁਣਾਉਂਦੇ ਸਨ। (ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾ 193)

ਭਾਈ ਸਾਹਿਬ ਦਾ ਜਪੁਜੀ ਦਾ ਟੀਕਾ ਬੜਾ ਉੱਤਮ ਤੇ ਸ੍ਰੇਸ਼ਟ ਹੈ। ਇਸ ਟੀਕੇ ਦੇ ਪਾਠ ਤੋਂ ਭਾਈ ਸਾਹਿਬ ਦੀ ਅਧਿਆਤਮਿਕਤਾ ਦਾ ਅਨੁਭਵ ਪ੍ਰਾਪਤ ਹੁੰਦਾ ਹੈ। ਜਿਸ ਤਰ੍ਹਾਂ ਆਪ ਨੇ ਅਗਮ ਤੇ ਅਗੋਚਰ ਨੂੰ ਵੇਖਿਆ ਹੋਵੇ। ਟੀਕੇ ਦੀ ਸਰਲਤਾ, ਨਿਸ਼ਚੇ-ਭਰਪੂਰਤਾ, ਸੰਖੇਪਤਾ, ਸੰਕੋਚਵਾਂਪਨ, ਸਪਸ਼ਟਤਾ, ਦ੍ਰਿੜਤਾ, ਸੂਝ ਰਸੀ ਸਿਆਣਪ, ਸ਼ੈਲੀ ਦੀ ਕੋਮਲਤਾ ਆਪ ਜੀ ਦੀ ਮਹਾਨਤਾ ਦੇ ਪ੍ਰਮਾਣ ਹਨ, ਜਿਵੇਂ ਗੁਰੂ ਬਾਬੇ ਦਾ ਅਧਿਕਾਰ ਸੰਪੰਨ ਪ੍ਰਤੀਨਿਧਤਾ ਕਰ ਰਿਹਾ ਹੋਵੇ। ਲਫਜ਼ਾਂ ਦੀ ਕੈਦ ਤੋਂ ਦੂਰ ਗੁਰਮਤਿ ਦੇ ਹਰ ਸਿਧਾਂਤ ਦਾ ਆਪਣੇ ਆਪ ਵਿਚ ਹੀ ਨਿਰਣਾ ਹੋਇਆ ਮਿਲਦਾ ਹੈ।

ਗੁਰੂ ਅਰਜਨ ਸਾਹਿਬ ਦੀ ਹਿਦਾਇਤ ਸੀ ਕਿ ਕਿਤੇ ਪ੍ਰਮਾਣ, ਪ੍ਰਸੰਗ, ਉਥਾਨਕਾ ਆਦਿ ਦੇਣ ਦੀ ਲੋੜ ਨਹੀਂ, ਕੇਵਲ ਸ਼ਬਦੀ ਅਰਥ ਦਿੱਤਾ ਜਾਵੇ। ਇਹ ਟੀਕਾ ਉਤਨੇ ਹੀ ਆਕਾਰ ਵਿਚ ਹੋਵੇ ਜਿਤਨੇ ਵਿਚ ਲੱਗਭੱਗ ਮੂਲ ਪਾਠ ਹੈ।

ਹੇਠ ਲਿਖੇ ਅਰਥ-ਰੂਪ ਟੀਕਾਕਾਰ ਦੇ ਅਧਿਆਤਮਿਕ ਅਨੁਭਵ ਅਤੇ ਟੀਕਾਕਾਰੀ ਦੀ ਨਿਪੁੰਨਤਾ ਦੀ ਸਾਖ ਭਰਦੇ ਹਨ। ਇਕ ਵਾਰ ਅਨੁਭਵੀ ਭੇਦ ਖੋਲ੍ਹਦਾ ਜਾਂਦਾ ਹੈ, ਕੀਤੇ ਅਰਥ 'ਤੇ ਵਿਸ਼ਵਾਸ਼ ਬੱਝਦਾ ਜਾਂਦਾ ਹੈ ਕਿ ਇਹ ਠੀਕ ਹੈ, ਤਸੱਲੀ ਹੁੰਦੀ ਜਾਂਦੀ ਹੈ ਤੇ ਗੁਰਮਤਿ ਸਪੱਸ਼ਟ ਤੇ ਦ੍ਰਿੜ ਹੁੰਦੀ ਜਾਂਦੀ ਹੈ। ਇਹੋ ਅਨੁਭਵੀ ਲੋਕਾਂ ਦੀ ਸਾਖ ਹੈ। ਆਪ ਅਨੁਸਾਰ ਗੁਰਮਤੀ ਸਿਧਾਂਤ ਇਹ ਹਨ :

(1)

ੴ ਇਕ ਜੋ ਅਕਾਲ ਪੁਰਖ ਹੈ।

ਸਤਿਨਾਮੁ : ਸਤ ਉਸ ਦਾ ਨਾਮ ਹੈ।

ਕਰਤਾ ਪੁਰਖੁ :ਸ੍ਰਿਸ਼ਟੀ ਦਾ ਕਰਤਾ ਹੈ ਤੇ ਸਰਬ ਵਿਚ ਪੂਰਨ।

ਗੁਰਪ੍ਰਸਾਦਿ :ਗੁਰਾਂ ਦੀ ਕ੍ਰਿਪਾ ਕਰਕੇ ਨਜ਼ਰ ਆਂਵਦਾ ਹੈ।

ਸੋਚਿ ਨ ਹੋਵਈ

ਮਨ ਨੂੰ ਜੋ ਮੈਲ ਲੱਗੀ ਹੋਈ ਹੈ ਰਾਗ ਦਵੈਖ ਦੀ, ਸੋ ਗਿਆਨ ਤੇ ਨਾਮ ਕਰਕੇ ਦੂਰ ਹੁੰਦੀ ਹੈ ਤੇ ਬਾਹਰੋਂ ਧੋਣ ਕਰਕੇ ਮਨ ਸ਼ੁਧ ਨਹੀਂ ਹੁੰਦਾ।

ਕਿਵ ਕੂੜੈ ਤੁਟੈ ਪਾਲਿ

ਹਉਮੈ ਦੀ ਕੂੜ ਕੰਧ ਕਿਸ ਤਰ੍ਹਾਂ ਢਾਹੇ।

ਹੁਕਮਿ ਰਜਾਈ ਚਲਣਾ

ਜੋ ਵਾਹਿਗੁਰੂ ਦੇ ਹੁਕਮ ਵਿਚ ਹੋਵੇ, ਮਿੱਠਾ ਕਰਕੇ ਮੰਨੇ।

ਲਿਖਿਆ ਨਾਲਿ

ਜੋ ਕੁਝ ਸਾਡੇ ਲੇਖ ਵਿਚ ਹੋਵੇਗਾ ਸੋ ਅੱਛਾ।

ਹੁਕਮੁ ਨ ਕਹਿਆ ਜਾਈ

ਸਾਰਾ ਹੁਕਮ ਦੱਸਿਆ ਨਹੀਂ ਜਾਂਦਾ।

(2)

ਹਉਮੈ ਕਹੈ ਨ ਕੋਇ

ਉਹ ਹੰਗਤਾ ਮਮਤਾ ਨਹੀਂ ਕਰਦਾ।

(3)

ਚਲਾਏ ਰਾਹੁ

ਵਾਹਿਗੁਰੂ ਨੇ ਹੁਕਮ ਵਿਚ ਧਰਮ ਰੂਪ ਰਾਹ ਚਲਾਏ ਹਨ।

ਵਿਗਸੈ ਵੇਪਰਵਾਹੁ

ਉਹ ਬੇਪ੍ਰਵਾਹ ਤੇ ਅਨੰਦ ਰੂਪ ਹੈ।

(4)

ਸਚੁ ਨਾਉ ਵਡਿਆਈ

ਵਡਿਆਈ ਭੀ ਸੱਚੀ ਕਰਦੇ ਹਨ।

ਭਾਖਿਆ ਭਾਉ ਅਪਾਰੁ

ਪ੍ਰੇਮ ਨਾਲ ਬਹੁਤ ਹੀ ਆਖ ਕੇ ਮੰਗਦੇ ਹਨ।

ਫੇਰਿ ਕਿ ਅਗੈ ਰਖੀਐ

ਉਸ ਅਗੇ ਕੀ ਨਜ਼ਰ ਕਰੀਏ।

ਕਰਮੀ ਆਵੈ ਕਪੜਾ

ਭਾਗਾਂ ਨਾਲ ਏਹ ਸਰੀਰ ਮਿਲਦਾ ਹੈ।

ਨਦਰੀ ਮੋਖੁ ਦੁਆਰੁ

ਸੁਵੱਲੀ ਨਜ਼ਰ ਨਾਲ ਮੁਕਤੀ ਮਿਲੇਗੀ।

(5)

ਥਾਪਿਆ ਨ ਜਾਇ ਕੀਤਾ ਨ ਹੋਇ
ਵਾਹਿਗੁਰੂ ਕਿਸੇ ਦਾ ਪੁੱਤ੍ਰ ਜਾਂ ਚੇਲਾ ਨਹੀਂ।
ਗਾਵੀਐ ਸੁਣੀਐ ਮਨਿ ਰਖੀਐ ਭਾਉ

ਮਹਾਤਮਾ ਤੋਂ ਸੁਣ ਕੇ ਮਨ ਵਿਚ ਵਸਾਇਆਂ ਗਿਆਨ ਹੁੰਦਾ ਹੈ।

ਗੁਰਮੁਖਿ ਨਾਦੰ ਗੁਰਮੁਖਿ ਵੇਦੰ..

ਸਦਾ ਹੀ ਕਦੇ ਗੁਰਮੁਖ ਸ਼ਬਦ ਵਿਦਿਆ ਅਤੇ ਕਦੇ ਸਮਾਧੀ ਨਾਲ ਜੁੜਦੇ ਹਨ।

ਗੁਰੁ ਈਸਰੁ ਗੁਰੁ ਗੋਰਖੁ..

ਗੁਰੂ ਸ਼ਿਵ ਵਿਸ਼ਨੂੰ ਬ੍ਰਹਮਾ ਤੇ ਪਾਰਬਤੀ ਸੁਰਤੀ ਲਛਮੀ ਰੂਪੀ ਵੀ ਭਾਸਦੇ ਹਨ।

(6)

ਮਤਿ ਵਿਚਿ ਰਤਨ ਜਵਾਹਰ ਮਾਣਿਕ
ਬੁਧੀ ਵਿਚ ਬੈਰਾਗ ਬਿਬੇਕ ਗਿਆਨ ਹੁੰਦਾ ਹੈ।
ਪਉੜੀ ੨
ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ ੨ ॥

ਹੁਕਮ ਵਿਚ ਹੀ ਬ੍ਰਹਿਮੰਡਾਂ ਦੇ ਆਕਾਰ ਹੋਏ। ਸਾਰਾ ਹੁਕਮ ਦੱਸਿਆ ਨਹੀਂ ਜਾਂਦਾ। ਹੁਕਮ ਵਿਚ ਜੀਵ ਹੋਏ ਤੇ ਹੁਕਮ ਨਾਲ ਹੀ ਵਡਿਆਈ ਮਿਲੀ। ਹੁਕਮ ਨਾਲ ਕੋਈ ਉਤਮ, ਕੋਈ ਨੀਚ ਤੇ ਫੇਰ ਹੁਕਮ ਨਾਲ ਹੀ ਲਿਖੇ ਹੋਏ ਦੁੱਖ ਸੁੱਖ ਜੀਵ ਪਾ ਰਹੇ ਹਨ। ਇਕ ਬਖਸ਼ੇ ਗਏ ਹਨ ਤੇ ਇਕ ਹੁਕਮ ਨਾਲ ਜੂਨਾਂ ਵਿਚ ਫਿਰਦੇ ਹਨ। ਸਾਰੇ ਹੁਕਮ ਦੇ ਵਿਚ ਹੀ ਹਨ। ਬਾਹਰ ਕੋਈ ਨਹੀਂ। ਵਾਹਿਗੁਰੂ ਦੇ ਹੁਕਮ ਤੋਂ ਜਿਸ ਨੇ ਇਹ ਗੱਲ ਜਾਣੀ ਹੈ, ਉਹ ਹੰਗਤਾ ਮਮਤਾ ਨਹੀਂ ਕਰਦਾ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਭਾਈ ਸਾਹਿਬ ਭਾਈ ਮਨੀ ਸਿੰਘ ਇੱਕ ਬਹੁਪੱਖੀ ਸ਼ਖਸੀਅਤ ਸਨ ਤੇ ਸਿੱਖ ਜਗਤ ਦੀ ਉਹ ਲਾਟ ਸਨ, ਜਿਸ ਤੋਂ ਚੁਆਤੀਆਂ ਲੈ ਕੇ ਸਿੱਖੀ ਦੀਆਂ ਰੋਸ਼ਨੀਆਂ ਫੈਲਦੀਆਂ ਜਾਣਗੀਆਂ।

– ਕਰਨਲ (ਡਾ.) ਦਲਵਿੰਦਰ ਸਿੰਘ ਗਰੇਵਾਲ

ਹਵਾਲੇ :

1. ਸਿੱਖਾਂ ਦੀ ਭਗਤਮਾਲਾ ਸਿੱਖ ਰੈਫਰੈਂਸ ਲਾਇਬ੍ਰੇਰੀ ਹੱਥ ਲਿਖਤ ਨੰ: 7398, ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਹੱਥਲਿਖਤ ਨੰ: 2827, ਪੰਜਾਬ ਸਟੇਟ ਆਰਕੀਵਜ਼, ਪਟਿਆਲਾ ਹੱਥਲਿਖਤ ਨੰ: 688.
2. ਸੁਰਿੰਦਰ ਸਿੰਘ ਕੋਹਲੀ (ਡਾ.) ਭਾਈ ਮਨੀ ਸਿੰਘ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
3. ਗਿਆਨੀ ਗਰਜਾ ਸਿੰਘ (ਸੰ.) ਸ਼ਹੀਦ ਬਿਲਾਸ, ਭਾਈ ਮਨੀ ਸਿੰਘ, ਕ੍ਰਿਤ ਕਵੀ ਸੇਵਾ ਸਿੰਘ, ਪੰਜਾਬੀ ਸਾਹਿਤ ਅਕਾਦਮੀ 2 ਨੰਬਰ 1961.
4. ਗਿਆਨੀ ਗਿਆਨ ਸਿੰਘ ਤਵਾਰੀਖ ਸ੍ਰੀ ਅੰਮ੍ਰਿਤਸਰ, ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ 1999.
5. ਗੰਡਾ ਸਿੰਘ (ਡਾ:) ਹੁਕਮਨਾਮੇ, ਪੰਜਾਬੀ ਯੂਨੀਵਰਸਿਟੀ ਪਟਿਆਲਾ 1983, ਪੰ: 207.
6. ਤਾਰਨ ਸਿੰਘ (ਡਾ:)ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅਕਤੂਬਰ 1979, ਪੰਨਾ 191-205.
7. ਧਰਮ ਚੰਦ ਬਾਤਿਸ਼ (ਪ੍ਰੋ:) ਭਾਈ ਮਨੀ ਸਿੰਘ ਰਚਿਤ ਸਿੱਖਾਂ ਦੀ ਭਗਤਮਾਲਾ ਦਾ ਸੰਪਾਦਨ ਅਤੇ ਆਲੋਚਨਾਤਮਿਕ ਅਧਿਐਨ, ਐਮ.ਫਿਲ ਡਿਜ਼ਰਟੇਸ਼ਨ, ਛਾਪਕ ਲਾਹੌਰ ਬੁਕ ਸ਼ਾਪ, 1979.
8. ਪਿਆਰਾ ਸਿੰਘ ਪਦਮ (ਪ੍ਰੋ:) ਸੰਖੇਪ ਸਿੱਖ ਇਤਿਹਾਸ, 1469-1989 ਈ: ਕਲਾ ਮੰਦਿਰ ਪਟਿਆਲਾ 1990.
9. ਪਿਆਰਾ ਸਿੰਘ ਪਦਮ (ਪ੍ਰੋ:) ਪੰਜਾਬੀ ਮਾਝਾ (52 ਕਵੀਆਂ ਦੀ ਅਪ੍ਰਕਾਸ਼ਿਤ ਕਵਿਤਾ) ਸਰਦਾਰ ਸਾਹਿਤ ਭਵਨ ਪਟਿਆਲਾ, ਪੰਨਾ 33.
10. ਪਿਆਰਾ ਸਿੰਘ ਪਦਮ (ਪ੍ਰੋ:) ਤੇ ਗਿਆਨੀ ਗਰਜਾ ਸਿੰਘ (ਸੰ:) ਗੁਰੂ ਦੀਆਂ ਸਾਖੀਆਂ ਕਲਾ ਮੰਦਿਰ ਪਟਿਆਲਾ 1986.
11. ਪਿਆਰਾ ਸਿੰਘ-ਸਿੱਖ ਸ਼ਹੀਦ, ਨੈਸ਼ਨਲ ਬੁੱਕ ਸ਼ਾਪ ਦਿੱਲੀ, 1988 ਪੰਨਾ 72-75.
12. ਭਾਈ ਕਾਹਨ ਸਿੰਘ ਨਾਭਾ ਮਹਾਨ ਕੋਸ਼, ਨੈਸ਼ਨਲ ਬੁੱਕ ਸ਼ਾਪ, ਦਿੱਲੀ, ਪੰਨਾ 9551.
13. ਭਾਈ ਵੀਰ ਸਿੰਘ (ਸੰ:) ਸਿੱਖਾਂ ਦੀ ਭਗਤਮਾਲਾ, ਜੁਲਾਈ 1979.
14. ਰਤਨ ਸਿੰਘ ਜੱਗੀ (ਡਾ:) ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਪੰਜਾਬੀ ਯੂਨੀਵਰਸਿਟੀ ਪਟਿਆਲਾ।
15. ਗੁਰੂ ਗੋਬਿੰਦ ਸਿੰਘ : ਏ ਬਾਇਓਗ੍ਰਾਫੀਕਲ ਸਟੱਡੀ 1987, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਨਾ 144, 163, 198, 219, 239, ਗਰੇਵਾਲ ਜੇ.ਐਸ. ਐਂਡ ਬਲ ਐਸ.ਐਸ.।

ਸ਼ਹੀਦ ਭਾਈ ਤਾਰੂ ਸਿੰਘ ਜੀ

ਸ਼ਹੀਦੋਂ ਕੀ ਕਤਲਗਾਹ ਸੇ ਕਿਆ ਬੇਹਤਰ ਹੈ ਕਾਅਬਾ।
ਸ਼ਹੀਦੋਂ ਕੀ ਖਾਕ ਪੇ ਤੋ ਖੁਦਾ ਭੀ ਕੁਰਬਾਂ ਹੋਤਾ ਹੈ।

ਦੁਨੀਆਂ ਵਿੱਚ ਬਹੁਤ ਸਾਰੀਆਂ ਕੌਮਾਂ ਹਨ ਅਤੇ ਉਹਨਾਂ ਦੇ ਵੱਖਰੇ ਵੱਖਰੇ ਧਰਮ, ਧਾਰਮਿਕ ਅਸਥਾਨ ਅਤੇ ਪਵਿੱਤਰ ਗ੍ਰੰਥ ਹਨ। ਹਰ ਇਕ ਦੀ ਆਪਣੀ ਆਪਣੀ ਅਹਿਮੀਅਤ ਅਤੇ ਸਤਿਕਾਰ ਹੈ। ਹਰ ਧਰਮ ਦੀ ਆਪਣੀ ਆਪਣੀ ਵੱਖਰੀ ਵਿਚਾਰਧਾਰਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਫਿਲਾਸਫੀ ਸੰਸਾਰ ਨੂੰ ਦਿੱਤੀ, ਇਹ ਵਿਚਾਰਧਾਰਾ ਇਕ ਮੁਕੰਮਲ ਇਨਕਲਾਬ ਦੀ ਮੁਕੰਮਲ ਵਿਚਾਰਧਾਰਾ ਹੈ, ਜਿਸ ਦੁਆਰਾ ਮਨੁੱਖ ਦੇ ਜੀਵਨ ਵਿੱਚ ਸਮਾਜਿਕ, ਧਾਰਮਿਕ, ਰਾਜਨੀਤਕ ਅਤੇ ਆਰਥਿਕ ਪੱਖ ਤੋਂ ਪੂਰੀ ਕ੍ਰਾਂਤੀ ਆਈ। ਸੰਸਾਰ ਦੇ ਸਾਹਮਣੇ ਇਕ ਨਿਵੇਕਲਾ ਮਨੁੱਖ, ਜੋ ਕੇਵਲ ਤੇ ਕੇਵਲ ਇਕ ਅਕਾਲ ਪੁਰਖ ਦਾ ਪੁਜਾਰੀ, ਭਾਣੇ ਵਿੱਚ ਵਿਚਰਨ ਵਾਲਾ, ਦੁੱਖ ਅਤੇ ਸੁੱਖ ਵਿੱਚ ਸਹਿਜ ਅਵੱਸਥਾ ਵਿੱਚ ਵਿਚਰਦਿਆਂ ਊਚ-ਨੀਚ, ਜਾਤ-ਪਾਤ ਦੇ ਭੇਦ ਭਾਵ ਤੋਂ ਰਹਿਤ ਸਰਬੱਤ ਦੇ ਭਲੇ ਦੇ ਮੰਗਣ ਤੇ ਲੋਚਨ ਵਾਲਾ ਤਿਆਗੀ-ਗ੍ਰਹਿਸਥੀ, ਸੰਤ-ਸਿਪਾਹੀ ਕਿਰਤੀ ਤੇ ਉਦਮੀ ਸੇਵਾ ਤੇ ਸਿਮਰਨ ਦਾ ਧਾਰਨੀ ਸਚਿਆਰ ਅਤੇ ਸਾਬਤ ਸੂਰਤਿ ਦਸਤਾਰ ਸਿਰਾ ਦੇ ਸਿਧਾਂਤ ਦਾ ਪੱਕਾ ਪਾਬੰਧ ਅਤੇ ਪਰਉਪਕਾਰੀ ਸੀ। ਜੋ 230 ਸਾਲ ਦੀ ਲੰਮੀ ਘਾਲਣਾ ਅਤੇ ਕੁਰਬਾਨੀਆਂ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 30 ਮਾਰਚ, 1699 ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉਤੇ ਪਰਗਟ ਕੀਤਾ ਅਤੇ ਇਸ ਨੂੰ ਖਾਲਸੇ ਦੀ ਸੰਗਿਆ ਦਿੱਤੀ। ਸਤਿਗੁਰਾਂ ਨੇ ਇਸ ਖਾਲਸੇ ਨੂੰ ਆਪਣਾ ਮਿੱਤਰ, ਸਖਾਈ, ਇਸਟ ਸੁਹਿਰਦ, ਸਜਨ ਸੂਰਾ, ਜਾਨ ਕੀ ਜਾਨ ਅਤੇ ਆਪਣਾ ਸਤਿਗੁਰ ਪੂਰਾ ਕਿਹਾ ਅਤੇ ਦੁਨੀਆਂ ਦੇ ਇਤਿਹਾਸ ਵਿੱਚ ਇਕ ਨਵਾਂ ਅਧਿਆਇ ਜੋੜ ਦਿੱਤਾ। ਸਾਨੂੰ ਇਸ ਉਤੇ ਬਹੁਤ ਵੱਡਾ ਮਾਣ ਤੇ ਗੌਰਵ ਹੈ। ਗੁਰੂ ਜੀ ਨੇ ਇਸ ਖਾਲਸੇ ਨੂੰ ਜਨਮ-ਮਰਣ ਦੇ ਡਰ ਤੋਂ ਰਹਿਤ ਕੀਤਾ। ਕਿਸੇ ਤੋਂ ਨਾ ਡਰਨ ਅਤੇ ਕਿਸੇ ਨੂੰ ਨਾ ਡਰਾਉਣ ਦਾ ਉਪਦੇਸ਼ ਦਿੱਤਾ। ਫੁਰਮਾਨ ਹੈ :

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥ ੧ ॥
(ਅੰਕ ੧੧੦੯)

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ੨੨ ॥
(ਅੰਕ ੧੩੬੫)

ਖਾਲਸੇ ਨੇ ਸਤਿਗੁਰਾਂ ਦੇ ਉਪਦੇਸ਼ ਉਤੇ ਚੱਲਦਿਆਂ ਸੰਸਾਰ ਅੰਦਰ ਇਕ ਹੈਰਾਨ ਕਰ ਦੇਣ ਵਾਲਾ ਅਲੌਕਿਕ ਅਤੇ ਅਸਚਰਜ ਇਤਿਹਾਸ ਸਿਰਜਿਆ। ਜਿਸਨੂੰ ਵਾਚਦਿਆਂ ਜਿੱਥੇ ਮਨੁੱਖ ਦੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ, ਉਥੇ ਮਨੁੱਖੀ ਅਕਲ ਦੰਗ, ਹੈਰਾਨ ਅਤੇ ਪਰੇਸ਼ਾਨ ਹੋ ਜਾਂਦੀ ਹੈ। ਇਸ ਵਿਚਾਰਧਾਰਾ ਉੱਤੇ ਚੱਲਦਿਆਂ ਪਹਿਲਾਂ ਗੁਰੂ ਸਾਹਿਬਾਨ ਨੇ ਆਪ ਅਮਲੀ ਜੀਵਨ ਜੀਵਿਆ। ਕੁਰਬਾਨੀਆਂ ਦਾ ਰਸਤਾ ਦਿਖਾਇਆ। ਦੂਜਿਆਂ ਦੇ ਧਰਮ, ਜਾਨ, ਮਾਲ, ਅਣਖ ਅਤੇ ਅਜ਼ਾਦੀ ਲਈ ਮਹਾਨ ਕੁਰਬਾਨੀਆਂ ਦਿੱਤੀਆਂ ਅਤੇ ਆਪਣੇ ਸਿੱਖਾਂ ਨੂੰ ਉਸੇ ਮਾਰਗ ਦੇ ਪਾਂਧੀ ਹੋਣ ਦੀ ਪ੍ਰੇਰਨਾ ਦਿੱਤੀ। ਸੱਚਮੁੱਚ ਹੀ ਸਭ ਤੋਂ ਘੱਟ ਉਮਰ ਦੀ ਅਤੇ ਘੱਟ ਗਿਣਤੀ ਕੌਮ ਨੇ ਉਦਮ, ਤਿਆਗ, ਕੁਰਬਾਨੀ, ਸਾਦਗੀ, ਸੱਚਾਈ, ਹਲੀਮੀ, ਸ਼ਹੀਦੀ ਜਿਸਦਾ ਅਧਾਰ ਸੇਵਾ ਤੇ ਸਿਮਰਨ ਹੈ, ਕਿਰਤ ਕਰਨ ਅਤੇ ਵੰਡ ਛੱਕਣਾ ਸੀ, ਨੇ ਵੱਡੀ ਘਾਲਣਾ ਦੁਆਰਾ ਇਕ ਮਹਾਨ, ਵਿਲੱਖਣ ਅਤੇ ਅੱਡਰਾ ਇਤਿਹਾਸ ਸਿਰਜ ਦਿੱਤਾ। ਸਿੱਖ ਇਤਿਹਾਸ ਦੇ ਪੰਨਿਆਂ ਉਤੇ ਇਹਨਾਂ ਮਰਜੀਵੜਿਆਂ, ਸੱਚਾਈ ਦੇ ਪਰਵਾਨਿਆਂ, ਸਿਦਕੀ ਜਿਉੜਿਆਂ ਅਤੇ ਮਹਾਨ ਸ਼ਹੀਦਾਂ ਦੀ ਪੱਕੀ ਅਤੇ ਅਮਿੱਟ ਮੋਹਰ ਛਾਪ ਲੱਗੀ ਮਿਲਦੀ ਹੈ। ਇਸ ਲੇਖ ਵਿੱਚ ਮਹਾਨ ਸਿੰਘ, ਸੇਵਕ, ਪੰਥ ਦੇ ਸ਼ੇਰ, ਸਤਿਗੁਰਾਂ ਦੇ ਸੱਚੇ ਸਿੱਖ ਅਮਰ ਸ਼ਹੀਦ ਭਾਈ ਤਾਰੂ ਸਿੰਘ ਜੀ ਬਾਰੇ ਵਿਚਾਰ ਕਰ ਰਹੇ ਹਾਂ, ਜਿਨ੍ਹਾਂ ਨੇ ਮੇਰਾ ਸਿੱਖੀ ਸਿਦਕ ਨਾ ਜਾਏ ਦੀ ਧਾਰਨਾ ਨੂੰ ਅਮਲੀ ਰੂਪ ਵਿੱਚ ਪ੍ਰਗਟ ਕਰ ਦਿੱਤਾ ਅਤੇ ਆਪਣਾ ਖੋਪਰ ਲੁਹਾ ਲਿਆ ਪਰੰਤੂ ਆਪਣਾ ਸਿਰੜ ਸਿਦਕ ਅਤੇ ਧਰਮ ਨਹੀਂ ਹਾਰਿਆ। ਉਹਨਾਂ ਨੇ ਸੱਚਮੁੱਚ ਹੀ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਹੀ। ਇਹਨਾਂ ਦੀ ਸ਼ਹੀਦੀ ਨੂੰ ਦੋਨੋਂ ਸਮੇਂ ਹਰ ਗੁਰਸਿੱਖ, ਮਾਈ, ਭਾਈ ਅਰਦਾਸ ਸਮੇਂ ਯਾਦ ਕਰਕੇ ਗੌਰਵ ਮਹਿਸੂਸ ਕਰਦਾ ਹੈ।

ਸਿੱਖ ਧਰਮ ਦਾ ਮੁੱਢਲਾ ਅਸੂਲ ਅਤੇ ਪਹਿਲਾ ਸਬਕ ਹੈ- ਜਬਰ, ਜ਼ੁਲਮ, ਧੱਕੇ, ਬੇਇਨਸਾਫੀ, ਲੁੱਟ-ਖਸੁੱਟ ਅਤੇ ਧਾਰਮਿਕ ਕੱਟੜਤਾ ਵਿਰੁੱਧ ਜੂਝਣਾ। ਇਸਨੂੰ ਧਰਮ ਯੁੱਧ ਦੀ ਸੰਗਿਆ ਦਿੱਤੀ ਗਈ ਹੈ। ਦਸ਼ਮੇਸ਼ ਜੀ ਦਾ ਇਹ ਧਰਮ ਯੁੱਧ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਬਾਬਰ ਦੇ ਜ਼ੁਲਮਾਂ ਦਾ ਡੱਟ ਕੇ ਵਿਰੋਧ ਕਰਨ ਅਤੇ ਲਤਾੜੀ ਜਾ ਰਹੀ ਹਿੰਦਵਾਇਣ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਨ ਨਾਲ ਸ਼ੁਰੂ ਹੋਇਆ, ਜੋ ਅੱਜ ਵੀ ਜਾਰੀ ਹੈ ਅਤੇ ਜਿਤਨਾ ਚਿਰ ਜਬਰ ਅਤੇ ਜ਼ੁਲਮ, ਧੱਕੇ, ਬੇਇਨਸਾਫੀ, ਲੁੱਟ-ਖਸੁੱਟ ਦਾ ਬੋਲਬਾਲਾ ਰਹੇਗਾ,

ਇਹ ਧਰਮ ਯੁੱਧ ਕਿਸੇ ਨਾ ਕਿਸੇ ਸ਼ਕਲ ਵਿੱਚ ਜਾਰੀ ਰਹੇਗਾ।

ਭਾਰਤ ਉੱਤੇ 712 ਵਿੱਚ ਮੁਹੰਮਦ ਬਿਨ ਕਾਸਮ ਨੇ ਹਮਲਾ ਕੀਤਾ। ਉਪਰੰਤ ਈਰਾਨ, ਅਫ਼ਗਾਨਿਸਤਾਨ ਅਤੇ ਹੋਰ ਵੱਖ-ਵੱਖ ਦੇਸ਼ਾਂ ਦੇ ਜਾਬਰ ਤੇ ਜ਼ਾਲਮ ਹਾਕਮਾਂ ਵੱਲੋਂ ਹਿੰਦਵਾਇਣ ਨੂੰ ਅਨੇਕਾਂ ਵਾਰ ਲੁੱਟਿਆ, ਕੁੱਟਿਆ, ਬੇਇਜ਼ਤ ਕੀਤਾ ਗਿਆ। ਹਿੰਦੂ ਧਰਮ ਅਤੇ ਧਾਰਮਿਕ ਸਥਾਨਾਂ ਉੱਤੇ ਮਾਰੂ ਹਮਲੇ ਕੀਤੇ ਗਏ। ਭਾਰਤੀਆਂ ਨੂੰ ਆਪਣੇ ਘੋੜਿਆਂ ਦੇ ਸੁਮਾਂ ਹੇਠ ਬੁਰੀ ਤਰ੍ਹਾਂ ਲਤਾੜਿਆ ਅਤੇ ਲਹੂ ਲੁਹਾਨ ਕੀਤਾ ਗਿਆ। ਪਰੰਤੂ ਨਿਰਜਿੰਦ ਹੋਏ, ਧਰਮ ਦੀ ਪਾਉੜੀ ਤੋਂ ਥਿੜਕੇ ਵਿਹਲੜ ਲੋਕਾਂ, ਲਾਲਚਾਂ ਵਿੱਚ ਗ੍ਰੱਸੇ ਅਤੇ ਬਗੈਰਤਾਂ ਦੀ ਜ਼ਿੰਦਗੀ ਜਿਊਂਦੇ ਭਾਰਤੀਆਂ ਨੇ ਇਹਨਾਂ ਜਾਬਰਾਂ ਦਾ ਮੁਕਾਬਲਾ ਕਰਨ ਦੀ ਥਾਂ ਜਬਰ, ਜ਼ੁਲਮ, ਲੁੱਟ-ਖਸੁੱਟ ਅਤੇ ਧਰਮ ਵਿੱਚ ਧੱਕਾ ਬਰਦਾਸ਼ਤ ਕਰਨਾ ਹੀ ਬਿਹਤਰ ਸਮਝਿਆ। ਅਜਿਹੇ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਖੇਤਰ ਵਿੱਚ ਨਿਗੁਣੀ ਅਤੇ ਮੌਕਾ ਪ੍ਰਸਤ ਅਗਵਾਈ ਕਰਨ ਵਾਲੇ ਲੋਕਾਂ ਨੂੰ ਵੰਗਾਰਿਆ ਅਤੇ ਆਪ ਧਰਮ ਯੁੱਧ ਆਰੰਭਿਆ। ਇਹ ਧਰਮ ਯੁੱਧ ਨਿਰੰਤਰ ਜਾਰੀ ਰਿਹਾ ਅਤੇ ਅੱਜ ਵੀ ਜਾਰੀ ਹੈ।

ਨਾਦਰ ਸ਼ਾਹ ਨੇ ਭਾਰਤ ਉੱਤੇ ਹਮਲਾ ਕੀਤਾ ਅਤੇ ਲੁੱਟਦਾ, ਕੁੱਟਦਾ, ਬੇਇਜ਼ਤ ਕਰਦਾ, ਜਬਰ ਤੇ ਜ਼ੁਲਮ ਦੀ ਹਨੇਰੀ ਝੁਲਾਉਂਦਾ ਦਿੱਲੀ ਜਾ ਅੱਪੜਿਆ। ਹਿੰਦੁਸਤਾਨ ਦਾ ਬਹੁਤ ਭਾਰੀ ਮਾਲ ਧਨ ਲੁੱਟ ਲਿਆ ਅਤੇ ਊਠਾਂ ਤੇ ਗੱਡਿਆਂ ਉਤੇ ਲੱਦ ਕੇ ਆਪਣੇ ਦੇਸ਼ ਨੂੰ ਤੁਰ ਪਿਆ ਅਤੇ ਭਾਰੀ ਗਿਣਤੀ ਵਿੱਚ ਸੁੰਦਰ ਨੌਜੁਆਨ ਮੁਟਿਆਰਾਂ ਨੂੰ ਕੈਦ ਕਰਕੇ ਨਾਲ ਤੋਰ ਲਿਆ। ਪਰੰਤੂ ਖਾਲਸਾ ਦਲਾਂ ਨੇ ਹਮਲੇ ਕਰਕੇ ਜਿੱਥੇ ਨਾਦਰ ਸ਼ਾਹ ਦੀ ਫੌਜ ਦਾ ਬਹੁਤ ਭਾਰੀ ਨੁਕਸਾਨ ਕੀਤਾ, ਉੱਥੇ ਉਸਦੇ ਕਬਜ਼ੇ ਵਿਚੋਂ ਕੈਦ ਹਜ਼ਾਰਾਂ ਦੀ ਗਿਣਤੀ ਵਿਚ ਨੌਜੁਆਨ ਸੁੰਦਰ ਲੜਕੀਆਂ ਨੂੰ ਛੁਡਾ ਕੇ, ਉਹਨਾਂ ਨੂੰ ਘਰੋਂ ਘਰੀਂ ਪਹੁੰਚਾਇਆ ਅਤੇ ਨਾਦਰ ਦੀਆਂ ਫੌਜਾਂ ਤੋਂ ਲੁੱਟ ਦਾ ਧਨ ਮਾਲ ਖੋਹ ਕੇ ਗਰੀਬ ਲੋਕਾਂ ਵਿੱਚ ਵੰਡ ਦਿੱਤਾ। ਨਾਦਰ ਸ਼ਾਹ ਬੜਾ ਹੈਰਾਨ ਪਰੇਸ਼ਾਨ ਸੀ। ਉਸਨੇ ਲਾਹੌਰ ਦੇ ਸੂਬੇਦਾਰ ਖਾਨ ਬਹਾਦਰ ਜ਼ਕਰੀਆ ਖਾਨ ਨੂੰ ਖਾਲਸਾ ਪੰਥ ਬਾਰੇ ਪੁੱਛਿਆ। ਸਾਰੀ ਜਾਣਕਾਰੀ ਹਾਸਲ ਕਰਨ ਉਪਰੰਤ ਕਹਿ ਦਿੱਤਾ ਕਿ ਕਿਸੇ ਦਿਨ ਇਹ ਖਾਲਸਾ ਪੰਥ ਮੁਲਕਗੀਰ ਹੋਵੇਗਾ ਅਤੇ ਦੇਸ਼ ਉਤੇ ਰਾਜ ਕਰੇਗਾ। ਨਾਦਰ ਸ਼ਾਹ ਆਪਣੇ ਦੇਸ਼ ਮੁੜ ਗਿਆ। ਜ਼ਕਰੀਆ ਖਾਨ ਨੇ ਨਾਦਰ ਦੀ ਭਵਿੱਖਬਾਣੀ ਤੋਂ ਸਬਕ ਸਿੱਖਣ ਦੀ ਬਜਾਏ ਸਿੰਘਾਂ ਪਾਸੋਂ ਨਾਦਰ ਦੀ ਲੁੱਟ ਵਿੱਚੋਂ ਹਿੱਸਾ ਮੰਗਿਆ ਪਰੰਤੂ ਸਿੰਘਾਂ ਨੇ ਕਿਹਾ ਕਿ ਬਘਿਆੜ ਦੀ ਦਾੜ੍ਹ ਵਿੱਚੋਂ ਮਾਸ ਕਿਸਨੇ ਕੱਢਿਆ ਹੈ? ਫਿਰ ਕੀ ਸੀ ਜ਼ਕਰੀਆ ਖਾਨ ਨੇ ਮੁੜ ਸਿੱਖਾਂ ਉਤੇ ਜ਼ਲਮ ਦੀ ਹਨੇਰੀ ਝੁਲਾ ਦਿੱਤੀ। ਸਿੱਖਾਂ ਦੇ ਘਰ ਘਾਟ ਉਜਾੜ ਦਿੱਤੇ ਅਤੇ ਸਿੰਘਾਂ ਨੂੰ ਜੰਗਲਾਂ ਵੱਲ ਜਾਣ ਲਈ ਮਜ਼ਬੂਰ ਕਰ ਦਿੱਤਾ। ਭਾਈ ਤਾਰੂ ਸਿੰਘ ਪਰਗਣਾ ਅੰਮ੍ਰਿਤਸਰ ਦੇ ਪਿੰਡ ਪੂਹਲੇ ਦਾ ਨਿਵਾਸੀ ਸਤਿਗੁਰਾਂ ਦਾ ਸਿਦਕੀ ਸਿੱਖ, ਜੋ ਅਜੇ ਅਣਵਿਆਹਿਆ ਸੀ, ਆਪਣੇ ਮਾਤਾ ਅਤੇ ਭੈਣ ਨਾਲ ਮਿਲਕੇ ਲੰਗਰ ਚਲਾਉਣ ਲੱਗ ਗਿਆ। ਦੋਵੇਂ ਮਾਂ ਤੇ ਧੀ ਸਾਰੀ ਸਾਰੀ ਰਾਤ ਹੱਥੀਂ ਚੱਕੀ ਪੀਸ ਕੇ ਆਟਾ ਤਿਆਰ ਕਰਦੀਆਂ, ਉਪਰੰਤ ਲੰਗਰ ਤਿਆਰ ਕਰਦੀਆਂ ਅਤੇ ਇਹ ਤਿਆਰ ਕੀਤਾ ਲੰਗਰ ਭਾਈ ਤਾਰੂ ਸਿੰਘ ਜੰਗਲਾਂ ਵਿੱਚ ਵਿਚਰ ਰਹੇ ਸਿੰਘਾਂ ਨੂੰ ਪਹੁੰਚਾਉਣ ਦੀ ਸੇਵਾ ਕਰਦਾ ਸੀ। ਇਹਨਾਂ ਬਾਰੇ ਇਉਂ ਲਿਖਿਆ ਮਿਲਦਾ ਹੈ:-

ਹੈ ਤਾਰੂ ਸਿੰਘ ਦੀ ਭੈਣ ਔਰ ਮਾਈ,
ਪੀਸ ਕੂਟ ਵੇ ਕਰੈ ਕਮਾਈ।
ਸਬਦ ਚੌਕੀ ਗੁਰ ਆਪਨੇ ਕੀ ਰਹੇਂ,
ਸੋ ਮਰਨੇ ਤੇ ਨੈਕ ਨ ਡਰੈਂ।

ਇਨ੍ਹਾਂ ਵੱਲੋਂ ਚਲਾਏ ਲੰਗਰ ਵਿਚੋਂ ਹਰ ਲੋੜਵੰਦ ਬਿਨਾਂ ਜਾਤ-ਪਾਤ, ਧਰਮ, ਊਚ-ਨੀਚ ਦੇ ਭੇਦ ਭਾਵ ਤੋਂ ਲੰਗਰ ਛਕ ਸਕਦਾ ਸੀ। ਭਾਈ ਤਾਰੂ ਸਿੰਘ ਸਿੰਘਾਂ ਨੂੰ ਪ੍ਰਸ਼ਾਦਾ ਛਕਾਉਂਦਾ ਅਤੇ ਉਹਨਾਂ ਦੀ ਟਹਿਲ ਸੇਵਾ ਕਰਦਾ। 1738 ਈ: ਵਿੱਚ ਜੰਡਿਆਲੇ ਦੇ ਹਰ ਭਗਤ ਨਿਰੰਜਨੀਏ ਨੇ ਸੂਬੇਦਾਰ ਲਾਹੌਰ ਨੂੰ ਚੁਗਲੀ ਕਰ ਦਿੱਤੀ, ਜਿਸ ਉਤੇ ਸੂਬੇਦਾਰ ਨੇ ਭਾਈ ਤਾਰੂ ਸਿੰਘ ਦੀ ਗ੍ਰਿਫਤਾਰੀ ਦਾ ਹੁਕਮ ਦੇ ਦਿੱਤਾ। ਜਦੋਂ ਉਹਨਾਂ ਨੂੰ ਗ੍ਰਿਫਤਾਰ ਕਰਕੇ ਸਿਪਾਹੀ ਲੈ ਜਾਣ ਲੱਗੇ ਤਾਂ ਲੋਕਾਂ ਨੇ ਸਖਤ ਵਿਰੋਧ ਕੀਤਾ ਕਿ ਭਾਈ ਤਾਰੂ ਸਿੰਘ ਨੇ ਕੋਈ ਠੱਗੀ, ਯਾਰੀ, ਚੋਰੀ, ਧੋਖਾਧੜੀ ਜਾਂ ਕੋਈ ਹੋਰ ਗਲਤ ਕੰਮ ਨਹੀਂ ਕੀਤਾ ਤਾਂ ਫਿਰ ਇਹਨਾਂ ਨੂੰ ਕਿਉਂ ਗ੍ਰਿਫਤਾਰ ਕੀਤਾ ਗਿਆ ਹੈ। ਪਰੰਤੂ ਭਾਈ ਸਾਹਿਬ ਨੇ ਲੋਕਾਂ ਨੂੰ ਸਮਝਾਇਆ ਅਤੇ ਭਾਣੇ ਵਿੱਚ ਵਿਚਰਨ ਲਈ ਕਿਹਾ।

ਲਾਹੌਰ ਪੁੱਜਣ ਉਤੇ ਭਾਈ ਸਾਹਿਬ ਨੂੰ ਬਹੁਤ ਡਰਾਇਆ, ਧਮਕਾਇਆ ਗਿਆ ਪਰੰਤੂ **"ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥"** ਅਨੁਸਾਰ ਆਪ ਅਡੋਲ ਅਤੇ ਅਡਿੱਗ ਰਹੇ। ਸੂਬੇਦਾਰ ਨੇ ਪੁੱਛਿਆ ਕਿ ਉਹ (ਭਾਈ ਤਾਰੂ ਸਿੰਘ ਜੀ) ਬਾਗੀ ਸਿਖੜਿਆਂ ਨੂੰ ਲੰਗਰ ਕਿਉਂ ਛਕਾਉਂਦੇ ਹਨ? ਭਾਈ ਤਾਰੂ ਸਿੰਘ ਨੇ ਬੜੇ ਠਰ੍ਹੰਮੇ ਨਾਲ ਉੱਤਰ ਦਿੱਤਾ ਕਿ ਲੋੜਵੰਦਾਂ ਦੀ ਟਹਿਲ ਸੇਵਾ ਕਰਨਾ ਤਾਂ ਉਹਨਾਂ ਨੂੰ ਸਤਿਗੁਰਾਂ ਦਾ ਉਪਦੇਸ਼ ਹੈ ਅਤੇ ਉਸਦੇ ਸਾਹਮਣੇ ਕੋਈ ਵੀ ਬਾਗੀ ਨਹੀਂ। ਉਸ ਲਈ ਤਾਂ :

ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ॥ ੧ ॥

(ਅੰਕ ੧੨੯੯)

ਦਾ ਉਪਦੇਸ਼ ਹੀ ਮਹਾਨ ਹੈ ਅਤੇ ਉਹ ਗੁਰੂ ਉਪਦੇਸ਼ ਦੀ ਹੀ ਪਾਲਣਾ ਕਰਦੇ ਹਨ। ਸੂਬੇਦਾਰ ਕੜਕ ਕੇ ਬੋਲਿਆ ਕਿ ਦੀਨ ਮੁਹੰਮਦੀ ਕਬੂਲ ਕਰ ਲੈ ਨਹੀਂ ਤਾਂ ਤੈਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇਗਾ ਅਤੇ ਤੇਰਾ ਇਹ ਸੁੰਦਰ ਸਰੀਰ ਅਤੇ ਜੁਆਨੀ ਐਂਵੇ ਹੀ ਜਾਏਗੀ। ਪਾਪੀ ਨੂੰ

ਹਮੇਸ਼ਾਂ ਪਾਪ ਹੀ ਚੰਗਾ ਲੱਗਦਾ ਹੈ ਅਤੇ ਉਹ ਪਾਪ ਕਰ ਕਰ ਕੇ ਖੁਸ਼ ਹੁੰਦਾ ਹੈ ਅਤੇ ਆਪਣੀ ਪਾਪਾਂ ਦੀ ਪੰਡ ਭਾਰੀ ਕਰ ਲੈਂਦਾ ਹੈ। ਸਤਿਗੁਰਾਂ ਨੇ ਅਜਿਹੇ ਘਮੰਡੀ ਪਾਪੀਆਂ ਬਾਰੇ ਇਉਂ ਫੁਰਮਾਇਆ ਹੈ :

ਪਾਪੁ ਬੁਰਾ ਪਾਪੀ ਕਉ ਪਿਆਰਾ ॥
ਪਾਪਿ ਲਦੇ ਪਾਪੇ ਪਾਸਾਰਾ ॥

(ਅੰਕ ੯੩੫)

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥

(ਅੰਕ ੪੬੬)

ਭਾਈ ਸਾਹਿਬ ਨੇ ਕਿਹਾ ਕਿ ਬੇਕਸੂਰਿਆਂ ਅਤੇ ਨਿਰਦੋਸਾਂ ਨੂੰ ਸਜ਼ਾ ਦੇ ਕੇ ਤੂੰ ਦੋਜ਼ਖ ਨੂੰ ਜਾਏਂਗਾ। ਸੂਬੇਦਾਰ ਨੇ ਹੰਕਾਰ ਭਰੇ ਲਹਿਜ਼ੇ ਵਿੱਚ ਕਿਹਾ ਕਿ ਤੂੰ ਮੇਰੇ ਦੋਜ਼ਖ ਦੀ ਗੱਲ ਛੱਡ, ਜੇਕਰ ਤੂੰ ਦੀਨ ਮੁਹੰਮਦੀ ਕਬੂਲ ਨਾ ਕੀਤਾ ਤਾਂ ਤੈਨੂੰ ਕਤਲ ਕਰਵਾ ਦਿੱਤਾ ਜਾਵੇਗਾ। ਭਾਈ ਸਾਹਿਬ ਨੇ ਬੜੇ ਸਹਿਜ ਨਾਲ ਕਿਹਾ ਕਿ ਉਨ੍ਹਾਂ ਦਾ ਤਨ, ਮਨ, ਧਨ ਸਭ ਸਤਿਗੁਰਾਂ ਨੂੰ ਅਰਪਣ ਹੈ ਅਤੇ ਇਹ ਸਿੱਖੀ ਅਤੇ ਸਰੀਰ ਸਭ ਵੱਡੇ ਭਾਗਾਂ ਨਾਲ ਪ੍ਰਾਪਤ ਹੋਇਆ ਹੈ। ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿੱਚ ਇਉਂ ਬਿਆਨ ਕੀਤਾ ਹੈ :

ਤਨ ਨੂਰੀ ਸੁਖ ਅਚਲ ਦਇ ਹੈ।
ਤਾਂ ਕੋ ਕੈਸੇ ਤਜਯੋ ਜਾਇ ਹੈ।
ਸਿੱਖੀ ਕੇਸ ਅਮੋਲਕ ਯਾ ਹੈ।
ਬਡੋ ਨਸੀਬਾਂ ਤੇ ਹੱਥ ਆਇ ਹੈ।
ਤਿਸੇ ਤਿਆਗ ਕੇ ਜੇ ਤੁਰਕ ਬਨੈ।
ਪੈ ਹੈ ਦੋਜ਼ਖ ਸਹਿਂ ਦੁਖ ਘਨੇ।

ਭਾਈ ਸਾਹਿਬ ਨੇ ਦ੍ਰਿੜ੍ਹਤਾ ਨਾਲ ਕਿਹਾ ਕਿ ਜੇਕਰ ਤੁਸੀਂ ਕਤਲ ਕਰਨਾ ਚਾਹੁੰਦੇ ਹੋ ਤਾਂ ਛੇਤੀ ਕਰੋ ਤਾਂ ਜੋ ਮੈਂ ਜਲਦੀ ਤੋਂ ਜਲਦੀ ਗੁਰਚਰਨਾਂ ਵਿੱਚ ਜਾ ਬਿਰਾਜਾਂ। ਸੂਬੇਦਾਰ ਦੇ ਮੁੜ ਸਿੱਖੀ ਤੱਜਕੇ ਦੀਨ ਮੁਹੰਮਦੀ ਕਬੂਲ ਕਰਨ ਬਦਲੇ ਰਾਜ ਸ਼ਕਤੀ ਦੇਣ ਅਤੇ ਮੌਤ ਉਪਰੰਤ ਜ਼ਨਤ ਦੇ ਲਾਲਚ ਦੇਣ ਉਤੇ ਭਾਈ ਸਾਹਿਬ ਨੇ ਪੁੱਛਿਆ ਕਿ ਕੀ ਧਰਮ ਤਬਦੀਲੀ ਉਪਰੰਤ ਮਨੁੱਖ ਨੂੰ ਦੁਖ-ਸੁਖ, ਗਰੀਬੀ-ਅਮੀਰੀ, ਲਾਲਸਾਵਾਂ ਤ੍ਰਿਸ਼ਨਾਵਾਂ ਨਹੀਂ ਸਤਾਉਂਦੀਆਂ? ਜੇਕਰ ਇਹ ਸਭ ਕੁੱਝ ਦੀਨ ਮੁਹੰਮਦੀ ਕਬੂਲਣ ਬਾਅਦ ਵੀ ਹੋਣਾ ਹੈ ਤਾਂ ਉਹ ਧਰਮ ਕਿਉਂ ਬਦਲਣ? ਉਹਨਾਂ ਕਿਹਾ ਸਿੱਖ ਧਰਮ ਨਰਕ, ਸਵਰਗ, ਦੋਜ਼ਖ-ਬਹਿਸ਼ਤ ਵਿੱਚ ਵਿਸ਼ਵਾਸ ਨਹੀਂ ਰੱਖਦਾ। ਉਨ੍ਹਾਂ ਸਾਹਮਣੇ ਤਾਂ ਕਬੀਰ ਜੀ ਦਾ ਫੁਰਮਾਨ ਹੈ :

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥ ੫ ॥

(ਅੰਕ ੯੬੯)

ਭਾਈ ਤਾਰੂ ਸਿੰਘ ਨੇ ਸੂਬੇਦਾਰ ਨੂੰ ਸਮਝਾਉਂਦਿਆਂ ਕਿਹਾ ਕਿ ਇਹ ਸੰਸਾਰ ਨਾਸ਼ਵਾਨ ਹੈ। ਮਨੁੱਖ ਦੇ ਜਨਮ ਤੋਂ ਪਹਿਲਾਂ ਹੀ ਉਸਦੇ ਮੌਤ ਦਾ ਸਮਾਂ ਸਥਾਨ ਤੇ ਕਾਰਨ ਨਿਸ਼ਚਿਤ ਹੁੰਦਾ ਹੈ। ਗੁਰਵਾਕ ਹੈ :

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥

(ਅੰਕ ੨੧੯)

ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ॥

(ਅੰਕ ੮੭੬)

ਉਹਨਾਂ ਕਿਹਾ ਕਿ ਜਮੀਨ, ਅਸਮਾਨ, ਚੰਦ, ਸੂਰਜ, ਬਾਦਸ਼ਾਹ ਉਮਰਾਵ ਖਾਨ ਸਭ ਨਾਸ਼ਵਾਨ ਹਨ। ਗੁਰਵਾਕ ਹੈ :

ਧਰਤਿ ਆਕਾਸੁ ਪਾਤਾਲੁ ਹੈ ਚੰਦੁ ਸੂਰੁ ਬਿਨਾਸੀ ॥
ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ ॥

(ਅੰਕ ੧੧੦੦)

ਬਾਦਿਸਾਹ ਸਾਹ ਵਾਪਾਰੀ ਮਰਨਾ ॥
ਜੋ ਦੀਸੈ ਸੋ ਕਾਲਹਿ ਖਰਨਾ ॥ ੨ ॥

(ਅੰਕ ੭੪੦)

ਇਸ ਤਰ੍ਹਾਂ ਮੌਤ ਹਰ ਇਕ ਨੂੰ ਅਵੱਸ਼ ਹੀ ਆਉਣੀ ਹੈ। ਕਾਲ ਐਸਾ ਬਲਵਾਨ ਹੈ ਕਿ ਇਸਤੋਂ ਕੋਈ ਨਹੀਂ ਬਚ ਸਕਿਆ, ਭਾਵੇਂ ਗਰੀਬ ਹੋਵੇ ਅਤੇ ਭਾਵੇਂ ਅਮੀਰ। ਗੁਰਵਾਕ ਹੈ:

ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ ॥

(ਅੰਕ ੮੫੫)

ਕਬੀਰ ਐਸੀ ਹੋਇ ਪਰੀ ਮਨ ਕੋ ਭਾਵਤੁ ਕੀਨੁ ॥
ਮਰਨੇ ਤੇ ਕਿਆ ਡਰਪਨਾ
ਜਬ ਹਾਥਿ ਸਿਧਉਰਾ ਲੀਨ ॥ ੭੧ ॥

(ਅੰਕ ੧੩੬੮)

ਸੂਬੇਦਾਰ ਜੁਆਬ ਸੁਣਕੇ ਅੱਗ ਬਗੋਲਾ ਹੋ ਗਿਆ ਅਤੇ ਰਾਜਸੀ ਰੋਹਬ ਨਾਲ ਬੋਲਿਆ ਕਿ ਤੇਰੀ ਸਿੱਖੀ ਅਤੇ ਤੇਰੇ ਗੁਰੂ ਦਾ ਫੁਰਮਾਨ ਹੁਣੇ ਮਿੱਟੀ ਵਿੱਚ ਮਿਲਾ ਦਿਆਂਗੇ। ਤੂੰ ਵਾਧੂ ਦਾ ਬੋਝ ਦਾੜ੍ਹੀ ਕੇਸਾਂ ਦਾ ਰੱਖਿਆ ਹੋਇਆ ਹੈ। ਇਹ ਹੁਣੇ ਹੀ ਉਤਾਰ ਦਿਆਂਗੇ। ਭਾਈ ਸਾਹਿਬ ਨੇ ਉੱਤਰ ਦਿੱਤਾ ਕਿ ਸਭ ਅਕਾਲ ਪੁਰਖ ਦੀ ਬਖਸ਼ਿਸ਼ ਹੈ ਅਤੇ ਤੁਸੀਂ ਦਾੜ੍ਹੀ ਕੇਸਾਂ ਨੂੰ ਕੱਟ ਕੇ ਅਕਾਲ ਪੁਰਖ ਦੀ ਦਾਤ ਨਾਲ ਖਿਲਵਾੜ ਕਰਕੇ ਪਾਪਾਂ ਦੇ ਭਾਗੀ ਹੋ ਰਹੇ ਹੋ। ਉਨ੍ਹਾਂ ਕਿਹਾ:-

ਸਾਬਤ ਸੂਰਤ ਰੱਬ ਦੀ ਭੰਨੇ ਬੇਈਮਾਨ।
ਸੋ ਦੋਜ਼ਖ ਵਿੱਚ ਸੜਨਗੇ ਜਬ ਲਉ ਏਹ ਜਹਾਨ।

ਇਹ ਜੁਆਬ ਸੁਣਕੇ ਤਾਂ ਸੂਬੇਦਾਰ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਰਾਜ ਮੱਦ ਵਿੱਚ ਮੱਦਹੋਸ਼ ਹੋਇਆ ਕੜਕਿਆ ਕਿ ਇਸਨੂੰ ਨਿਖਾਸ ਚੌਂਕ ਵਿੱਚ ਪੁੱਠੀਆਂ ਮੁਸਕਾਂ ਦੇ ਕੇ ਹੱਥ ਪੈਰ ਨੂੜ ਕੇ ਸੁੱਟ ਦਿਉ, ਜੇਕਰ ਫਿਰ ਵੀ ਈਨ ਨਾ ਮੰਨੇ ਤਾਂ ਇਸਦੇ ਕੇਸ ਤੇ ਦਾੜ੍ਹੀ ਕੱਟ

ਦਿਉ। ਭਾਈ ਸਾਹਿਬ ਅਡੋਲ ਅਤੇ ਅਹਿੱਲ ਰਹੇ ਅਤੇ ਉਹ ਭਾਣੇ ਵਿੱਚ ਵਿਚਰ ਰਹੇ ਸਨ। ਉਪਰੰਤ ਨਾਈ ਨੂੰ ਬੁਲਾ ਕੇ ਹੁਕਮ ਦਿੱਤਾ ਕਿ ਇਸ ਸਿਖੜੇ ਦੀ ਵਾਲਾਂ ਦੀ ਪੰਡ ਲਾਹ ਦਿਓ ਭਾਵ ਇਸਦੇ ਵਾਲ ਕੱਟ ਦਿਉ। ਭਾਈ ਤਾਰੂ ਸਿੰਘ ਨੇ ਸਤਿਗੁਰਾਂ ਦੇ ਚਰਨਾਂ ਨਾਲ ਲਿਵ ਜੋੜ ਲਈ ਅਤੇ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਹ ਸਕਣ ਦੀ ਸਮਰੱਥਾ ਦੀ ਬਖਸ਼ਿਸ਼ ਲਈ ਅਰਦਾਸ ਕੀਤੀ। ਗੁਰਵਾਕ ਹੈ :

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥
ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥

(ਅੰਕ ੮੧੯)

ਨਾਈ ਨੇ ਪੂਰੀ ਵਾਹ ਲਾਈ ਪਰੰਤੂ ਭਾਈ ਸਾਹਿਬ ਦੇ ਕੇਸ ਕੈਂਚੀ ਨਾਲ ਨਾ ਕੱਟੇ ਗਏ। ਸੂਬੇਦਾਰ ਨੇ ਕਰੋਧ ਵਿਚ ਆਖਿਆ ਕਿ ਮੋਚੀ ਨੂੰ ਬੁਲਾ ਕੇ ਇਸ ਦੀ ਖੋਪੜੀ ਹੀ ਲਾਹ ਦਿਓ। ਮੋਚੀ ਸੱਦਿਆ ਗਿਆ, ਉਸਨੇ ਰੰਬੀ ਨਾਲ ਭਾਈ ਸਾਹਿਬ ਦਾ ਖੋਪਰ ਸਰੀਰ ਨਾਲੋਂ ਵੱਖ ਕਰ ਦਿੱਤਾ। ਪਰ ਧੰਨ ਗੁਰਸਿੱਖੀ **''ਖੰਨਿਅਹੁ ਤਿਖੀ ਵਾਲਹੁ ਨਿਕੀ''** ਭਾਈ ਸਾਹਿਬ ਨੇ ਸੀਅ ਤੱਕ ਨਾ ਉਚਰੀ। ਸੂਬੇਦਾਰ ਇਹ ਵੇਖਕੇ ਦੰਗ ਹੈਰਾਨ ਤੇ ਪਰੇਸ਼ਾਨ ਰਹਿ ਗਿਆ। ਉਸਨੇ ਹੁਕਮ ਦਿੱਤਾ ਕਿ ਇਸਦੇ ਲਹੂ ਲੁਹਾਨ ਸਰੀਰ ਨੂੰ ਖਾਈ ਵਿੱਚ ਸੁੱਟ ਦਿੱਤਾ ਜਾਏ ਤਾਂ ਜੋ ਕਾਂ ਕੁੱਤੇ ਖਾ ਜਾਣ। ਪਰੰਤੂ ਭਾਈ ਸਾਹਿਬ ਸਤਿਗੁਰਾਂ ਦਾ ਸ਼ੁਕਰਾਨਾ ਕਰ ਰਹੇ ਸਨ। ਗੁਰਵਾਕ ਹੈ :

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥ ੨੦੩ ॥

(ਅੰਕ ੧੩੭੫)

ਭਾਈ ਸਾਹਿਬ ਅਜਪਾ ਜਾਪ ਵਿੱਚ ਲੀਨ ਹੋ ਗਏ। ਤਿੰਨ ਦਿਨਾਂ ਬਾਅਦ ਸੂਬੇਦਾਰ ਉਸੇ ਰਸਤੇ ਲੰਘਿਆ। ਉਸਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਉਸਨੇ ਦੇਖਿਆ ਭਾਈ ਤਾਰੂ ਸਿੰਘ ਜੀਵਤ ਹੈ ਅਤੇ ਪਾਠ ਵਿੱਚ ਲੀਨ ਹੈ। ਸੂਬੇਦਾਰ ਨੇ ਪੁੱਛਿਆ, ਉਏ ਤੂੰ ਅਜੇ ਮਰਿਆ ਨਹੀਂ? ਭਾਈ ਸਾਹਿਬ ਨੇ ਬੜੇ ਸਹਿਜ ਨਾਲ ਉੱਤਰ ਦਿੱਤਾ ਕਿ ਉਹ ਸੂਬੇਦਾਰ ਅਤੇ ਉਸਦੇ ਪੁੱਤਰ ਨੂੰ ਅੱਗੇ ਲਾ ਕੇ ਦੋਜ਼ਖ ਨੂੰ ਭੇਜ ਕੇ ਹੀ ਗੁਰੂ ਚਰਨਾਂ ਵਿੱਚ ਜਾਣਗੇ।

ਉਧਰ ਤਿੰਨ ਦਿਨਾਂ ਬਾਅਦ ਸੂਬੇਦਾਰ ਦਾ ਲੜਕਾ ਅਹੀਏ ਖਾਨ ਸ਼ਿਕਾਰ ਖੇਡਦਾ ਹੋਇਆ ਘੋੜੇ ਤੋਂ ਡਿੱਗ ਪਿਆ ਪਰੰਤੂ ਉਸਦਾ ਪੈਰ ਘੋੜੇ ਦੀ ਰਕਾਬ ਵਿੱਚ ਫਸ ਗਿਆ। ਘੋੜਾ ਡਰ ਕੇ ਦੌੜ ਪਿਆ ਅਤੇ ਦੂਰ ਤੱਕ ਸੂਬੇਦਾਰ ਦੇ ਲੜਕੇ ਅਹੀਏ ਖਾਨ ਨੂੰ ਘੜੀਸ ਘੜੀਸ ਕੇ ਤੁੰਬਾ-ਤੁੰਬਾ ਕਰਕੇ ਦੋਜ਼ਖ ਨੂੰ ਭੇਜ ਦਿੱਤਾ। ਸੂਬੇਦਾਰ ਧਾਹਾਂ ਮਾਰ ਮਾਰ ਕੇ ਪੁੱਤਰ ਦੇ ਵਿਜੋਗ ਵਿੱਚ ਹਾਲੋਂ ਬੇਹਾਲ ਹੋ ਗਿਆ ਅਤੇ ਉਸਨੂੰ ਪਿਸ਼ਾਬ ਦਾ ਬੰਨ੍ਹ ਪੈ ਗਿਆ। ਉੱਚੀ ਉੱਚੀ ਚੀਕਾਂ ਮਾਰੇ। ਹਾਏ ਪੁਕਾਰ ਕਰੇ। ਅਜਿਹੇ ਪਾਪਾਂ ਸਬੰਧੀ ਗੁਰਬਾਣੀ ਇਸ ਤਰ੍ਹਾਂ ਸਮਝਾਉਂਦੀ ਹੈ:-

ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ ॥
ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥

(ਅੰਕ ੬੪੯)

ਸਾਰੇ ਇਲਾਜ ਬੇਅਰਥ ਹੋ ਗਏ। ਅੰਤ ਕਿਸੇ ਅਹਿਲਕਾਰ ਦੀ ਸਲਾਹ ਉਤੇ ਲਾਹੌਰ ਦੇ ਕੋਤਵਾਲ ਭਾਈ ਸੁਬੇਗ ਸਿੰਘ ਨੂੰ ਸੱਦਿਆ ਗਿਆ। ਉਨ੍ਹਾਂ ਦਾ ਸਿੱਖਾਂ ਅੰਦਰ ਵੀ ਕਾਫੀ ਅਸਰ ਰਸੂਖ ਅਤੇ ਮਾਨ ਸਨਮਾਨ ਸੀ। ਸੂਬੇਦਾਰ ਨੇ ਭਾਈ ਸੁਬੇਗ ਸਿੰਘ ਨੂੰ ਮਿਨਤਾਂ ਤਰਲੇ ਕਰਕੇ ਅਰਜੋਈ ਕੀਤੀ ਕਿ ਉਹ ਭਾਈ ਤਾਰੂ ਸਿੰਘ ਪਾਸੋਂ ਉਸਦੀ ਭੁੱਲ ਬਖਸ਼ਾ ਦੇਣ। ਸੂਬੇਦਾਰ ਨੇ ਭਾਈ ਸਬੇਗ ਸਿੰਘ ਨੂੰ 5 ਹਜ਼ਾਰ ਰੁਪਏ ਕੜਾਹੀ ਕਰਾਉਣ ਲਈ ਵੀ ਦਿੱਤੇ। ਸੂਬੇਦਾਰ ਨੂੰ ਤੜਫਦੇ ਵੇਖ ਭਾਈ ਸੁਬੇਗ ਸਿੰਘ ਨੇ ਭਾਈ ਘਨ੍ਹਈਆ ਜੀ ਵੱਲੋਂ ਪਾਈ ਪਿਰਤ ਅਤੇ ਗੁਰ ਉਪਦੇਸ਼ **''ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ''** ਅਨੁਸਾਰ ਭਾਈ ਤਾਰੂ ਸਿੰਘ ਜੀ ਪਾਸ ਜਾ ਕੇ ਬੇਨਤੀ ਕੀਤੀ। ਭਾਈ ਸੁਬੇਗ ਸਿੰਘ ਨੇ ਭਾਈ ਤਾਰੂ ਸਿੰਘ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਦ੍ਰਿੜ੍ਹ ਕਰਵਾਇਆ। ਗੁਰਵਾਕ ਹੈ :

ਸੰਤ ਕੀ ਨਿੰਦਾ ਦੋਖ ਮਹਿ ਦੋਖੁ ॥
ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ ॥

(ਅੰਕ ੨੮੦)

ਭਾਈ ਸਾਹਿਬ ਨੇ ਕਿਹਾ ਕਿ ਮੇਰੇ ਪਾਸੋਂ ਤਾਂ ਹੁਣ ਤੀਰ ਨਿਕਲ ਗਿਆ, ਹੁਣ ਤਾਂ ਗੁਰੂ ਖਾਲਸਾ ਪੰਥ ਹੀ ਬਖਸ਼ਣ ਦੇ ਸਮਰੱਥ ਹੈ। ਭਾਈ ਸੁਬੇਗ ਸਿੰਘ ਦਲ ਖਾਲਸਾ ਦੇ ਜਾ ਪੇਸ਼ ਹੋਇਆ ਅਤੇ ਸੂਬੇਦਾਰ ਲਈ ਖਿਮਾਂ ਯਾਚਨਾ ਲਈ ਬੇਨਤੀ ਕੀਤੀ। ਭਾਈ ਸੁਬੇਗ ਸਿੰਘ ਨੇ ਖਾਲਸਾ ਪੰਥ ਨੂੰ ਗੁਰ ਉਪਦੇਸ਼ ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥ ਵੱਲ ਧਿਆਨ ਦੁਆਇਆ। ਅਰਦਾਸ ਉਪਰੰਤ ਗੁਰਮਤਾ ਸੋਧਿਆ ਕਿ ਭਾਈ ਤਾਰੂ ਸਿੰਘ ਦੀ ਜੁੱਤੀ ਸੂਬੇਦਾਰ ਦੇ ਸਿਰ ਵਿੱਚ ਮਾਰੋ ਤਾਂ ਹੀ ਉਸਦੇ ਪਿਸ਼ਾਬ ਦਾ ਬੰਨ੍ਹ ਟੁੱਟ ਸਕੇਗਾ। ਭਾਈ ਸੁਬੇਗ ਸਿੰਘ, ਭਾਈ ਤਾਰੂ ਸਿੰਘ ਦੀ ਜੁੱਤੀ ਲੈ ਕੇ ਸੂਬੇਦਾਰ ਪਾਸ ਪਹੁੰਚਿਆ ਅਤੇ ਸਾਰੀ ਗੱਲ ਦੱਸੀ।'' ਸੂਬੇਦਾਰ ਨੇ ਕਿਹਾ ਕਿ ਉਸਨੂੰ ਸ਼ਰਤ ਮਨਜ਼ੂਰ ਹੈ।

ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥

(ਅੰਕ ੧੦੮੯)

ਖਾਨ ਦਾ ਹੰਕਾਰ ਟੁੱਟ ਗਿਆ ਅਤੇ ਮੌਤ ਤੋਂ ਡਰਦਾ ਇਤਨਾ ਨੀਵਾਂ ਹੋ ਗਿਆ ਕਿ ਜਿਉਂ ਜਿਉਂ ਭਾਈ ਸਾਹਿਬ ਦੀ ਜੁੱਤੀ ਸੂਬੇਦਾਰ ਦੇ ਸਿਰ ਵਿੱਚ ਮਾਰੀ ਜਾਵੇ, ਤਿਉਂ ਤਿਉਂ ਉਸਦਾ ਪਿਸ਼ਾਬ ਦਾ ਬੰਨ੍ਹ ਟੁੱਟਦਾ ਜਾਵੇ। ਅੰਤ ਕਈ ਦਿਨ ਬਾਅਦ ਸੂਬੇਦਾਰ ਦੀ ਮੌਤ ਹੋ ਗਈ ਅਤੇ ਉਹ ਪਾਪਾਂ ਦਾ ਭਾਰ ਆਪਣੇ ਸਿਰ ਲੱਦ ਕੇ ਦੋਜ਼ਖ ਨੂੰ ਚਲਾ ਗਿਆ। ਉਧਰ ਭਾਈ ਤਾਰੂ ਸਿੰਘ ਨੂੰ ਜਦੋਂ ਇਹ ਖਬਰ ਹੋਈ ਕਿ

ਦੋਵੇਂ ਪਿਉ ਪੁੱਤਰ ਦੋਜ਼ਖ ਨੂੰ ਪਲਾਨ ਕਰ ਗਏ ਹਨ ਤਾਂ ਭਾਈ ਸਾਹਿਬ ਨੇ ਗੁਰੂ ਚਰਨਾਂ ਦਾ ਧਿਆਨ ਧਰਦਿਆਂ ਸੰਨ 1745 ਵਿੱਚ ਆਪਣੀ ਆਤਮਾ ਪਰਮ ਤੱਤ ਵਿੱਚ ਲੀਨ ਕਰ ਦਿੱਤੀ। ਸੱਚਮੁੱਚ ਹੀ ਸਤਿਗੁਰਾਂ ਨੇ ਗੁਰਸਿੱਖ ਦੀ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਅ ਦਿੱਤੀ। ਇਸ ਮਹਾਨ ਸ਼ਹੀਦੀ ਨਾਲ ਸਤਿਗੁਰਾਂ ਦਾ ਮਹਾਂਵਾਕ ਅਮਲੀ ਰੂਪ ਵਿੱਚ ਜਗਤ ਦੇ ਸਾਹਮਣੇ ਪਰਗਟ ਹੋ ਗਿਆ। ਗੁਰਵਾਕ ਹੈ :

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ
ਚਲਤੇ ਰਾਖਿਓ ਚੀਤਿ ॥ ੧ ॥ ਰਹਾਉ ॥

(ਅੰਕ ੧੦੦੦)

ਉਪਰੰਤ ਗੁਰ ਮਰਿਆਦਾ ਅਨੁਸਾਰ ਉਹਨਾਂ ਦਾ ਦੇਹ ਸਸਕਾਰ ਕਰ ਦਿੱਤਾ ਗਿਆ। ਭਾਈ ਸਾਹਿਬ ਦੇ ਸਸਕਾਰ ਵਾਲੀ ਪਵਿੱਤਰ ਥਾਂ ਉਤੇ ਸ਼ਹੀਦ ਗੰਜ ਗੁਰਦੁਆਰਾ ਸ਼ੁਸੋਭਿਤ ਹੈ, ਜਿੱਥੇ 1947 ਤੋਂ ਪਹਿਲਾਂ ਸ਼ਹੀਦੀ ਜੋੜ ਮੇਲਾ ਲੱਗਦਾ ਸੀ। ਹੁਣ ਵੀ ਪਾਕਿਸਤਾਨ ਵਿੱਚ ਰਹਿੰਦੀਆਂ ਸਿੱਖ ਸੰਗਤਾਂ ਅਤੇ ਵਿਦੇਸ਼ਾਂ ਵਿੱਚੋਂ ਜਾਣ ਵਾਲੇ ਸਿੱਖ ਸ਼ਰਧਾਲੂ ਯਾਤਰੀ ਇਸ ਅਸਥਾਨ ਉਤੇ ਨਤਮਸਤਕ ਹੋ ਕੇ ਆਪਣੀ ਸ਼ਰਧਾ ਅਤੇ ਸਤਿਕਾਰ ਮਹਾਨ ਸ਼ਹੀਦ ਨੂੰ ਭੇਟ ਕਰਦੇ ਹਨ। ਕਿਸੇ ਸ਼ਾਇਰ ਨੇ ਠੀਕ ਹੀ ਕਿਹਾ ਹੈ:-

ਸ਼ਹੀਦੋਂ ਕੀ ਚਿਤਾਉਂ ਪੇ ਲਗੇਂਗੇ ਹਰ ਬਰਸ ਮੇਲੇ।
ਵਤਨ ਪੇ ਮਿਟਨੇ ਵਾਲੋਂ ਕਾ ਬਾਕੀ ਯਹੀ ਨਿਸ਼ਾਂ ਹੋਗਾ।

ਸਿੱਖ ਕੌਮ ਹਮੇਸ਼ਾਂ ਲਈ ਇਸ ਮਹਾਨ ਅਤੇ ਅਲੌਕਿਕ ਸ਼ਹੀਦੀ ਉਤੇ ਮਾਣ ਅਤੇ ਗੌਰਵ ਮਹਿਸੂਸ ਕਰਦੀ ਰਹੇਗੀ। ਭਾਈ ਤਾਰੂ ਸਿੰਘ ਜੀ ਸ਼ਹੀਦੀ ਪਾ ਕੇ ਗੁਰਵਾਕ ਅਨੁਸਾਰ ਆਪਣਾ ਆਪ ਸਫ਼ਲ ਕਰ ਗਏ ਹਨ। ਗੁਰਵਾਕ ਹਨ :

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥

(ਅੰਕ ੫੭੯)

ਸਤਿਗੁਰਾਂ ਦੇ ਉਕਤ ਮਹਾਂਵਾਕ ਉਤੇ ਪੂਰੇ ਉਤਰਦਿਆਂ ਭਾਈ ਤਾਰੂ ਸਿੰਘ ਜੀ ਸਦਾ ਸਦਾ ਲਈ ਨਾਨਕਸ਼ਾਹੀ ਕੈਲੰਡਰ ਅਨੁਸਾਰ 16 ਜੁਲਾਈ 1745 ਨੂੰ ਗੁਰਚਰਨਾਂ ਵਿੱਚ ਜਾ ਬਿਰਾਜੇ ਅਤੇ ਹਮੇਸ਼ਾ ਹਮੇਸ਼ਾ ਲਈ ਅਮਰ ਹੋ ਗਏ। ਉਨ੍ਹਾਂ ਦੀ ਸ਼ਹੀਦੀ ਸਿੱਖ ਕੌਮ ਲਈ ਪੀੜ੍ਹੀ ਦਰ ਪੀੜ੍ਹੀ ਚਾਨਣ ਮੁਨਾਰੇ ਦਾ ਕੰਮ ਕਰਦੀ ਰਹੇਗੀ। ਕਿਸੇ ਸ਼ਾਇਰ ਨੇ ਅਜਿਹੇ ਸ਼ਹੀਦਾਂ ਪ੍ਰਤੀ ਇਉਂ ਲਿਖਿਆ ਹੈ :

ਜਦ ਡੁੱਲਦਾ ਖੂਨ ਸ਼ਹੀਦਾਂ ਦਾ
ਤਕਦੀਰ ਬਦਲਦੀ ਕੌਮਾਂ ਦੀ।
ਰੰਬੀਆਂ ਨਾਲ ਖੋਪਰ ਲਹਿੰਦੇ ਜਦ,
ਤਸਵੀਰ ਬਦਲਦੀ ਕੌਮਾਂ ਦੀ।
ਜਦ ਚਰਬੀ ਢਲੇ ਸ਼ਹੀਦਾਂ ਦੀ
ਰੂਹਾਂ ਵਿੱਚ ਚਾਨਣ ਹੋ ਜਾਵੇ।
ਜਦ ਉਸਰੇ ਕੰਧ ਮਾਸੂਮਾਂ ਦੀ
ਡਿਗਦੀ ਹੋਈ ਕੌਮ ਖਲੋ ਜਾਵੇ।

ਅੱਜ ਸਾਡੀ ਨੌਜੁਆਨ ਪੀੜ੍ਹੀ ਕਿਹੜੇ ਵਹਿਣ ਵਿੱਚ ਵਹਿ ਤੁਰੀ ਹੈ? ਸਾਡੇ ਨੌਜੁਆਨ ਬੱਚੇ ਅੱਜ ਆਪਣੇ ਆਪ ਹੀ ਆਪਣੇ ਕੇਸ ਅਤੇ ਦਾੜ੍ਹੀ ਕਤਲ ਕਰਾਉਣ ਲਈ ਨਾਈ ਦੀ ਦੁਕਾਨ ਜਾ ਚੜ੍ਹਦੇ ਹਨ। ਇਹਨਾਂ ਬੱਚਿਆਂ ਸਾਹਮਣੇ ਹੁਣ ਭਾਈ ਤਾਰੂ ਸਿੰਘ, ਭਾਈ ਸੁਬੇਗ ਸਿੰਘ, ਭਾਈ ਸ਼ਾਹਬਾਜ਼ਸਿੰਘ, ਭਾਈ ਜੈ ਸਿੰਘ ਖਲਕੱਟ ਆਦਿ ਮਾਡਲ ਵੀ ਮਹਾਨ ਨਹੀਂ ਰਹੇ ਸਗੋਂ ਸਮਾਜ ਵਿੱਚ ਨੰਗੇਜਵਾਦ ਅਸ਼ਲੀਲਤਾ ਅਤੇ ਲੱਚਰਤਾ ਫੈਲਾਉਣ ਵਾਲੇ ਨਾਚੇ ਅਤੇ ਨਾਚੀਆਂ ਹੀ ਇਨ੍ਹਾਂ ਲਈ ਮਾਡਲ ਰਹਿ ਗਏ ਹਨ। ਅਤਿ ਦੁਖਦਾਇਕ। ਆਓ! ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਉਤੇ ਮਾਣ ਕਰਦਿਆਂ ਆਪਣੇ ਵਿਲੱਖਣ ਵਿਰਸੇ ਅਤੇ ਸ਼ਾਨਾਂਮਤੇ ਇਤਿਹਾਸ ਦੇ ਵਾਰਸ ਬਣਦਿਆਂ ਪਤਿਤਪੁਣੇ ਤੋਂ ਛੁਟਕਾਰਾ ਪਾਈਏ ਅਤੇ ਆਪਣਾ ਜੀਵਨ **''ਸਾਬਤ ਸੂਰਤਿ ਦਸਤਾਰ ਸਿਰਾ''** ਦੇ ਮਹਾਨ ਸਿਧਾਂਤ ਅਨੁਸਾਰ ਜੀਵੀਏ। ਵਰਨਾ ਆਪਣੀ ਹੋਂਦ ਹਸਤੀ ਨੂੰ ਹੀ ਖਤਰਾ ਬਣ ਜਾਵੇਗਾ ਅਤੇ ਜਿਹੜਾ ਕੰਮ ਸਾਰੇ ਜ਼ੋਰ, ਯਤਨ, ਲਾਲਚ ਅਤੇ ਸਾਜ਼ਿਸ਼ਾਂ ਨਾਲ ਪੰਥ ਦੋਖੀ ਸ਼ਕਤੀਆਂ ਨਹੀਂ ਕਰ ਸਕੀਆਂ, ਉਹ ਅਸੀਂ ਖੁਦ ਹੀ ਕਰ ਲਵਾਂਗੇ। ਆਓ ਸੰਭਾਲੀਏ। ਚਾਰ ਦਿਨਾਂ ਦੀ ਝੂਠੀ ਫੈਸ਼ਨਪ੍ਰਸਤੀ, ਨੰਗੇਜਵਾਦ, ਅਸ਼ਲੀਲਤਾ, ਨਸ਼ੇ ਅਤੇ ਲੱਚਰਪੁਣੇ ਦੀ ਹਨ੍ਹੇਰੀ ਤੋਂ ਬਚੀਏ ਅਤੇ ਮਹਾਨ ਅਤੇ ਸ਼ਾਨਾਂਮੱਤੇ ਵਿਰਸੇ, ਸਿਧਾਂਤ ਅਤੇ ਇਤਿਹਾਸ ਤੋਂ ਸੇਧ ਲੈਂਦਿਆਂ ਗੁਰੂ ਵਾਲੇ ਬਣਕੇ ਆਪਣਾ ਜੀਵਨ ਜੀਵੀਏ। ਜਿਸ ਉਤੇ ਆਪਣਾ ਪਰਿਵਾਰ ਜਾਂ ਆਲਾ-ਦੁਆਲਾ ਹੀ ਨਹੀਂ ਸਗੋਂ ਸਮੁੱਚੀ ਸਿੱਖ ਕੌਮ ਹੀ ਮਾਣ ਕਰੇ ਅਤੇ ਅਸੀਂ ਪੂਰੇ ਗੌਰਵ ਅਤੇ ਮਾਣ ਨਾਲ ਸਮਾਜ ਵਿੱਚ ਸਿਰ ਉੱਚਾ ਕਰਕੇ ਵਿਚਰ ਸਕੀਏ।

ਅੱਜ ਭਾਈ ਤਾਰੂ ਸਿੰਘ ਜੀ ਦੀ ਮਹਾਨ ਸ਼ਹੀਦੀ ਸਿੱਖ ਕੌਮ ਅਤੇ ਖਾਸ ਕਰਕੇ ਸਾਡੀ ਨੌਜੁਆਨ ਪੀੜ੍ਹੀ, ਜੇਕਰ ਉਹ ਗਹਿਰ, ਗੰਭੀਰ ਅਤੇ ਵਿਚਾਰਵਾਨ ਹੋ ਜਾਵੇ, ਲਈ ਨਵੀਂ ਨਿਰੋਈ ਜ਼ਿੰਦਗੀ ਦਾ ਵਰਦਾਨ ਸਿੱਧ ਹੋ ਸਕਦੀ ਹੈ। ਭਵਿੱਖ ਵਿੱਚ ਵੀ ਇਹ ਸ਼ਹੀਦੀਆਂ ਸਾਡੇ ਕੌਮੀ ਜੀਵਨ ਲਈ ਚਾਨਣ ਮੁਨਾਰੇ ਵਜੋਂ ਕਾਇਮ ਦਾਇਮ ਰਹਿਣਗੀਆਂ। ਸ਼ਾਇਰ ਨੇ ਠੀਕ ਹੀ ਲਿਖਿਆ ਹੈ:-

ਸ਼ਹੀਦ ਕੀ ਜੋ ਮੌਤ ਹੈ ਵੋਹ ਕੌਮ ਕੀ ਹੱਯਾਤ ਹੈ।
ਹੱਯਾਤ ਤੋਂ ਹੱਯਾਤ ਹੈ ਵੋਹ ਮੌਤ ਭੀ ਹੱਯਾਤ ਹੈ।

- ਪ੍ਰੋ. ਕਿਰਪਾਲ ਸਿੰਘ ਬਡੂੰਗਰ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ

ਗੁਰੂ ਦੀ ਲਾਡਲੀ ਫੌਜ

ਨਿਹੰਗ ਸਿੰਘ

ਸਿੱਖ ਪੰਥ ਨਿਆਰਾ, ਪਿਆਰਾ ਅਤੇ ਦੀਨ-ਦੁਖ਼ੀਆਂ ਦਾ ਸਹਾਰਾ ਪੰਥ ਹੈ। ਇਸ ਨਿਰਮਲ ਪੰਥ ਦੇ ਸਿਰਜਣਹਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦਾ ਵਡੇਰਾ ਹਿੱਸਾ ਲੋਕਾਈ ਨੂੰ ਬਦੀ ਨਾਲੋਂ ਤੋੜਨ, ਨੇਕੀ ਵੱਲ ਮੋੜਨ ਅਤੇ ਸੱਚ (ਪਰਮਾਤਮਾ) ਨਾਲ ਜੋੜਨ ਹਿੱਤ ਲਗਾਇਆ ਹੈ। ਗੁਰੂ ਸਾਹਿਬ ਦੇ ਇਸ ਕਾਰਜ ਨੇ ਸਿੱਖੀ (ਇੱਕ ਉਤੱਮ ਜੀਵਨ-ਜਾਚ) ਵਿਚ ਨਿਖ਼ਾਰ ਲਿਆਉਣ ਦੇ ਨਾਲ-ਨਾਲ ਇਸ ਦੇ ਪਸਾਰ ਵਿਚ ਵੀ ਅਹਿਮ ਯੋਗਦਾਨ ਪਾਇਆ ਹੈ। ਇਸ ਪੰਥ ਦੀ ਨਿਆਰੀ ਅਤੇ ਸਤਿਕਾਰੀ ਹੋਂਦ ਨੂੰ ਕਾਇਮ ਰੱਖਣ ਲਈ ਅਗਲੇ ਨੌਂ ਗੁਰੂ ਸਾਹਿਬਾਨਾਂ ਅਤੇ ਉਨ੍ਹਾਂ ਦੇ ਪਰਮ ਸੇਵਕਾਂ ਨੇ ਵੀ ਆਪੋ-ਆਪਣੇ ਸਮੇਂ ਵਿਚ ਭਰਵਾਂ ਅਤੇ ਸ਼ਲਾਘਾਯੋਗ ਹਿੱਸਾ ਪਾਇਆ ਹੈ।

1708 ਈ: ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਬਖ਼ਸ਼ ਕੇ ਜਿਥੇ ਪੰਥ ਨੂੰ ਸਦੀਵੀ ਤੌਰ 'ਤੇ ਸ਼ਬਦ ਗੁਰੂ ਦੇ ਸਿਧਾਂਤ ਨਾਲ ਜੋੜ ਦਿੱਤਾ ਹੈ, ਉਥੇ ਨਾਲ ਹੀ ਇਸ (ਪੰਥ) ਦੀ ਚੜ੍ਹਦੀ ਕਲਾ ਲਈ (ਆਪਣੇ ਵਿਸ਼ੇਸ਼ ਥਾਪੜੇ ਨਾਲ) ਕੁੱਝ ਕੁ ਜਥੇਬੰਦੀਆਂ/ਸੰਪ੍ਰਦਾਵਾਂ ਦੀ ਸਥਾਪਨਾ ਵੀ ਕੀਤੀ ਹੈ। ਇਨ੍ਹਾਂ ਜਥੇਬੰਦੀਆਂ ਵਿਚੋਂ ਹੀ ਇੱਕ ਸਿਰਕੱਢਵੀਂ ਜਥੇਬੰਦੀ ਹੈ ਨਿਹੰਗ ਸਿੰਘਾਂ ਦੀ, ਜਿਸ ਨੂੰ ਗੁਰੂ ਦੀਆਂ ਲਾਡਲੀਆਂ ਫੌਜਾਂ ਦੇ ਨਾਮ ਨਾਲ ਵੀ ਜਾਣਿਆਂ ਜਾਂਦਾ ਹੈ।

ਨਿਹੰਗ ਸਿੰਘ ਸਿੱਖ ਪੰਥ ਦਾ ਅਨਿੱਖੜਵਾਂ ਅਤੇ ਅਹਿਮ ਅੰਗ ਹਨ। ਬਾਣੀ ਅਤੇ ਬਾਣੇ ਨਾਲ ਜੁੜੇ ਹੋਣ ਕਰਕੇ ਇਨ੍ਹਾਂ ਦੀ ਇੱਕ ਅੱਡਰੀ ਅਤੇ ਵਿਲੱਖਣ ਪਹਿਚਾਣ ਹੈ। ਪੁਰਾਤਨ ਜੰਗੀ ਸਰੂਪ ਅਤੇ ਆਚਾਰ-ਵਿਹਾਰ ਨੂੰ ਸੰਭਾਲਣ ਵਿਚ ਨਿਹੰਗ ਸਿੰਘਾਂ ਦੀ ਵਿਸ਼ੇਸ਼ ਭੂਮਿਕਾ ਰਹੀ ਹੈ।

ਨਿਹੰਗ ਸ਼ਬਦ ਫ਼ਾਰਸੀ ਭਾਸ਼ਾ ਵਿਚੋਂ ਲਿਆ ਗਿਆ ਹੈ ਜਿਸ ਦੇ ਅਰਥ ਹਨ- ਖੜਗ, ਤਲਵਾਰ, ਕਲਮ, ਮਗਰਮੱਛ, ਘੜਿਆਲ, ਘੋੜਾ, ਦਲੇਰ, ਨਿਰਲੇਪ, ਆਤਮ ਗਿਆਨੀ ਜਿਸ ਨੂੰ ਮੌਤ ਦਾ ਭੈਅ ਨਾ ਹੋਵੇ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨਿਹੰਗ ਸਿੰਘਾਂ ਦੀ ਨਿਰਭੈਅਤਾ ਬਾਬਤ ਗੁਰੂ ਗ੍ਰੰਥ ਸਾਹਿਬ ਦੇ ਅੰਗ 392 ਉਪਰ ਇਸ ਤਰ੍ਹਾਂ ਫ਼ੁਰਮਾਉਂਦੇ ਹਨ :-

ਨਿਰਭਉ ਹੋਇਓ ਭਇਆ ਨਿਹੰਗਾ।।

'ਚੰਡੀ ਦੀ ਵਾਰ' ਵਿਚ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ :-

ਪਹਿਲਾਂ ਦਲਾਂ ਮਿਲੰਦਿਆਂ ਭੇੜ ਪਿਆ ਨਿਹੰਗਾਂ।।

ਪੰਥ ਦੇ ਪ੍ਰਸਿੱਧ ਲਿਖਾਰੀ ਭਾਈ ਰਤਨ ਸਿੰਘ ਭੰਗੂ'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਨਿਹੰਗ ਸਿੰਘਾਂ ਦਾ ਜਿਕਰ ਇਸ ਤਰ੍ਹਾਂ ਕਰਦੇ ਹਨ :-

ਨਿਹੰਗ ਕਹਾਵੈ ਸੋ ਪੁਰਸ਼, ਦੁਖ ਸੁਖ ਮੰਨੇ ਨਾ ਅੰਗ।

'ਮਹਾਨ ਕੋਸ਼' ਦੇ ਪੰਨਾ ਨੰਬਰ 704 ਉਪਰ ਨਿਹੰਗ ਸਿੰਘਾਂ ਬਾਰੇ ਇਸ ਤਰ੍ਹਾਂ ਲਿਖਿਆ ਹੈ :-

'ਨਿਹੰਗ ਸਿੰਘ, ਸਿੰਘਾਂ ਦਾ ਇੱਕ ਫਿਰਕਾ ਹੈ, ਜੋ ਸੀਸ 'ਪੁਰ ਫਰਹਰੇ ਵਾਲਾ ਦੁਮਾਲਾ, ਚੱਕ੍ਰ, ਤੋੜਾ, ਕਿਰਪਾਨ, ਖੰਡਾ, ਗਜਗਾਹ ਆਦਿ ਸ਼ਸਤਰ ਅਤੇ ਨੀਲਾ ਬਾਣਾ ਪਹਿਨਦਾ ਹੈ।'

ਪੰਥ ਦੀ ਸ਼ਸਤਰਧਾਰੀ ਧਿਰ ਨਿਹੰਗ ਸਿੰਘਾਂ ਨੂੰ ਅਕਾਲੀ ਵੀ ਕਿਹਾ ਜਾਂਦਾ ਹੈ ਕਿਉਂਕਿ ਉਹ ਇੱਕ ਅਕਾਲ (ਵਾਹਿਗੁਰੂ) ਦੇ ਪੁਜਾਰੀ ਹਨ ਅਤੇ ਅਕਾਲ-ਅਕਾਲ ਜਪਦੇ ਹਨ। ਇਨ੍ਹਾਂ ਦੇ ਵਿਲੱਖਣ ਸਰੂਪ ਬਾਰੇ ਬਹੁਤ ਸਾਰੀਆਂ ਧਾਰਨਾਵਾਂ ਪ੍ਰਚਲਿਤ ਹਨ। ਜੇਕਰ 'ਮਾਲਵਾ ਇਤਿਹਾਸ' ਦੇ ਪੰਨਾ ਨੰਬਰ 436 ਦੇ ਹਵਾਲੇ ਨਾਲ ਗੱਲ ਕੀਤੀ ਜਾਵੇ ਤਾਂ ਇਹ ਪੰਨਾ ਕਹਿੰਦਾ ਹੈ ਕਿ ਜਦੋਂ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕੀਤੇ ਗਏ ਸਨ ਤਾਂ ਉਸ ਵਕਤ ਗੁਰੂ ਨਾਨਕ ਨਾਮ-ਲੇਵਾ ਸੰਗਤ ਬਾਬਾ ਬੁੱਢਾ ਜੀ ਦੀ ਅਗਵਾਈ ਵਿਚ ਗੁਰੂ-ਦਰਸ਼ਨਾਂ ਲਈ ਕਿਲ੍ਹੇ ਵੱਲ ਜਾਇਆ ਕਰਦੀ ਸੀ। ਬਾਬਾ ਬੁੱਢਾ ਜੀ ਨਿਸ਼ਾਨ ਸਾਹਿਬ ਲੈ ਕੇ ਸੰਗਤ ਦੇ ਅੱਗੇ-ਅੱਗੇ ਚੱਲਿਆ ਕਰਦੇ ਸਨ। ਬਾਬਾ ਜੀ ਦੀ ਇਸ ਪਿਆਰ ਅਤੇ ਦੀਦਾਰ ਭਾਵਨਾ ਤੋਂ ਖੁਸ਼ ਹੋ ਕੇ ਛੇਵੇਂ ਪਾਤਸ਼ਾਹ ਨੇ ਕਿਹਾ ਸੀ ਕਿ 'ਬਾਬਾ ਜੀ ਕੁੱਝ ਸਮਾਂ ਪਾ ਕੇ ਤੇਰਾ ਇਹ ਨਿਸ਼ਾਨਾਂ ਵਾਲਾ ਪੰਥ ਆਪਣੀ ਵੱਖਰੀ ਪਹਿਚਾਣ ਸਥਾਪਿਤ ਕਰੇਗਾ।'

ਇੱਕ ਹੋਰ ਧਾਰਨਾ ਅਨੁਸਾਰ ਇਕ ਵਾਰ ਸਾਹਿਬਜ਼ਾਦਾ ਫ਼ਤਹਿ ਸਿੰਘ ਸੀਸ 'ਤੇ ਦੁਮਾਲਾ ਸਜਾ ਕੇ ਕਲਗੀਧਰ ਪਾਤਸ਼ਾਹ ਦੇ ਸਨਮੁੱਖ ਹੋਏ ਜਿਸ ਨੂੰ ਦੇਖ ਕੇ ਗੁਰੂ ਸਾਹਿਬ ਨੇ ਫ਼ੁਰਮਾਇਆ ਕਿ ਇਸ ਬਾਣੇ ਦਾ ਨਿਹੰਗ ਪੰਥ ਹੋਵੇਗਾ।

ਇੱਕ ਵਿਚਾਰ ਦੇ ਅਨੁਸਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਛੀਵਾੜੇ ਤੋਂ (ਉਚੱ ਦਾ ਪੀਰ ਬਣ ਕੇ) ਚੱਲਣ ਸਮੇਂ ਜਿਹੜਾ ਨੀਲਾ ਬਾਣਾ ਧਾਰਨ ਕੀਤਾ ਸੀ ਤਾਂ ਉਸ ਨੂੰ ਸਮਾਪਤ ਕਰਦੇ ਸਮੇਂ ਉਸ ਦੀ ਇੱਕ ਲੀਰ ਭਾਈ ਮਾਨ ਸਿੰਘ ਨੇ ਆਪਣੀ ਦਸਤਾਰ ਵਿਚ ਸਜਾ ਲਈ

ਸੀ, ਜਿਸ ਤੋਂ ਨਿਹੰਗ ਸਿੰਘ ਦੇ ਬਾਣੇ ਦੀ ਆਰੰਭਤਾ ਮੰਨੀ ਜਾਂਦੀ ਹੈ।

ਜਦੋਂ ਮੁਗਲਾਂ ਨੇ ਖ਼ਾਲਸਾ ਪੰਥ ਨੂੰ ਖ਼ਤਮ ਕਰਨ ਲਈ ਹਰ ਤਰ੍ਹਾਂ ਦਾ ਅਤਿਆਚਾਰੀ ਹੀਲਾ-ਵਸੀਲਾ ਵਰਤਣਾ ਸ਼ੁਰੂ ਕੀਤਾ ਤਾਂ ਉਸ ਸੰਕਟਕਾਲੀ ਸਥਿਤੀ ਦਾ ਟਾਕਰਾ ਕਰਨ ਲਈ ਖ਼ਾਲਸਾ ਹਰ ਸਮੇਂ ਤਿਆਰ-ਬਰ-ਤਿਆਰ ਰਹਿਣ ਲੱਗਾ। ਇਸ ਟਾਕਰੇ ਲਈ ਉਸ (ਖ਼ਾਲਸੇ) ਨੇ ਵੱਧ ਤੋਂ ਵੱਧ ਸ਼ਸਤਰ ਰੱਖਣ ਦੇ ਨਾਲ-ਨਾਲ ਆਪਣੀ ਵੱਖਰੀ ਵਰਦੀ ਵੀ ਧਾਰਨ ਕਰ ਲਈ ਜਿਸ ਵਿਚ ਨੀਲੇ ਰੰਗ ਦਾ ਲੰਮਾ ਚੋਲਾ, ਲੱਕ ਨੂੰ ਕਮਰਕੱਸਾ, ਗੋਡਿਆਂ ਤੱਕ ਕਛਹਿਰਾ, ਸਿਰ 'ਤੇ ਉਚੀ ਦਸਤਾਰ ਤੇ ਉਸ ਦੁਆਲੇ ਚੱਕਰ ਸਜਾਉਣਾ ਸ਼ਾਮਿਲ ਹੈ। ਇਸ ਤਰ੍ਹਾਂ ਸ਼ਸਤਰ ਅਤੇ ਬਸਤਰ (ਨਿਹੰਗੀ ਬਾਣੇ) ਦਾ ਧਾਰਨੀ ਹੋ ਕੇ ਖ਼ਾਲਸਾ ਅਕਾਲ ਪੁਰਖ ਦੀ ਫੌਜ ਦੇ ਰੂਪ ਵਿਚ ਮੈਦਾਨ-ਏ-ਜੰਗ ਵਿਚ ਨਿੱਤਰਦਾ ਰਿਹਾ ਹੈ ਅਤੇ ਗੁਰੂ ਘਰ ਦੇ ਦੋਖੀਆਂ ਨੂੰ ਭਾਜੜਾਂ ਪਾਉਂਦਾ ਰਿਹਾ ਹੈ।

ਸਿੱਖ ਧਰਮ ਦੀ ਪਰੰਪਰਾ ਅਤੇ ਗੁਰ-ਮਰਯਾਦਾ ਨੂੰ ਕਾਇਮ ਰੱਖਣ ਅਤੇ ਗੁਰਧਾਮਾਂ ਦੀ ਸੇਵਾ-ਸੰਭਾਲ ਹਿੱਤ ਨਿਹੰਗ ਸਿੰਘਾਂ ਨੇ ਆਪਣਾ ਬਣਦਾ ਯੋਗਦਾਨ ਪਾਇਆ ਹੈ ਅਤੇ ਲੋੜ ਪੈਣ 'ਤੇ ਕੁਰਬਾਨੀਆਂ ਵੀ ਕੀਤੀਆਂ ਹਨ। ਨਿਹੰਗ ਸਿੰਘਾਂ ਵਿਚ ਉਹ ਸਾਰੀਆਂ ਖ਼ੂਬੀਆਂ ਮਿਲਦੀਆਂ ਸਨ, ਜਿਨ੍ਹਾਂ ਨੂੰ ਕਲਗੀਧਰ ਪਿਤਾ ਪਿਆਰਦੇ ਅਤੇ ਸਤਿਕਾਰਦੇ ਸਨ। ਇਨ੍ਹਾਂ ਖ਼ੂਬੀਆਂ ਕਾਰਨ ਹੀ ਨਿਹੰਗ ਸਿੰਘਾਂ ਨੂੰ ਗੁਰੂ ਕੀਆਂ ਲਾਡਲੀਆਂ ਫੌਜਾਂ ਦਾ ਖ਼ਿਤਾਬ ਮਿਲਿਆ ਹੋਇਆ ਹੈ।

ਪੰਜ ਸ਼ਸਤਰ ਨਿਹੰਗ ਸਿੰਘਾਂ ਨੂੰ ਜਾਨ ਤੋਂ ਵੀ ਪਿਆਰੇ ਹਨ ਜਿਨ੍ਹਾਂ ਵਿੱਚ ਕਿਰਪਾਨ, ਖੰਡਾ, ਬਾਘ ਨਖਾ, ਤੀਰ-ਕਮਾਨ ਅਤੇ ਚੱਕਰ ਅਤੇ ਕਈ ਨਿੱਕੇ ਅਕਾਰ ਵਾਲੇ ਸ਼ਸਤਰਾਂ ਨੂੰ ਨਿਹੰਗ ਸਿੰਘ ਦੁਮਾਲੇ ਵਿਚ ਸਜਾ ਕੇ ਰੱਖਦੇ ਹਨ।

ਸਿੱਖ ਫੌਜਾਂ ਵਿਚ ਵੱਡੀ ਤਦਾਦ ਨਿਹੰਗ ਸਿੰਘਾਂ ਦੀ ਹੀ ਹੁੰਦੀ ਸੀ। ਇਨ੍ਹਾਂ ਦੇ ਕਿਰਦਾਰ ਦਾ ਇੱਕ ਤਸੱਲੀਬਖ਼ਸ਼ ਪੱਖ ਇਹ ਵੀ ਰਿਹਾ ਹੈ ਕਿ ਜਦੋਂ ਇਹ ਜੈਕਾਰੇ ਗਜਾਉਂਦੇ ਕਿਸੇ ਨਗਰ-ਖੇੜੇ ਵਿਚ ਪੈਰ ਪਾਉਂਦੇ ਤਾਂ ਲੋਕ ਆਪ ਮੁਹਾਰੇ ਹੀ ਆਪਣੀਆਂ ਨੂੰਹਾਂ-ਧੀਆਂ ਨੂੰ ਕਹਿ ਦਿੰਦੇ ਸਨ:- 'ਆਏ ਨੀ ਨਿਹੰਗ, ਬੂਹੇ ਖੋਲ੍ਹ ਦੇ ਨਿਸੰਗ।'

ਉੱਚੇ ਅਤੇ ਸੁੱਚੇ ਕਿਰਦਾਰ ਦੇ ਮਾਲਕ ਨਿਹੰਗ ਸਿੰਘ ਬਹੁਤ ਹੀ ਭਜਨੀਕ, ਸੂਰਬੀਰ, ਨਿਰਭੈ, ਨਿਰਵੈਰ ਅਤੇ ਕਹਿਣੀ-ਕਰਨੀ ਦੇ ਧਨੀ ਹੋਏ ਹਨ। ਸਿੱਖ ਵਿਸ਼ਵਾਸ ਅਤੇ ਇਤਿਹਾਸ ਨੂੰ ਮਾਣ-ਮੱਤਾ ਬਣਾਉਣ ਵਿਚ ਇਨ੍ਹਾਂ ਦੀ ਭੂਮਿਕਾ ਹਾਂ-ਪੱਖੀ ਰਹੀ ਹੈ।

ਲੰਮੇ ਸਮੇਂ ਤੋਂ ਕਈ ਸ਼ਹੀਦੀ ਸਥਾਨਾਂ ਅਤੇ ਡੇਰਿਆਂ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਨਿਹੰਗ ਸਿੰਘਾਂ ਵੱਲੋਂ ਨਿਭਾਈ ਜਾ ਰਹੀ ਹੈ। ਇਨ੍ਹਾਂ ਦੇ ਡੇਰਿਆਂ ਨੂੰ ਛਾਉਣੀਆਂ ਕਿਹਾ ਜਾਂਦਾ ਹੈ।

ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੀ ਵਿਸਾਖੀ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਦਿਵਾਲੀ ਅਤੇ ਸ੍ਰੀ ਅਨੰਦਪੁਰ ਸਾਹਿਬ ਦਾ ਹੋਲਾ-ਮਹੱਲਾ ਨਿਹੰਗ ਸਿੰਘਾਂ ਦੀ ਭਰਪੂਰ ਅਤੇ ਮਸ਼ਹੂਰ ਹਾਜ਼ਰੀ ਵਾਲੇ ਤਿਉਹਾਰ ਹਨ। ਹੋਲੇ-ਮਹੱਲੇ ਦੇ ਰੰਗ ਤਾਂ ਨਿਹੰਗ ਸਿੰਘਾਂ ਦੀ ਹਾਜ਼ਰੀ ਤੋਂ ਬਗੈਰ ਉਘੱੜਦੇ ਹੀ ਨਹੀਂ ਹਨ।

ਸਰਬ-ਲੋਹ ਦੇ ਬਰਤਨਾਂ ਅਤੇ ਘੋੜਿਆਂ ਨਾਲ ਨਿਹੰਗ ਸਿੰਘਾਂ ਨੂੰ ਵਿਸ਼ੇਸ਼ ਪ੍ਰੇਮ ਹੰਦਾ ਹੈ। ਇਸ ਤੋਂ ਇਲਾਵਾ ਇਹ ਸ਼ਸਤਰਾਂ ਨੂੰ ਵੀ ਅੰਗ ਲਗਾ ਕੇ ਰੱਖਦੇ ਹਨ।

ਨਿਹੰਗ ਸਿੰਘਾਂ ਦੀ ਬੋਲ-ਬਾਣੀ ਵੀ ਵਿਲੱਖਣ ਅਤੇ ਰੋਚਿਕਤਾ ਭਰਪੂਰ ਹੁੰਦੀ ਹੈ। ਘਾਟੇਵੰਦੀ ਸਥਿਤੀ ਨੂੰ ਲਾਹੇਵੰਦੀ ਨਜ਼ਰ ਨਾਲ ਦੇਖਣਾ ਇਸ ਬੋਲ-ਬਾਣੀ ਦਾ ਅਹਿਮ ਪੱਖ ਹੈ। ਇਸੇ ਕਰਕੇ ਹੀ ਇਸ ਬੋਲ-ਬਾਣੀ ਨੂੰ 'ਗੜਗੱਜ ਬੋਲਿਆਂ' ਦਾ ਨਾਮ ਦਿੱਤਾ ਜਾਂਦਾ ਹੈ। ਇਨ੍ਹਾਂ ਬੋਲਿਆਂ ਤਹਿਤ ਇੱਕ ਸਿੰਘ ਨੂੰ ਸਵਾ ਲੱਖ ਕਹਿਣ ਨਾਲ ਦੁਸ਼ਮਣ ਦੰਗ ਰਹਿ ਜਾਂਦੇ ਸਨ ਅਤੇ ਮੈਦਾਨ ਛੱਡ ਜਾਂਦੇ ਸਨ।

ਅਜੋਕੇ ਸਮੇਂ ਵੀ ਨਿਹੰਗ ਸਿੰਘਾਂ ਦੇ ਕਈ ਦਲ ਮੌਜੂਦ ਹਨ ਜੋ ਵੱਖਰਤਾਮਕ ਲੀਹਾਂ ਦੇ ਪਾਂਧੀ ਹੋਣ ਕਰਕੇ ਕਈ ਤਰ੍ਹਾਂ ਦੀ ਅਲੋਚਨਾਵਾਂ ਦਾ ਸ਼ਿਕਾਰ ਹੁੰਦੇ ਰਹਿੰਦੇ ਹਨ।

- ਰਮੇਸ਼ ਬੱਗਾ ਚੋਹਲਾ
1348/17/1 ਗਲੀ ਨੰ: 8,
ਰਿਸ਼ੀ ਨਗਰ ਐਕਸਟੈਨਸ਼ਨ, ਲੁਧਿਆਣਾ
ਮੋਬਾਇਲ : 9463132719

ਲੇਖਕਾਂ ਪ੍ਰਤੀ ਬੇਨਤੀ

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਸੀਸ ਗੰਜ ਪੱਤ੍ਰਿਕਾ ਲਈ ਆਪ ਲੇਖ ਸਮੱਗਰੀ ਕਮੇਟੀ ਵੱਲੋਂ ਜਾਰੀ ਕੀਤੀ ਈਮੇਲ editorsisganj@dsgmc.in **ਰਾਹੀਂ ਭੇਜ ਸਕਦੇ ਹੋ। ਜਿਸ** Type Font **ਵਿੱਚ ਲੇਖ ਟਾਈਪ ਕੀਤਾ ਜਾਵੇ, ਉਹ** Type Font **ਵੀ ਨਾਲ ਭੇਜਣ ਦੀ ਖੇਚਲ ਕਰਨੀ। ਹਰ ਮਹੀਨੇ ਵਿੱਚ ਆਉਣ ਵਾਲੇ ਸਿੱਖ ਇਤਿਹਾਸ ਨਾਲ ਸਬੰਧਿਤ ਦਿਹਾੜਿਆਂ ਦੇ ਲੇਖ ਘੱਟ ਤੋਂ ਘੱਟ ਡੇਢ ਦੋ ਮਹੀਨੇ ਪਹਿਲਾਂ ਭੇਜਣ ਦੀ ਖੇਚਲ ਕਰਨੀ ਤਾਂ ਜੋ ਸਮੇਂ ਸਿਰ ਵਰਤੋਂ ਵਿੱਚ ਲਿਆਂਦੇ ਜਾ ਸਕਣ। ਪਾਠਕ ਸੱਜਣ ਵੀ ਆਪਣੇ ਵੱਡਮੁੱਲੇ ਸੁਝਾਅ ਇਸੇ ਈਮੇਲ ਰਾਹੀਂ ਭੇਜ ਸਕਦੇ ਹਨ।**

ਗਦਰੀ ਬਾਬਾ ਈਸ਼ਰ ਸਿੰਘ ਮਰਹਾਣਾ

''ਪੁੱਤਰ! ਤੂੰ ਵੀ ਸਾਰੀ ਸੰਗਤ ਨਾਲ ਹੀ ਹੈਂ, ਜੇ ਕਰ ਭੀੜ ਕਾਰਨ ਕਮਰਾ ਨਹੀਂ ਮਿਲਿਆ ਤਾਂ ਐਡੀ ਕਿਹੜੀ ਗੱਲ ਆ!''

ਉਕਤ ਸ਼ਬਦ ਬਾਬਾ ਈਸ਼ਰ ਸਿੰਘ ਮਰਹਾਣਾ ਨੇ ਆਪਣੇ ਸਪੁੱਤਰ ਸ: ਜਗਤ ਸਿੰਘ ਨੂੰ ਉਸ ਮੌਕੇ ਕਹੇ ਜਦੋਂ ਜਗਤ ਸਿੰਘ ਆਪਣੇ ਬੀਮਾਰ ਪੁੱਤਰ ਦੇ ਇਲਾਜ ਲਈ ਸ੍ਰੀ ਦਰਬਾਰ ਸਾਹਿਬ, ਗੁਰੂ ਰਾਮਦਾਸ ਸਰ੍ਹਾਂ ਵਿੱਚ ਰਹਿਣ ਲਈ ਪਿੰਡੋਂ ਇਸ ਆਸ ਨਾਲ ਆਏ ਸਨ ਕਿ ਉਸਦਾ ਬਾਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਨ। ਯਾਤਰੀਆਂ ਦੀ ਭੀੜ ਹੋਣ ਕਰਕੇ ਸ: ਜਗਤ ਸਿੰਘ ਨੂੰ ਰਿਹਾਇਸ਼ ਲਈ ਕਮਰਾ ਨਾ ਮਿਲਣ ਦੇ ਰੋਸ ਵਜੋਂ ਪਿਤਾ ਈਸ਼ਰ ਸਿੰਘ ਨੂੰ ਕਿਹਾ ਸੀ। ਬਾਬਾ ਈਸ਼ਰ ਸਿੰਘ ਨੇ ਪਹਿਲਾਂ ਮੀਤ ਪ੍ਰਧਾਨ ਤੇ ਪਿੱਛੋਂ 1936 ਤੱਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੁੰਦੇ ਹੋਇਆਂ ਲੰਗਰ ਵਿੱਚੋਂ ਭੋਜਨ ਨਹੀਂ ਸੀ ਖਾਧਾ। ਘਰੋਂ ਖਾ ਕੇ ਆਉਂਦੇ ਤੇ ਜ਼ਰੂਰਤ ਵਜੋਂ ਖਾਣਾ ਲੜ੍ਹ ਬੰਨ ਲਿਆਉਂਦੇ ਸਨ।

ਬਾਬਾ ਈਸ਼ਰ ਸਿੰਘ ਦਾ ਜਨਮ ਪਹਿਲੀ ਜਨਵਰੀ 1878 ਨੂੰ ਪਿਤਾ ਸ: ਜਵੰਦ ਸਿੰਘ ਤੇ ਮਾਤਾ ਚੰਦ ਕੌਰ ਦੇ ਘਰ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਮਰਹਾਣਾ ਵਿਖੇ ਹੋਇਆ। ਇਸ ਪਿੰਡ ਦੀ ਮਹੱਤਤਾ ਇਸ ਕਰਕੇ ਵੀ ਹੈ ਕਿ ਸਿੱਖ ਰਾਜ ਦੇ ਪਤਨ ਸਮੇਂ ਬਾਬਾ ਬੀਰ ਸਿੰਘ ਨੌਰੰਗਾਬਾਦੀ, ਹਰੀ ਕੇ ਪੱਤਨ ਸਿੱਖ ਰਾਜ ਦੇ ਗਦਾਰਾਂ ਹੱਥੋਂ ਸ਼ਹਾਦਤ ਪਾਉਣ ਤੋਂ ਪਹਿਲਾਂ ਇਥੇ ਠਹਿਰੇ ਸਨ ਅਤੇ ਉਦੋਂ ਉਨ੍ਹਾਂ ਦੀ ਬਹੁਤ ਮਹਿੰਮਾ ਸੀ। ਅੰਗਰੇਜ਼ੀ ਸਾਮਰਾਜ ਵਿਰੁੱਧ ਉੱਠੀ ਹਰ ਲਹਿਰ ਵਿਚ ਇਸ ਪਿੰਡ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਗਦਰ ਲਹਿਰ ਦੇ ਬਾਬਾ ਕੇਹਰ ਸਿੰਘ ਮਰਹਾਣਾ ਇਥੋਂ ਦੇ ਜੰਮਪਲ ਸਨ, ਜਿਹੜੇ ਅੰਡੇਮਾਨ ਜੇਲ੍ਹ ਵਿਚ ਜ਼ਾਲਮ ਅੰਗਰੇਜ਼ ਅਧਿਕਾਰੀਆਂ ਦੇ ਅੱਤਿਆਚਾਰਾਂ ਦਾ ਸਾਹਮਣਾ ਕਰਦਿਆਂ ਸ਼ਹੀਦ ਹੋਏ ਸਨ।

ਬਾਬਾ ਈਸ਼ਰ ਸਿੰਘ ਨੇ ਪਿੰਡ ਦੀ ਧਰਮਸ਼ਾਲਾ ਦੇ ਇਕ ਸੰਤ ਪਾਸੋਂ ਗੁਰਮੁਖੀ ਲਿਖਣੀ ਸਿੱਖੀ। ਉਨ੍ਹਾਂ ਦੀ ਸ਼ਾਦੀ ਜ਼ਿਲ੍ਹਾ ਜਲੰਧਰ ਦੀ ਤਹਿਸੀਲ ਨਕੋਦਰ ਦੇ ਪਿੰਡ ਖਾਨਪੁਰ ਦੇ ਭਾਈ ਹੀਰਾ ਸਿੰਘ ਦੀ ਪੁੱਤਰੀ ਬੀਬੀ ਹਰ ਕੌਰ ਨਾਲ ਹੋਈ। 1905-06 ਵਿਚ ਵਿਦੇਸ਼ ਜਾਣ ਲਈ ਹਾਂਗਕਾਂਗ, ਸਿੰਘਾਪੁਰ ਤੋਂ ਪਨਾਮਾ ਤੋਂ ਹੁੰਦੇ ਹੋਏ ਉਹ ਕੈਲੇਫੋਰਨੀਆਂ ਪੁੱਜੇ ਸਨ। ਸਟੌਕਟਨ ਵਿਚ ਬਾਬਾ ਜਵਾਲਾ ਸਿੰਘ ਠੱਠੀਆਂ, ਬਾਬਾ ਵਸਾਖਾ ਸਿੰਘ ਵਾਲੇ ਫਾਰਮ ਵਿਚ ਕੰਮ ਕਰਦਿਆਂ ਉਨ੍ਹਾਂ ਉੱਤੇ ਵੀ ਸੰਗਤ ਦਾ ਰੰਗ ਚੜ੍ਹ ਗਿਆ ਸੀ।

ਅਮਰੀਕਾ ਵਿਚ ਗਦਰ ਪਾਰਟੀ ਦੇ ਸੰਗਠਨ ਤੋਂ ਲੈ ਕੇ ਹਿੰਦੁਸਤਾਨ ਪਹੁੰਚਣ ਤੱਕ ਉਹ ਗਦਰ ਪਾਰਟੀ ਦੀਆਂ ਸਰਗਰਮੀਆਂ ਵਿਚ ਸ਼ਾਮਲ ਸਨ। ਸਟੌਕਟਨ ਫਾਰਮ ਵਿਚ ਵਾਕ ਲੈਣ ਮੌਕੇ ਬਾਬਾ ਜਵਾਲਾ ਸਿੰਘ, ਬਾਬਾ ਵਸਾਖਾ ਸਿੰਘ ਤੇ ਭਾਈ ਸੰਤੋਖ ਸਿੰਘ ਨਾਲ ਦੇਸ਼ ਦੀ ਆਜ਼ਾਦੀ ਲਈ ਸਭ ਕੁਝ ਅਰਪਨ ਕਰਨ ਲਈ ਬਾਬਾ ਈਸ਼ਰ ਸਿੰਘ ਮਰਹਾਣਾ ਵੀ ਮੌਜੂਦ ਸਨ। 1914 ਵਿਚ ਉਹ ਤੋਸ਼ਾ ਮਾਰੂ ਜਹਾਜ਼ ਵਿਚ ਸਵਾਰ ਗਦਰੀ ਆਗੂਆਂ ਨਾਲ ਉਨ੍ਹਾਂ ਦੇ ਆਪਣੇ ਪਿੰਡ ਦੇ ਸ: ਸੋਭਾ ਸਿੰਘ ਵੀ ਨਾਲ ਸਨ। ਇਨ੍ਹਾਂ ਦੋਨਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਅੰਦਰ ਬੰਦ ਕੀਤਾ ਗਿਆ ਸੀ। ਜੂਨ 1916 ਨੂੰ ਇਨ੍ਹਾਂ ਦੋਨਾਂ ਨੂੰ ਰਿਹਾ ਕਰਕੇ ਜੂਹ-ਬੰਦ ਕੀਤਾ ਗਿਆ ਤੇ ਅਗੋਂ ਇਹ ਜੂਹਬੰਦੀ ਵਧਾਈ ਜਾਂਦੀ ਰਹੀ ਸੀ।

ਗੁਰਦੁਆਰਾ ਸੁਧਾਰ ਲਹਿਰ ਸਮੇਂ ਉਨ੍ਹਾਂ ਨੇ ਸਰਗਰਮੀ ਨਾਲ ਹਿੱਸਾ ਲੈਂਦਿਆਂ 1922 ਵਿਚ ਆਪਣੇ ਪਿੰਡ ਵਿਚ ਭਾਰੀ ਅਕਾਲੀ ਕਾਨਫਰੰਸ ਦੀ ਪ੍ਰਧਾਨਗੀ ਕੀਤੀ ਸੀ। ਇਸ ਸਮੇਂ ਗੁਰੂ ਕੇ ਬਾਗ ਦੇ ਮੋਰਚੇ ਵਿੱਚ ਪਿੰਡ ਮਰਹਾਣਾ ਦੀ ਵੱਡੀ ਦੇਣ ਹੈ ਜਦੋਂ ਕਿ ਇਥੋਂ ਦੇ ਭਾਈ ਸੁਰਜਨ ਸਿੰਘ ਪੁੱਤਰ ਵਸਾਖਾ ਸਿੰਘ, ਭਾਈ ਬਹਾਦਰ ਸਿੰਘ ਪੁੱਤਰ ਲਛਮਣ ਸਿੰਘ, ਭਾਈ ਫਤਹਿ ਸਿੰਘ ਪੁੱਤਰ ਸੰਤਾ ਸਿੰਘ, ਭਾਈ ਲੱਖਾ ਸਿੰਘ ਪੁੱਤਰ ਖੜਕ ਸਿੰਘ, ਭਾਈ ਉਤਮ ਸਿੰਘ ਪੁੱਤਰ ਪ੍ਰਤਾਪ ਸਿੰਘ, ਭਾਈ ਧਿਆਨ ਸਿੰਘ ਪੁੱਤਰ ਆਸਾ ਸਿੰਘ, ਭਾਈ ਬੂੜ ਸਿੰਘ ਪੁੱਤਰ ਨਿਹਾਲਾ, ਭਾਈ ਉਜਾਗਰ ਸਿੰਘ ਪੁੱਤਰ ਸੁਦਾਗਰ ਸਿੰਘ, ਭਾਈ ਲਾਭ ਸਿੰਘ ਪੁੱਤਰ ਭੋਲਾ ਸਿੰਘ, ਭਾਈ ਕਪੂਰ ਸਿੰਘ ਪੁੱਤਰ ਨੱਥਾ ਸਿੰਘ, ਭਾਈ ਚੰਨਣ ਸਿੰਘ ਪੁੱਤਰ ਜਥੇਦਾਰ ਬੂਟਾ ਸਿੰਘ ਅਤੇ ਭਾਈ ਲਛਮਣ ਸਿੰਘ ਪੁੱਤਰ ਖੇਮ ਸਿੰਘ ਨੇ ਗੁਰੂ ਕੇ ਬਾਗ ਦੇ ਮੋਰਚੇ ਵਿੱਚ ਸ਼ਾਮਿਲ ਹੋ ਕੇ ਪੁਲਿਸ ਦੀਆਂ ਡਾਂਗਾਂ ਨਾਲ ਆਪਣੇ ਸਰੀਰ ਕੁਟਵਾਏ ਸਨ। ਇਕ ਪ੍ਰਚਾਰਕ ਵਜੋਂ ਉਨ੍ਹਾਂ ਨੂੰ 1923 ਦੇ ਅੰਤ 'ਚ ਦਫਾ 17-ਬੀ ਤਹਿਤ ਸਰਗੋਧੇ ਤੋਂ ਭਾਈ ਸੋਭਾ ਸਿੰਘ ਨਾਲ ਗ੍ਰਿਫਤਾਰ ਕਰਕੇ ਮੁਲਤਾਨ ਸੈਂਟਰ ਜੇਲ੍ਹ ਵਿਚ ਬੰਦ ਕੀਤਾ ਗਿਆ ਸੀ। ਉਨ੍ਹਾਂ ਨੂੰ ਤਿੰਨ ਅੱਡ-ਅੱਡ ਮੁਕੱਦਮਿਆਂ ਵਿਚ ਰੱਖ ਕੇ ਪੰਜ ਸਾਲ ਕੈਦ ਅਤੇ ਸੱਤ ਸੌ ਰੁਪਏ ਜੁਰਮਾਨਾ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ। ਉਨ੍ਹਾਂ ਦੇ ਘਰ ਦੇ ਸਾਮਾਨ ਦੀ ਕੁਰਕੀ ਕੀਤੇ ਜਾਣ ਨਾਲ ਉਨ੍ਹਾਂ ਦੇ ਪਰਿਵਾਰ ਨੂੰ ਆਰਥਿਕ ਤੇ ਮਾਨਸਿਕ ਤਸੀਹਿਆਂ ਦਾ ਸਾਹਮਣਾ ਕਰਨਾ ਪਿਆ। ਹਕੂਮਤ ਵੱਲੋਂ ਪਿੰਡ ਵਿਚ ਪੁਲਿਸ ਚੌਂਕੀ ਬਿਠਾ ਦਿੱਤੀ ਗਈ ਸੀ, ਜਿਸ ਦਾ

ਸਲਾਨਾ ਖਰਚਾ 2700/-ਰੁਪਏ ਪਿੰਡ ਵਾਲਿਆਂ ਤੋਂ ਭਰਿਆ ਜਾਂਦਾ ਸੀ।

ਜਦੋਂ ਗਦਰੀ ਦੇਸ਼ ਭਗਤ ਅਤੇ ਦੂਜੇ ਕੈਦੀ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਸੜ੍ਹ ਰਹੇ ਸਨ ਅਤੇ ਕੁੱਝ ਫਾਂਸੀ ਲੱਗ ਚੁੱਕੇ ਸਨ ਤਾਂ ਪਿੱਛੇ ਉਨ੍ਹਾਂ ਦੇ ਪਰਿਵਾਰ ਰੁਲ ਰਹੇ ਸਨ, ਉਨ੍ਹਾਂ ਦੀ ਪਾਲਣਾ ਕਰਨ ਵਾਲਾ ਕੋਈ ਨਹੀਂ ਸੀ। ਉਨ੍ਹਾਂ ਦੀ ਸਹਾਇਤਾ ਕਰਨ ਦੀ ਜਰੂਰਤ ਦੇ ਫਲਸਰੂਪ ਸ੍ਰ: ਹਰਚੰਦ ਸਿੰਘ ਲਾਇਲਪੁਰੀ, ਭਾਈ ਸੰਤੋਖ ਸਿੰਘ, ਬਾਬਾ ਈਸ਼ਰ ਸਿੰਘ ਮਰਹਾਣਾ, ਸ੍ਰ: ਤੇਜਾ ਸਿੰਘ ਸਮੁੰਦਰੀ, ਬਾਬਾ ਇੰਦਰ ਸਿੰਘ ਸੁਰ ਸਿੰਘ ਆਦਿ ਨੇ ਰਲ ਕੇ ਪੈਸੇ ਇਕੱਠੇ ਕਰਨ ਤੇ ਦੇਸ਼ ਭਗਤਾਂ ਦੇ ਘਰੀਂ ਪਹੁੰਚਾਉਣ ਦਾ ਪ੍ਰਬੰਧ ਕੀਤਾ। ''ਸਿੱਖ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ'' ਨਾਂ ਦੀ ਜਥੇਬੰਦੀ ਬਣਾ ਕੇ ਗੁਰੂ ਰਾਮ ਦਾਸ ਸਰ੍ਹਾਂ ਦੇ ਨੇੜ੍ਹੇ, ਮੋਚੀ ਬਜ਼ਾਰ ਵਿਚ ਇਕ ਚੁਬਾਰਾ ਕਿਰਾਏ 'ਤੇ ਲੈ ਕੇ ਦਫਤਰ ਬਣਾਇਆ ਗਿਆ ਸੀ।

ਸਜ਼ਾ ਭੁਗਤਣ ਸਮੇਂ ਉਨ੍ਹਾਂ ਦੇ ਜਵਾਨ ਪੁੱਤਰ ਬੰਤਾ ਸਿੰਘ ਦੀ ਮੌਤ ਹੋ ਗਈ ਸੀ। ਇਹ ਦੁਖਦਾਈ ਮੌਤ ਵੀ ਉਨ੍ਹਾਂ ਦੇ ਦੇਸ਼ ਭਗਤੀ ਦੇ ਜਜ਼ਬੇ ਨੂੰ ਕਮਜ਼ੋਰ ਨਾ ਕਰ ਸਕੀ। ਉਹਨਾਂ ਰਾਵਲਪਿੰਡੀ, ਕੈਂਥਲਪੁਰ, ਮਿੰਟਗੁੰਮਰੀ ਤੇ ਮੁਲਤਾਨ ਦੀਆਂ ਜੇਲ੍ਹਾਂ ਵਿਚ ਸਜ਼ਾ ਭੁਗਤਦਿਆਂ ਕੋਹਲੂ, ਚੱਕੀ ਆਦਿ ਦੀਆਂ ਮੁਸ਼ਕਤਾਂ ਕੀਤੀਆਂ, ਜਿਸ ਦੇ ਖਿਲਾਫ ਉਨ੍ਹਾਂ ਰਾਜਸੀ ਕੈਦੀਆਂ ਵਾਲੀਆਂ ਮੰਗਾਂ ਦੀ ਪੂਰਤੀ ਲਈ ਭੁੱਖ ਹੜਤਾਲ ਵੀ ਕੀਤੀ ਸੀ। ਪੰਜਾਬ ਵਿੱਚ ਅਜ਼ਾਦੀ ਸੰਗਰਾਮ ਅਤੇ ਗੁਰਦੁਆਰਾ ਸੁਧਾਰ ਲਹਿਰ ਦਾ ਦੁਬਲਿਉਂ ਸਾਹਮਣਾ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਗੁਰੂ ਰਾਮ ਦਾਸ ਸਰ੍ਹਾਂ ਬਣਾਉਣ ਦਾ ਫੈਸਲਾ ਹੋਇਆ, ਕਿਉਂਕਿ ਮੁਸਾਫਰਾਂ ਨੂੰ ਰਾਤ ਰਹਿਣ ਵਾਸਤੇ ਉਸ ਸਮੇਂ ਅੰਮ੍ਰਿਤਸਰ ਵਿਖੇ ਕੋਈ ਖਾਸ ਜਗ੍ਹਾ ਨਹੀਂ ਸੀ। ਸਿਆਲਾਂ ਵਿੱਚ ਮੁਸਾਫਰਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਲੋੜ ਨੂੰ ਮਹਿਸੂਸ ਕਰਦਿਆਂ ਹੋਇਆਂ ਹੀ ''ਪੰਜ ਪੈਸਾ ਫੰਡ'' ਦੀ ਅਪੀਲ ਛਾਪੀ ਗਈ। ਕਿਉਂਕਿ ਉਸ ਵਕਤ (ਅੱਜ ਵਾਂਗ) ਕਮੇਟੀ ਪਾਸ ਮਾਇਆ ਨਹੀਂ ਸੀ। ਇਸ ਅਪੀਲ 'ਤੇ ਵਿਦੇਸ਼ਾਂ ਵਿਚੋਂ ਪਰਵਾਸੀਆਂ ਵਲੋਂ ਭਰਪੂਰ ਹੁੰਗਾਰਾ ਭਰਿਆ ਗਿਆ।

ਅਮਰੀਕਾ ਕੈਨੇਡਾ ਦੇ ਪਰਵਾਸੀਆਂ ਵੱਲੋਂ ਤੇ ਖਾਸ ਕਰਕੇ ਪਨਾਮਾ ਵਿਚਲੇ ਹਿੰਦੀਆਂ ਵੱਲੋਂ ਬਾਬਾ ਅਮਰ ਸਿੰਘ ਸੰਧਵਾਂ (ਜਲੰਧਰ) ਦੀ ਅਗਵਾਈ ਵਿੱਚ 15,378 ਰੁਪਏ ਇਕੱਠੇ ਕਰਕੇ ਗੁਰੂ ਰਾਮ ਦਾਸ ਸਰ੍ਹਾਂ ਲਈ ਭੇਜੇ ਗਏ ਸਨ। ਪੁਖਤਾ ਸਬੂਤਾਂ ਤੋਂ ਪਤਾ ਲੱਗਦਾ ਹੈ ਕਿ ਗੈਰ ਪੰਜਾਬੀ ਹਿੰਦੀਆਂ ਨੇ ਵੀ ਇਸ ਅਪੀਲ ਨੂੰ ਭਰਪੂਰ ਹੁੰਗਾਰਾ ਦਿੱਤਾ ਸੀ। ਬਾਬਾ ਅਮਰ ਸਿੰਘ ਸੰਧਵਾਂ ਨੇ 10,470 ਰੁਪਏ ਆਪਣੇ ਕੋਲੋਂ ਦਿੱਤੇ ਸਨ। ਜੋ ਉਸ ਸਮੇਂ ਬਹੁਤ ਵੱਡੀ ਰਕਮ ਸੀ। ਜਦੋਂ ਉਹ ਰਿਹਾ ਹੋ ਕੇ ਆਏ ਤਾਂ 1930 ਵਿਚ ਉਹ ਇਲਾਕੇ ਵੱਲੋਂ ਦਰਬਾਰ ਸਾਹਿਬ ਕਮੇਟੀ ਅੰਮ੍ਰਿਤਸਰ ਦੇ ਮੈਂਬਰ ਚੁਣੇ ਗਏ। 4 ਜੁਲਾਈ 1930 ਨੂੰ ਸ੍ਰ: ਜਵਾਹਰ ਸਿੰਘ ਬੁਰਜ ਦਰਬਾਰ ਸਾਹਿਬ ਕਮੇਟੀ ਦੇ ਪ੍ਰਧਾਨ ਅਤੇ ਬਾਬਾ ਈਸ਼ਰ ਸਿੰਘ ਮਰਹਾਣਾ ਮੀਤ ਪ੍ਰਧਾਨ ਚੁਣੇ ਗਏ। ਇਸ ਸਮੇਂ ਗੁਰੂ ਰਾਮ ਦਾਸ ਸਰ੍ਹਾਂ ਦੀ ਨੀਂਹ ਰੱਖੀ ਗਈ। ਕਾਂਗਰਸ ਦੀ ਨਾ ਫੁਰਮਾਨੀ ਲਹਿਰ ਵਿਚ ਹਿੱਸਾ ਲੈਣ ਕਰਕੇ ਉਨ੍ਹਾਂ ਨੂੰ ਛੇ ਮਹੀਨੇ ਦੀ ਕੈਦ ਤੇ ਡੇਢ ਸੌ ਰੁਪਏ ਜੁਰਮਾਨਾ ਦੀ ਸਜ਼ਾ ਹੋਈ।

7 ਜੂਨ 1932 ਨੂੰ ਤਰਨ ਤਾਰਨ ਵਿਖੇ ਹੋਈ ਕਿਰਤੀ ਕਿਸਾਨ ਪਾਰਟੀ ਦੀ ਕਾਨਫਰੰਸ ਵਿਚ ਸ਼ਾਮਲ ਹੋਣ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ 17 ਜੂਨ 1932 ਨੂੰ 6 ਮਹੀਨੇ ਦੀ ਕੈਦ ਤੇ ਪੰਜਾਹ ਰੁਪਏ ਜੁਰਮਾਨਾ ਦੀ ਸਜ਼ਾ ਸੁਣਾਈ ਗਈ ਸੀ। 21 ਅਕਤੂਬਰ 1934 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਇਕੱਤਰਤਾ ਹੋਈ, ਜਿਸ ਵਿਚ ਸ੍ਰ: ਸੁਰਮੁਖ ਸਿੰਘ ਚਮਕ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਲਈ ਬਾਬਾ ਵਸਾਖਾ ਸਿੰਘ ਦਦੇਹਰ ਦੇ ਨਾਂ ਦੀ ਤਜਵੀਜ਼ ਪੇਸ਼ ਕੀਤੀ। ਸ੍ਰ: ਨਿਰੰਜਨ ਸਿੰਘ ਮਹਿਰਾਜ ਤੇ ਭਾਈ ਈਸ਼ਰ ਸਿੰਘ ਮਰਹਾਣਾ ਦੀ ਤਾਈਦ ਨਾਲ ਬਾਬਾ ਵਸਾਖਾ ਸਿੰਘ ਸਰਬ ਸੰਮਤੀ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਚੁਣੇ ਗਏ ਸਨ। 24 ਦਸੰਬਰ 1934 ਨੂੰ ਬਾਬਾ ਵਸਾਖਾ ਸਿੰਘ ਜੀ ਦੀ ਗੈਰ ਹਾਜ਼ਰੀ ਵਿਚ ਇਨ੍ਹਾਂ ਨੂੰ ਬਿਨ੍ਹਾਂ ਪੁੱਛੇ ਕੁੱਝ ਹੱਠਵਾਦੀ (ਰੂੜੀਵਾਦੀ) ਆਗੂਆਂ ਨੇ ਅੰਗਰੇਜ਼ੀ ਹਕੂਮਤ ਦੇ ਅਹਿਲਦਾਰ ਖਾਨ ਬਹਾਦਰ ਨਵਾਬ ਮੁਜ਼ੱਫਰ ਖਾਂ ਨੂੰ ਅਕਾਲ ਤਖਤ ਸਾਹਿਬ ਤੋਂ ਸਿਰੋਪਾ ਦੇ ਕੇ ਜਨਰਲ ਡਾਇਰ ਵਾਲਾ ਕਿੱਸਾ ਮੁੜ ਦੁਹਰਾ ਦਿੱਤਾ ਸੀ। ਤਾਂ ਬਾਬਾ ਵਸਾਖਾ ਸਿੰਘ ਦੀ ਆਤਮਾ ਇਤਿਹਾਸ ਉਤੇ ਲਾਏ ਗਏ ਇਸ ਕਾਲੇ ਧੱਬੇ ਨਾਲ ਝੰਜੋੜੀ ਗਈ ਸੀ ਤੇ ਉਨ੍ਹਾਂ ਨੇ ਤੁਰੰਤ ਕਮੇਟੀ ਪ੍ਰਧਾਨ ਨੂੰ ਆਪਣਾ ਅਸਤੀਫਾ ਭੇਜ ਦਿੱਤਾ ਸੀ। ਉਹ ਅਸਤੀਫਾ ਕਰਮਯੋਗੀਆਂ ਲਈ ਅੱਜ ਵੀ ਇਕ ਮਹੱਤਵਪੂਰਨ ਦਸਤਾਵੇਜ ਦੇ ਸਮਾਨ ਹੈ। ਇਸ ਤਰ੍ਹਾਂ ਕਿਰਤੀ ਲਹਿਰ ਦੇ ਚੜ੍ਹਾਅ ਦੇ ਇਸ ਦੌਰ ਵਿਚ ਬਾਬਾ ਵਸਾਖਾ ਸਿੰਘ ਜਿਹੇ ਗਦਰੀ ਦੇਸ਼ ਭਗਤਾਂ ਨੂੰ ਅਜ਼ਾਦੀ ਦੇ ਸੰਗਰਾਮ ਵਿਚ ਜੂਝਣ ਦੇ ਨਾਲ ਨਾਲ ਮੂਲਵਾਦੀ ਤੇ ਅੰਗਰੇਜ਼ੀ ਸਾਮਰਾਜ ਦੇ ਝੋਲੀ ਚੁੱਕਾਂ ਨਾਲ ਵੀ ਸਾਹਮਣਾ ਕਰਨਾ ਪੈਂਦਾ ਰਿਹਾ।

24 ਜੁਲਾਈ 1936 ਨੂੰ ਸਰਬ ਸੰਮਤੀ ਨਾਲ ਬਾਬਾ ਈਸ਼ਰ ਸਿੰਘ ਮਰਹਾਣਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ। ਉਨ੍ਹਾਂ ਦੇ ਕਾਰਜਕਾਲ ਦੌਰਾਨ ਗੁਰੂ ਰਾਮ ਦਾਸ ਸਰ੍ਹਾਂ, ਗੁਰੂ ਰਾਮ ਦਾਸ ਹਾਈ ਸਕੂਲ ਅਤੇ ਕਿਰਪਾਨਾਂ ਦਾ ਕਾਰਖਾਨਾ ਜਿਸ ਨੂੰ ਇੰਡਸਟਰੀਅਲ ਸਕੂਲ ਦਾ ਨਾਂ ਦਿੱਤਾ ਗਿਆ, ਮੁਕੰਮਲ ਹੋਏ, ਜੋ ਉਨ੍ਹਾਂ ਦੀਆਂ ਸਦੀਵੀ ਯਾਦਗਾਰਾਂ ਹਨ। ਇਨ੍ਹਾਂ ਪ੍ਰਜੈਕਟਾਂ ਲਈ ਬਣੀ ਸਬ-ਕਮੇਟੀ ਵਿਚ ਬਾਬਾ ਜਵਾਹਰ ਸਿੰਘ ਬੁਰਜ, ਬਾਬਾ ਪਾਲਾ ਸਿੰਘ

ਛੀਨਾ, ਮਾਸਟਰ ਸੁਜਾਨ ਸਿੰਘ, ਸ੍ਰ: ਸੰਤੋਖ ਸਿੰਘ, ਭਾਈ ਨਾਹਰ ਸਿੰਘ, ਭਾਈ ਹਰੀ ਸਿੰਘ, ਸ੍ਰ: ਤੇਜਾ ਸਿੰਘ ਨਾਗੀ ਤੇ ਸ੍ਰ: ਹੁਕਮ ਸਿੰਘ ਅੰਮ੍ਰਿਤਸਰ ਸ਼ਾਮਲ ਸਨ। ਇਸੇ ਸਮੇਂ ਹੀ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਕਮੇਟੀ ਦੇ ਪ੍ਰਧਾਨ ਬਾਬਾ ਇੰਦਰ ਸਿੰਘ ਵੇਰਕਾ ਹੁੰਦੇ ਸਨ।

ਬਾਬਾ ਜੁਆਲਾ ਸਿੰਘ ਠੱਠੀਆਂ ਦੇ ਰਿਹਾ ਹੋਣ ਪਿੱਛੋਂ ਮਜ਼ਦੂਰਾਂ-ਕਿਸਾਨਾਂ ਦੀਆਂ ਜਥੇਬੰਦੀਆਂ ਦੀ ਉਸਾਰੀ ਦਾ ਕਾਰਜ ਸ਼ੁਰੂ ਹੋਇਆ ਤਾਂ ਜ਼ਿਲ੍ਹਾ ਮਿੰਟਗੁਮਰੀ ਵਿਚ ਮੁਜਾਹਰਿਆਂ ਨੂੰ ਜਥੇਬੰਦ ਕਰਨ ਸਮੇਂ ਹੋਈ ਟੱਕਰ ਵਿਚ ਦੋ ਮੁਜਾਹਰੇ ਸ਼ਹੀਦ ਹੋ ਗਏ ਸਨ। ਇਸ ਜਦੋ ਜਹਿਦ ਦੇ ਸਬੰਧ ਵਿਚ ਬਾਬਾ ਈਸ਼ਰ ਸਿੰਘ ਮਰਹਾਣਾ, ਬਾਬਾ ਸੋਹਣ ਸਿੰਘ ਭਕਨਾ, ਬਾਬਾ ਕੇਸਰ ਸਿੰਘ ਠੱਠਗੜ੍ਹ ਤੇ ਬਾਬਾ ਕਰਮ ਸਿੰਘ ਚੀਮਾ ਆਦਿ ਜੇਲ੍ਹ 'ਚ ਬੰਦ ਕਰ ਦਿੱਤੇ ਗਏ ਸਨ।

1938 ਵਿੱਚ ਹਕੂਮਤ ਵੱਲੋਂ ਅੰਮ੍ਰਿਤਸਰ ਦੇ ਬੰਦੋਬਸਤ ਦੇ ਖਿਲਾਫ ਕਿਸਾਨ ਕਮੇਟੀ ਨੇ ਮੋਰਚਾ ਲਾਉਣ ਦਾ ਫੈਸਲਾ ਲਿਆ ਤਾਂ ਅਕਾਲੀ ਪਾਰਟੀ ਦੇ ਸ੍ਰ: ਊਧਮ ਸਿੰਘ ਨਾਗੋਕੇ ਅਤੇ ਜਥੇਦਾਰ ਦਰਸ਼ਨ ਸਿੰਘ ਫੇਰੂਮਾਨ ਜਿਹੇ ਆਗੂਆਂ ਨੇ ਇਸ ਮੋਰਚੇ ਨੂੰ ਪੁਰਜ਼ੋਰ ਹਿਮਾਇਤ ਦੇਣ ਦਾ ਐਲਾਨ ਕੀਤਾ। ਹਕੂਮਤ ਵੱਲੋਂ ਸ਼ਹਿਰ ਵਿਚ ਦਫਾ ਇਕ ਸੌ ਚੁਤਾਲੀ ਲਾ ਦਿੱਤੀ ਗਈ ਸੀ। 20 ਜੁਲਾਈ ਨੂੰ ਵਿਸ਼ਾਲ ਜਲੂਸ ਜਲ੍ਹਿਆਂ ਵਾਲਾ ਬਾਗ ਤੋਂ ਸ਼ੁਰੂ ਹੋਇਆ, ਜੋ ਦਫਾ 144 ਤੋੜਦਾ ਹੋਇਆ ਜਦੋਂ ਭੰਡਾਰੀ ਪੁਲ ਉਪਰ ਪੁੱਜਾ ਤਾਂ ਜਲੂਸ ਉਪਰ ਪੁਲਿਸ ਅਤੇ ਘੋੜ ਸਵਾਰਾਂ ਵੱਲੋਂ ਸਖਤ ਲਾਠੀਚਾਰਜ ਕੀਤਾ ਗਿਆ ਸੀ। ਬਾਬਾ ਈਸ਼ਰ ਸਿੰਘ ਮਰਹਾਣਾ ਸਮੇਤ ਦੋ ਸੌ ਦੇ ਕਰੀਬ ਕਿਸਾਨ ਤੇ ਆਗੂ ਗ੍ਰਿਫਤਾਰ ਕਰਕੇ ਰਾਵਲਪਿੰਡੀ ਜੇਲ੍ਹ ਵਿੱਚ ਬੰਦ ਕੀਤੇ ਗਏ। ਇਨ੍ਹਾਂ ਦੇ ਕੇਸਾਂ ਦੀ ਪੈਰਵਾਈ ਦੇਸ਼ ਭਗਤ ਯਾਦਗਾਰ ਕਮੇਟੀ ਨੇ ਜ਼ੁੰਮੇ ਲੈ ਲਈ ਸੀ।

ਸੰਨ ਜੂਨ 1939 ਨੂੰ ਲਾਹੌਰ ਕਿਸਾਨ ਮੋਰਚੇ ਲਈ ਬਾਬਾ ਈਸ਼ਰ ਸਿੰਘ ਦੀ ਅਗਵਾਈ ਵਿਚ ਮਰਹਾਣਾ ਤੋਂ ਇਕ ਜਥਾ ਲਾਹੌਰ ਗਿਆ ਸੀ। ਇਸ ਮੋਰਚੇ ਵਿੱਚ ਪੰਜ ਹਜ਼ਾਰ ਦੇ ਕਰੀਬ ਕਿਸਾਨ-ਮਜ਼ਦੂਰ ਤੇ ਪੰਜਾਹ ਬੀਬੀਆਂ ਸ਼ਾਮਲ ਹੋਈਆਂ ਤੇ ਕੈਦਾਂ ਕੱਟੀਆਂ ਸਨ। ਬਾਬਾ ਈਸ਼ਰ ਸਿੰਘ ਮਰਹਾਣਾ ਦਾ ਪਰਿਵਾਰ ਕਦੇ ਵੀ ਉਨ੍ਹਾਂ ਦੇ ਰਾਹ ਵਿੱਚ ਰੁਕਾਵਟ ਨਾ ਬਣਿਆ ਸਗੋਂ ਉਨ੍ਹਾਂ ਦੇ ਕਦਮਾਂ 'ਤੇ ਚਲਦਾ ਹੋਇਆ ਉਨ੍ਹਾਂ ਦਾ ਸਹਿਯੋਗੀ ਬਣਦਾ ਰਿਹਾ। ਜਦੋਂ ਗਦਰੀ ਦੇਸ਼ ਭਗਤਾਂ ਨੂੰ ਉਨ੍ਹਾਂ ਦੀਆਂ ਸਜ਼ਾਵਾਂ ਪੂਰੀਆਂ ਹੋਣ ਪਿੱਛੋਂ ਵੀ ਰਿਹਾ ਨਹੀਂ ਸੀ ਕੀਤਾ ਜਾ ਰਿਹਾ ਤਾਂ ''ਕੈਦੀ ਛੁਡਾਉ ਕਮੇਟੀ'' ਨਾਂ ਦੀ ਸਬ-ਕਮੇਟੀ ਬਣਾ ਕੇ ਉਨ੍ਹਾਂ ਦੀਆਂ ਰਿਹਾਈਆਂ ਲਈ ਮੁਹਿੰਮ ਸ਼ੁਰੂ ਕੀਤੀ। ਬਾਬਾ ਈਸ਼ਰ ਸਿੰਘ ਮਰਹਾਣਾ ਦੇ ਸਪੁੱਤਰ ਸ੍ਰ: ਜਗਤ ਸਿੰਘ ਇਸ ਕਮੇਟੀ ਦੇ ਮੈਂਬਰ ਸਨ। ਹਕੂਮਤ ਨੇ ਬੁਖਲਾ ਕੇ ਕੈਦੀ ਛੁਡਾਉ ਕਮੇਟੀ ਦੇ ਮੈਂਬਰਾਂ ਨੂੰ ਹੀ ਜੇਲ੍ਹਾਂ ਵਿੱਚ ਬੰਦ ਕਰਨਾ ਸ਼ੁਰੂ ਕਰ ਦਿੱਤਾ। ਪ੍ਰੰਤੂ ਐਜੀਟੇਸ਼ਨ ਦੇ ਦਬਾਅ ਨਾਲ ਹਕੂਮਤ ਨੂੰ ਰਿਹਾਈਆਂ ਦਾ ਹੁਕਮ ਕਰਨਾ ਪੈ ਗਿਆ ਸੀ।

ਦੂਜੇ ਸੰਸਾਰ ਯੁੱਧ ਦੇ ਸ਼ੁਰੂ ਹੋਣ ਨਾਲ ਹਕੂਮਤ ਨੇ ਫਿਰ ਬਾਬਾ ਈਸ਼ਰ ਸਿੰਘ ਮਰਹਾਣਾ ਨੂੰ ਬਾਬਾ ਸੋਹਣ ਸਿੰਘ ਭਕਨਾ, ਬਾਬਾ ਭਗਵਾਨ ਸਿੰਘ ਦੁਸਾਂਝ, ਬਾਬਾ ਕਰਮ ਸਿੰਘ ਚੀਮਾ, ਬਾਬਾ ਭਾਗ ਸਿੰਘ ਕਨੇਡੀਅਨ ਤੇ ਭਾਈ ਬਿਸ਼ਨ ਸਿੰਘ ਮਰਹਾਣਾ ਸਮੇਤ ਗ੍ਰਿਫਤਾਰ ਕਰਕੇ ਰਾਵਲ ਪਿੰਡੀ ਜੇਲ੍ਹ ਵਿਚ ਬੰਦ ਕਰ ਦਿੱਤਾ ਸੀ।

ਇਸ ਤਰ੍ਹਾਂ ਬਾਬਾ ਈਸ਼ਰ ਸਿੰਘ ਮਰਹਾਣਾ ਦੇਸ਼ ਦੀ ਅਜ਼ਾਦੀ ਲਈ ਆਪਣੀ ਜ਼ਿੰਦਗੀ ਦੇ 33 ਸਾਲ ਨਿਰੰਤਰ ਜਦੋ ਜਹਿਦ ਕਰਦਿਆਂ 16 ਅਗਸਤ 1941 ਨੂੰ ਚਲਾਣਾ ਕਰ ਗਏ। ਉਨ੍ਹਾਂ ਦੀ ਸਦੀਵੀ ਯਾਦ ਲਈ ਪਿੰਡ ਮਰਹਾਣਾ ਦਾ ਹਾਈ ਸਕੂਲ ਉਨ੍ਹਾਂ ਦੇ ਨਾਂ 'ਤੇ ਚੱਲ ਰਿਹਾ ਹੈ। ਨਿਰਾਸੁਆਰਥ ਤੇ ਪਰਉਪਕਾਰੀ ਬਾਬਾ ਈਸ਼ਰ ਸਿੰਘ ਮਰਹਾਣਾ ਦੀ ਸ਼ਖਸੀਅਤ ਤੋਂ ਅਜੋਕੇ ਕਾਰਜ-ਕਰਤਾਵਾਂ ਨੂੰ ਸਿੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਬਾਬਾ ਈਸ਼ਰ ਸਿੰਘ ਮਰਹਾਣਾ ਦੇ ਦੌਰ ਦੇ ਮੁਕਾਬਲਾਤਨ ਅਜੋਕੇ ਪ੍ਰਬੰਧਕ ਪੈਸੇ, ਨਸ਼ੇ ਤੇ ਹੋਰ ਹਰ ਕਿਸਮ ਦੇ ਭ੍ਰਿਸ਼ਟ ਤਰੀਕੇ ਅਪਣਾ ਕੇ ਗੱਦੀਆਂ 'ਤੇ ਕਾਬਜ਼ ਹੁੰਦੇ ਹਨ। ਉਨ੍ਹਾਂ ਸਮਿਆਂ ਵਿੱਚ ਗੁਰਦੁਆਰਿਆਂ ਦੀ ਪ੍ਰਧਾਨਗੀ ਕਰਨੀ ਪੂਰੀ ਸਮਰਪਿਤ ਭਾਵਨਾ, ਨਿਰਸੁਆਰਥ ਤੇ ਗਹਿਰ-ਗੰਭੀਰ ਜ਼ੁੰਮੇਵਾਰੀ ਵਾਲਾ ਕਾਰਜ ਸਮਝਿਆ ਜਾਂਦਾ ਸੀ। ਪਰ ਹੁਣ ਨਿੱਜ-ਸੁਆਰਥ, ਲਾਲਚ, ਹਾਉਮੈ ਨੇ ਉਸ ਸਾਰੇ ਕੁੱਝ ਦੀ ਥਾਂ ਲੈ ਕੇ ਸੇਵਾਦਾਰਾਂ ਨੇ ਆਪਣੇ ਆਪ ਨੂੰ ਲੀਡਰਾਂ ਦੇ ਰੂਪ ਵਿੱਚ ਸਥਾਪਿਤ ਕਰ ਲਿਆ ਹੈ। ਕੀ ਇਹ ਲੀਡਰ ਉਨ੍ਹਾਂ ਮਹਾਨ ਸੇਵਾਦਾਰਾਂ ਦੀ ਜੀਵਨ ਸ਼ੈਲੀ ਤੋਂ ਕੁੱਝ ਸਿੱਖ ਸਕਣਗੇ?

– ਚਰੰਜੀ ਲਾਲ ਕੰਗਣੀਵਾਲ

ਤਿੰਨ ਗੱਲਾਂ

ਅਠਾਰਵੀਂ ਸਦੀ ਦਾ ਉੱਘਾ ਪੰਜਾਬੀ ਸੂਫੀ ਕਵੀ ਸਾਈਂ ਬੁੱਲੇਸ਼ਾਹ ਵੀ ਹਰਿਮੰਦਰ ਸਾਹਿਬ ਦੇ ਦਰਸ਼ਨਾ ਨੂੰ ਕਈ ਵਾਰ ਉਚੇਚੇ ਤੌਰ 'ਤੇ ਆਇਆ ਸੀ। ਬੁੱਲੇਸ਼ਾਹ ਹਰਿਮੰਦਰ ਸਹਿਬ ਦੇ ਦਰਸ਼ਨ ਕਰਕੇ ਵਾਪਸ ਕਸੂਰ ਗਿਆ ਲੋਕਾਂ ਦੇ ਪੁੱਛਣ 'ਤੇ ਕਿ ਉਹਨੇ ਹਰਿਮੰਦਰ ਸਾਹਿਬ ਜਾ ਕਿ ਕੀ ਵੇਖਿਆ ਹੈ? ਤਾਂ ਬੁੱਲੇ ਨੇ ਇੱਕ ਬੜੀ ਸੁੰਦਰ ਕਵਿਤਾ ਰਾਹੀਂ ਜੁਵਾਬ ਦਿੱਤਾ ਕਿ ਮੇਰਾ ਰੱਬ ਤਿੰਨ ਗੱਲਾਂ 'ਤੇ ਖੁਸ਼ ਹੁੰਦਾ ਹੈ। ਜਿਥੇ ਰੱਬ ਦਾ ਜੱਸ ਹੋਵੇ, ਕੀਰਤਨ ਲਈ ਸਾਜ ਵੱਜ ਰਹੇ ਹੋਣ, ਲੋਕਾਂ ਦੀ ਭੁੱਖ ਦੂਰ ਕਰਨ ਲਈ ਰੋਟੀ ਪੱਕ ਰਹੀ ਹੋਵੇ। ਇਹ ਤਿੰਨ ਗੱਲਾਂ ਹੀ ਹਰਿਮੰਦਰ ਸਾਹਿਬ ਵਿਖੇ ਉਹ ਆਪ ਜਾ ਕਿ ਅੱਖੀਂ ਵੇਖ ਆਇਆ ਹੈ।

– ਸ੍ਰੀ ਹਰਿਮੰਦਰ ਸਾਹਿਬ (ਲੇਖਕ ਗਿਆਨੀ ਭਜਨ ਸਿੰਘ)

ਸਰਬੱਤ ਦਾ ਭਲਾ

ਸੰਸਾਰ ਦੇ ਨਕਸ਼ੇ ਉੱਤੇ ਇੱਕ ਖਾਲਸਾ ਕੌਮ ਹੀ ਐਸੀ ਕੌਮ ਹੈ ਜੋ ਦਿਨ ਵਿੱਚ ਦੋ ਜਾਂ ਤਿੰਨ ਵਾਰ ਜਾਂ ਜਦੋਂ ਵੀ ਆਪਣੇ ਇਸ਼ਟ ਸ਼ਬਦ ਬ੍ਰਹਮ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅੱਗੇ ਅਰਦਾਸ ਕਰਦੇ (ਕਰਨ ਵੇਲੇ) ਸਮੇਂ ਜਿਨ੍ਹਾਂ ਵਸਤਾਂ ਦੀ ਮੰਗ ਕਰਦੀ ਹੈ - ਇਹ ਵਸਤੂਆਂ ਹਨ :

ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ

ਸਭ ਤੋਂ ਪਹਿਲੀ ਮੰਗ ਨਾਮ ਸਿਮਰਨ ਦੀ ਹੈ ਜੋ ਮਨੁੱਖਾ ਜ਼ਿੰਦਗੀ ਦਾ ਮਨੋਰਥ ਹੈ। ਨਾਮ ਸਿਮਰਨ ਤੋਂ ਪ੍ਰਾਪਤ ਹੁੰਦੀ ਹੈ-ਉੱਚੀ ਆਤਮਿਕ ਅਵੱਸਥਾ ਦੀ ਚੜ੍ਹਦੀ ਕਲਾ, ਕਿਉਂਕਿ ਦੁੱਖ ਜਾਂ ਸੁੱਖ ਖੁਸ਼ੀ ਜਾਂ ਗਮੀ ਅਤੇ ਹਰਖ ਜਾਂ ਸੋਗ ਦੀ ਅਵੱਸਥਾ ਵਿੱਚ ਚੜ੍ਹਦੀ ਕਲਾ ਵਿੱਚ ਰਹਿਣ ਵਾਲਾ ਮਨੁੱਖ ਹੀ ਸਰਬੱਤ ਦਾ ਭਲਾ ਮੰਗ ਸਕਦਾ ਹੈ।

ਸੋ ਇੱਕ ਗੁਰਸਿੱਖ ਜਿੱਥੇ ਰੋਜ਼ ਆਪਣੇ ਲਈ ਨਾਮ ਦੀ ਦਾਤ ਅਤੇ ਚੜ੍ਹਦੀ ਕਲਾ ਦੀ ਮੰਗ ਕਰਦਾ ਹੈ, ਉੱਥੇ ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਸਰਬੱਤ ਦਾ ਭਲਾ ਮੰਗਣਾ ਇਕ ਬਹੁਤ ਹੀ ਨਿਵੇਕਲੀ ਅਤੇ ਪ੍ਰਭਾਵਸ਼ਾਲੀ ਗੱਲ ਹੈ। ਸਰਬੱਤ ਲਫਜ਼ ਕੇਵਲ ਆਪਣੇ ਪਰਿਵਾਰ, ਟੱਬਰ, ਸਮਾਜ ਅਤੇ ਭਾਈਚਾਰੇ ਜਾਂ ਬਰਾਦਰੀ ਤੱਕ ਹੀ ਸੀਮਤ ਨਹੀਂ ਅਤੇ ਸਰਬੱਤ ਸੰਸਾਰ ਦੇ ਮਨੁੱਖੀ ਭਾਈਚਾਰੇ ਵਿੱਚ ਨਾ-ਕੇਵਲ ਦੋਸਤ, ਮਿੱਤਰ ਜਾਂ ਸੱਜਣ ਹੀ ਨਹੀਂ, ਸਗੋਂ ਦੁਸ਼ਮਣ, ਸ਼ੱਤਰੂ ਅਤੇ ਵੈਰੀ ਵੀ ਆ ਜਾਂਦੇ ਹਨ। ਸਰਬੱਤ ਲਫ਼ਜ਼ ਵਿੱਚ ਪੀਰ ਬੁੱਧੂ ਸ਼ਾਹ, ਸਾਈਂ ਮੀਆਂ ਮੀਰ, ਪੀਰ ਭੀਖਣ ਸ਼ਾਹ ਜੀ ਜਾਂ ਦੀਵਾਨ ਕੌੜਾ ਮੱਲ ਵਰਗੇ ਮਿੱਤਰ ਹੀ ਨਹੀਂ, ਸਗੋਂ ਦੀਵਾਨ ਲੱਖਪਤ ਰਾਏ, ਜ਼ਕਰੀਆ ਖਾਨ, ਯਾਹੀਆ ਖਾਂ, ਮੱਸਾ ਰੰਗੜ ਜਾਂ ਮੀਰ ਮਨੂੰ ਵਰਗੇ ਜ਼ਾਲਮ ਜਰਵਾਣੇ ਵੀ ਆ ਜਾਂਦੇ ਹਨ।

ਸਿੱਖ ਤਾਂ ਮਨੁੱਖਤਾ ਤੋਂ ਗਿਰੇ ਹੋਏ ਲੋਕਾਂ ਦਾ ਵੀ ਭਲਾ ਮੰਗਦੇ ਹਨ। ਸਿੱਖ ਕੌਮ ਦੇ 548 ਸਾਲਾਂ ਦੇ ਇਤਿਹਾਸ ਵਿੱਚ ਇੱਕ ਵੀ ਮਿਸਾਲ ਐਸੀ ਨਹੀਂ ਮਿਲਦੀ ਜਦੋਂ ਕਿਸੇ ਸਿੱਖ ਨੇ ਆਪਣੇ ਗੁਰੂ ਪਾਸੋਂ ਕਿਸੇ ਬਾਬਰ ਵਰਗੇ ਜ਼ਾਲਮ ਜਹਾਂਗੀਰ, ਔਰੰਗਜ਼ੇਬ ਜਾਂ ਫਰੁਖਸ਼ੀਅਰ ਵਰਗੇ ਜ਼ਾਲਮ ਜਾਂ ਚੰਦੂ ਵਰਗੇ ਦਾ ਵੀ ਬੁਰਾ ਮੰਗਿਆ ਹੋਵੇ, ਜਦੋਂ ਕਿ ਇਸ ਦੇ ਉਲਟ ਮੀਰ ਮਨੂੰ ਵਰਗੇ ਜ਼ਾਲਮ ਜ਼ਰਵਾਣੇ ਦੇ ਰਾਜ ਦੀਆਂ ਜ਼ੁਲਮ ਦੀਆਂ ਮਿਸਾਲਾਂ ਸਿੱਖ ਧਰਮ ਦੇ ਇਤਿਹਾਸ ਵਿੱਚ ਕਈ ਹਨ।

ਜਦੋਂ ਮੀਰ ਮਨੂੰ ਨੇ ਸਿੱਖ ਬੀਬੀਆਂ ਜਿਨ੍ਹਾਂ ਨੂੰ ਉਸ ਨੇ ਸਿੱਖਾਂ ਦੀ ਗੈਰ ਮੌਜੂਦਗੀ ਵਿੱਚ ਘਰਾਂ ਵਿੱਚੋਂ ਪਕੜ ਲਿਆਂਦਾ ਸੀ ਅਤੇ ਜੋ ਕਤੱਈ ਤੌਰ ਨਿਹੱਥੀਆਂ ਤੇ ਬੇਦੋਸ਼ ਸਨ, ਉਨ੍ਹਾਂ ਉੱਤੇ ਰੱਜ ਕੇ ਜ਼ੁਲਮ ਕੀਤਾ। ਅੱਤ ਦੀ ਗਰਮੀ ਵਿੱਚ ਧੁੱਪੇ ਰੜੇ ਮੈਦਾਨ ਵਿੱਚ ਬਿਠਾ ਕੇ ਸਾਰਾ ਸਾਰਾ ਦਿਨ ਚੱਕੀਆਂ ਪੀਸਣ ਲਈ ਦੇਣੀਆਂ, ਜਰਾ ਵੀ ਚੱਕੀ ਰੁਕਣ ਤੇ ਕੌਰੜੇ ਮਾਰਨੇ ਅਤੇ ਖੰਨੀ ਖੰਨੀ ਰੋਟੀ ਤਾਂ ਦੇਣੀ ਪਰ ਪਾਣੀ ਨਹੀਂ ਦੇਣਾ। ਇਨ੍ਹਾਂ ਦੇ ਛੋਟੇ-ਛੋਟੇ ਬੱਚਿਆਂ ਦੇ ਟੋਟੇ-ਟੋਟੇ ਕਰ ਕੇ ਇਨ੍ਹਾਂ ਦੇ ਗਲੇ ਵਿੱਚ ਹਾਰ ਬਣਾ ਕੇ ਪਾ ਦੇਣੇ, ਇਹ ਜ਼ੁਲਮ ਦੀ ਹਨੇਰੀ ਸੀ।

ਮਾਤਾ ਸਾਹਿਬ ਕੌਰ ਦਿਆਂ ਇਨ੍ਹਾਂ ਬਹਾਦਰ ਬੱਚਿਆਂ ਨੇ ਜਦ ਸ਼ਾਮ ਨੂੰ ਰਹਿਰਾਸ ਸਾਹਿਬ ਜੀ ਦਾ ਪਾਠ ਕਰਨ ਉਪਰੰਤ ਅਰਦਾਸ ਕੀਤੀ, ਇਹੀ ਮੰਗ ਪ੍ਰਭੂ ਪ੍ਰਮਾਤਮਾ ਕੋਲ ਕੀਤੀ।

ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ।

ਇਨ੍ਹਾਂ ਜ਼ੁਲਮ ਬਰਦਾਸ਼ਤ ਕਰਦਿਆਂ ਵੀ ਉਸ ਦਾ ਬੁਰਾ ਨਹੀਂ ਮੰਗਿਆ। ਇਹੋ ਕਾਰਣ ਸੀ ਕਿ ਕਾਜ਼ੀ ਨੂਰ ਮੁਹੰਮਦ ਵਰਗੇ ਕੱਟੜਵਾਦੀ ਅਤੇ ਜਨੂੰਨੀ ਇਤਿਹਾਸਕਾਰ ਜੋ ਆਪਣੇ ਮੁਤੱਸਬ ਦੀ ਅੱਗ ਵਿੱਚ ਸਿੱਖਾਂ ਨੂੰ ਸਗ (ਕੁਤੇ) ਕਹਿੰਦਾ ਹੈ, ਉਹ ਵੀ ਇਹ ਗੱਲ ਲਿਖਣ ਲਈ ਮਜ਼ਬੂਰ ਹੋ ਗਿਆ ਕਿ ਐ ਸੰਸਾਰ ਦੇ ਲੋਕੋ, ਇਹਨਾਂ ਸਿੱਖਾਂ ਨੂੰ ਸਗ ਨਾ ਆਖੋ, ਸਗੋਂ ਇਹ ਤਾਂ ਸ਼ੇਰ ਹਨ। ਸ਼ੇਰ ਹੀ ਨਹੀਂ ਬੱਬਰ ਸ਼ੇਰ ਹਨ, ਜਿਨ੍ਹਾਂ ਦੀ ਬਰਾਬਰੀ ਦੁਨੀਆਂ ਦਾ ਕੋਈ ਵੀ ਮਨੁੱਖ ਨਹੀਂ ਕਰ ਸਕਦਾ। ਕਿਉਂਕਿ ਇਹ ਬੁਰੇ ਦਾ ਵੀ ਬੁਰਾ ਨਹੀਂ ਮੰਗਦੇ, ਸਗੋਂ ਭਲਾ ਚਿਤਵਦੇ ਹਨ। ਗੁਰੂ ਪਾਤਿਸ਼ਾਹ ਜੀ ਨੇ ਤਾਂ ਸਿੱਖਾਂ ਨੂੰ ਗੁੜਤੀ ਹੀ ਇਹੀ ਦਿੱਤੀ ਹੈ।

ਹਮ ਨਹੀ ਚੰਗੇ ਬੁਰਾ ਨਹੀ ਕੋਇ॥
ਪ੍ਰਣਵਤਿ ਨਾਨਕੁ ਤਾਰੇ ਸੋਇ॥

(ਅੰਕ ੭੨੮)

ਭਾਈ ਸਾਹਿਬ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਬਲਦੇ ਸੰਸਾਰ ਵਿੱਚ ਸਰਬੱਤ ਦੇ ਭਲੇ ਦਾ ਮਿਸ਼ਨ ਸਾਹਮਣੇ ਰੱਖ ਕੇ ਹੀ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਧਰਮ ਪ੍ਰਚਾਰ ਦੇ ਦੌਰੇ ਕੀਤੇ ਅਤੇ ਹਜ਼ਾਰਾਂ ਮੀਲ ਪੈਦਲ ਸਫ਼ਰ ਕਰਕੇ ਠੱਗਾਂ, ਚੋਰਾਂ ਅਤੇ ਰਾਖਸ਼ ਬੁੱਧੀ ਵਾਲਿਆਂ ਨੂੰ ਸਰਬੱਤ ਦਾ ਭਲਾ ਕਰਨ ਦਾ ਢੰਗ ਸਮਝਾਇਆ। ਭਾਈ ਸਾਹਿਬ ਲਿਖਦੇ ਹਨ :

ਬਾਬਾ ਦੇਖੈ ਧਿਆਨੁ ਧਰਿ

ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝੁ ਗੁਰੂ ਗੁਬਾਰੁ ਹੈ ਹੈ ਹੈ ਕਰਦੀ ਸੁਣੀ ਲੋਕਾਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ।

ਗੁਰੂ ਨਾਨਕ ਪਾਤਿਸ਼ਾਹ ਨੇ ਇਹ ਗੱਲ ਸਮਝਾ ਦਿੱਤੀ ਕਿ ਇਨਸਾਨ ਸਰਬੱਤ ਦੇ ਭਲੇ ਅਤੇ ਪਰਉਪਕਾਰੀ ਸੁਭਾਅ ਦਾ ਮਾਲਕ ਹੋਣਾ ਚਾਹੀਦਾ ਹੈ। ਪਰਉਪਕਾਰੀ ਸੁਭਾਅ ਵਾਲੇ ਸਮਾਜ ਦੀ ਸਿਰਜਣਾ ਲਈ ਇਨਸਾਨ, ਵਿਦਿਆਵਾਨ ਹੋਣਾ ਜ਼ਰੂਰੀ ਹੈ। ਕਿਉਂਕਿ **'ਵਿਦਿਆ ਵੀਚਾਰੀ ਤਾਂ ਪਰਉਪਕਾਰੀ॥'** ਇਸ ਲਈ ਛੋਟੇ ਛੋਟੇ ਬੱਚਿਆਂ ਦੀਆਂ ਕਲਾਸਾਂ ਲਗਾ ਕੇ ਦੂਜੇ ਪਾਤਿਸ਼ਾਹ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਪਰਉਪਕਾਰੀ ਬਨਾਣ ਲਈ ਸਾਡਾ ਮਾਰਗ ਦਰਸ਼ਨ ਕੀਤਾ।

ਤੀਜੇ ਜਾਮੇ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ ਵਰਗੀਆਂ ਗੰਦੀਆਂ ਰਸਮਾਂ ਨੂੰ ਬੰਦ ਕਰਵਾਉਣ ਲਈ ਅਕਬਰ ਬਾਦਸ਼ਾਹ ਨੂੰ ਪ੍ਰੇਰਿਤ ਕਰਕੇ ਇਸ ਵਿਰੁੱਧ ਕਾਨੂੰਨ ਬਣਵਾਇਆ। ਅੱਜ ਭਾਵੇਂ ਦੇਸ਼ ਵਿੱਚ ਰਾਜਾ ਰਾਮ ਮੋਹਨ ਰਾਏ ਵਰਗੇ ਦੇ ਇਸ ਕਾਨੂੰਨ ਬਣਾਏ ਜਾਣ ਦੇ ਸੋਹਿਲੇ ਗਾਏ ਜਾ ਰਹੇ ਹਨ, ਪਰ ਸਰਬੱਤ ਦੇ ਭਲੇ ਵਾਲੇ ਮਿਸ਼ਨ ਨੂੰ ਸਾਹਮਣੇ ਰੱਖ ਕੇ ਤੀਜੇ ਪਾਤਿਸ਼ਾਹ ਜੀ ਨੇ ਇਹ ਗੱਲ ਕਈ ਸੌ ਸਾਲ ਪਹਿਲਾਂ ਹੀ ਲਾਗੂ ਕਰਵਾ ਦਿੱਤੀ ਸੀ।

ਪੰਜਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹਾਦਤ ਵੀ ਸਰਬੱਤ ਦੇ ਭਲੇ ਦੇ ਮਿਸ਼ਨ ਦੀਆਂ ਨੀਹਾਂ ਨੂੰ ਮਜ਼ਬੂਤ ਕਰਨ ਲਈ ਹੋਈ ਸੀ।

ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਚਾਰ ਜੰਗਾਂ ਲੜੀਆਂ ਅਤੇ ਚਾਰੇ ਜਿੱਤੀਆਂ। ਪਹਿਲੀ ਜੰਗ ਦਾ ਕਾਰਣ ਹੀ ਇਹੀ ਸੀ ਕਿ :

ਤਿਨ ਕਾ ਬਾਜ਼ ਨਹੀਂ ਹਮ ਦੇਣਾ,
ਤਾਜ ਬਾਜ਼ ਤਿਨ ਕਾ ਸਭ ਲੈਣਾ।
ਰਾਜ ਦੇਸ਼ ਜੋ ਉਨ ਸੇ ਲੈ ਹੈਂ,
ਗਰੀਬ ਅਨਾਥਣ ਕੋ ਸਭ ਦੇ ਹੈਂ।

ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਪਿੱਛੇ ਵੀ ਇਹੋ ਮਿਸ਼ਨ ਸੀ। ਮੁਤੱਸਬੀ ਕਾਜ਼ੀ ਅਬਦੁੱਲ ਵੋਹਰਾ ਨੇ ਪੁੱਛ ਕੀਤੀ ਕਿ ਐ ਗੁਰੂ ਤੇਗ ਬਹਾਦਰ ਜੀ ਪਹਿਲੇ ਜਾਮੇਂ ਵਿੱਚ ਜੰਞੂ ਪਾਉਣ ਦੇ ਵਿਰੁੱਧ ਅਤੇ ਹੁਣ ਜੰਞੂ ਲਾਹੁਣ ਦੇ ਵਿਰੁੱਧ ਇਹ ਕੈਸਾ ਮਾਜਰਾ ਹੈ? ਤਾਂ ਗੁਰੂ ਜੀ ਨੇ ਕਿਹਾ ਕਿ ਕਾਜ਼ੀ ਸਾਹਿਬ ਪਹਿਲਾਂ ਜ਼ਬਰਦਸਤੀ ਪਾਇਆ ਜਾਂਦਾ ਸੀ ਤੇ ਮੈਂ ਪਾਉਣ ਨਹੀਂ ਦਿੱਤਾ ਤੇ ਹੁਣ ਜ਼ਬਰਦਸਤੀ ਲਾਹਿਆ ਜਾਂਦਾ ਹੈ, ਮੈਂ ਲਾਹੁਣ ਨਹੀਂ ਦੇਣਾ।

ਧੰਨ ਹੈ ਇਹ ਸਰਬੱਤ ਦੇ ਭਲੇ ਦਾ ਮਿਸ਼ਨ ਅਤੇ ਧੰਨ ਹਨ ਸਾਡੇ ਸਤਿਗੁਰੂ ਬਾਬਾ ਨਾਨਕ ਜੀ।

ਸਰਬੱਤ ਦੇ ਭਲੇ ਲਈ ਦਸ਼ਮੇਸ਼ ਪਿਤਾ ਜੀ ਨੇ ਆਪਣੇ ਮਾਤਾ ਅਤੇ ਪਿਤਾ, ਪੜਦਾਦਾ, ਚਾਰੇ ਪੁੱਤਰ ਗੱਲ ਕੀ ਸਰਬੰਸ ਕੁਰਬਾਨ ਕਰ ਦਿੱਤਾ ਅਤੇ ਇਹ ਐਲਾਨ ਕੀਤਾ ਕਿ ਮੈਂ ਦੇਸ਼ ਧਰਮ ਅਤੇ ਕੌਮ ਦਾ ਭਲਾ ਚਾਹੁੰਦਾ ਹਾਂ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਉਲੀਕਿਆ ਹੋਇਆ ਮਿਸ਼ਨ ਹੀ ਮੇਰਾ ਮਿਸ਼ਨ ਹੈ। ਅਕਾਲ ਪੁਰਖ ਵੱਲੋਂ ਗੁਰੂ ਪਾਤਿਸ਼ਾਹ ਦੀ ਡਿਊਟੀ ਹੀ ਇਹੋ ਲਾਈ ਸੀ।

ਧਰਮ ਚਲਾਵਨ ਸੰਤ ਉਬਾਰਨ॥
ਦੁਸ਼ਟ ਸਭਨ ਕੋ ਮੂਲ ਉਪਾਰਨ॥

ਗੁਰੂ ਮਹਾਰਾਜ ਜੀ ਨੇ ਆਪਣੇ ਸਾਜੇ ਨਿਵਾਜੇ ਖਾਲਸੇ ਦੀ ਡਿਊਟੀ ਵੀ ਇਹੋ ਲਾ ਦਿੱਤੀ ਕਿ :

ਖਾਲਸਾ ਸੋ ਜੋ ਚੜ੍ਹੇ ਤੁਰੰਗ।
ਖਾਲਸਾ ਸੋ ਜੋ ਲੜੇ ਨਿਤ ਜੰਗ।
ਖਾਲਸਾ ਸੋ ਜੋ ਨਿਰਧਨ ਕੋ ਪਾਲੇ।
ਖਾਲਸਾ ਸੋ ਜੋ ਦੁਸ਼ਟ ਕੋ ਗਾਲੇ।

ਇਹੋ ਕਾਰਨ ਸੀ ਕਿ ਜੰਗਲਾਂ ਵਿੱਚ ਰਹਿੰਦੇ ਭੁੱਖੇ-ਭਾਣੇ ਸਿੰਘਾਂ ਨੂੰ ਜਦੋਂ ਇਹ ਪਤਾ ਲੱਗਦਾ ਸੀ ਕਿ ਨਾਦਰਸ਼ਾਹ ਅਤੇ ਅਬਦਾਲੀ ਵਰਗੇ ਜਰਵਾਣੇ ਹਿੰਦੁਸਤਾਨ ਦੀਆਂ ਧੀਆਂ, ਭੈਣਾਂ, ਬਹੂ ਅਤੇ ਬੇਟੀਆਂ ਨੂੰ ਬੰਦੀ ਬਣਾ ਕੇ ਲਿਜਾ ਰਹੇ ਹਨ ਤਾਂ ਸਰਬੱਤ ਦਾ ਭਲਾ ਮੰਗਣ ਵਾਲੇ ਸਿੰਘਾਂ ਨੇ ਅਬਦਾਲੀ 'ਤੇ ਹਮਲਾ ਕਰਕੇ ਉਹਨਾਂ ਬੱਚੀਆਂ ਨੂੰ ਆਜ਼ਾਦ ਕਰਵਾ ਕੇ ਹੀ ਦਮ ਲਿਆ ਸੀ। ਸਰਬੱਤ ਦਾ ਭਲਾ ਮੰਗਣ ਵਾਲੇ ਇਹਨਾਂ ਸੂਰਬੀਰਾਂ ਜਾਂ ਮਰਜੀਵੜਿਆਂ ਲਈ ਦੇਸ਼ ਵਿੱਚ ਇਹ ਕਹਾਵਤਾਂ ਮਸ਼ਹੂਰ ਹੋ ਗਈਆਂ ਸਨ।

ਰਨ ਬਸਰੇ ਨੂੰ ਗਈ ਮੋੜੀ ਬਾਬਾ ਕੱਛ ਵਾਲਿਆ

ਅਤੇ

ਵਿਹੜੇ ਆਏ ਨੀ ਨਿਹੰਗ ਬੂਹਾ ਖੋਲ੍ਹ ਦਿਓ ਨਿਸੰਗ।

ਅੱਜ ਭਾਵੇਂ ਕੱਟੜ ਅਤੇ ਮੁਤੱਸਬੀ ਵਿਚਾਰਧਾਰਾ ਵਾਲੇ ਲੋਕ ਇਹਨਾਂ ਸਰਬੱਤ ਦਾ ਭਲਾ ਮੰਗਣ ਵਾਲੇ ਗੁਰੂ ਪਿਆਰਿਆਂ ਦਾ ਬੁਰਾ ਹੀ ਸੋਚਦੇ ਹਨ। ਪਰ ਸਾਨੂੰ ਕੋਈ ਅਫਸੋਸ ਨਹੀਂ ਕਿਉਂਕਿ ਬੁਰੇ ਨੂੰ ਸਭ ਬੁਰੇ ਅਤੇ ਭਲੇ ਨੂੰ ਸਭ ਭਲੇ ਹੀ ਦਿੱਸਦੇ ਹਨ। ਪਰ ਅਸੀਂ ਸਿੱਖ ਅਖਵਾਉਣ ਵਾਲੇ ਲੋਕਾਂ ਨੇ ਸ੍ਰੀ ਗੁਰੂ ਨਾਨਕ ਦੇਵ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਰਬੱਤ ਦੇ ਭਲੇ ਦਾ ਦਿੱਤਾ ਹੋਇਆ ਸੰਦੇਸ਼ ਹਮੇਸ਼ਾਂ ਯਾਦ ਰੱਖ ਕੇ ਜਦੋਂ ਵੀ ਅਤੇ ਜਿੱਥੇ ਵੀ ਅਰਦਾਸ ਕਰਨੀ ਹੈ। ਇਹੀ ਅਰਦਾਸ ਕਰਨੀ ਹੈ:

ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ।

– ਉਮ ਪ੍ਰਕਾਸ਼ ਜੁਨੇਜਾ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

(ਦਿੱਲੀ ਸਿੱਖ ਗੁਰਦੁਆਰਾ ਅਧਿਨਿਯਮ, 1971 ਭਾਰਤ ਸਰਕਾਰ ਦੁਆਰਾ ਪਾਰਿਤ ਅਧੀਨ ਸਥਾਪਿਤ ਸੰਸਥਾ)

ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-੧੧੦੦੦੧

DELHI SIKH GURDWARA MANAGEMENT COMMITTEE

(Statutory Body Estd. under the Delhi Sikh Gurdwaras Act, 1971 of the Govt. of India)

Guru Gobind Singh Bhawan, Gurdwara Rakab Ganj Sahib, New Delhi-110001

Ref. 6688 / 4-2

Date : ~~24/05/2017~~ 25/5/17

Statement about ownership and particulars of Sis Ganj Monthly. New Delhi as required to be published under Rule "B" of Registration of Newspaper (Central) Rules, 1956.

FORM IV

(SEE RULES)

Place of Publication	New Delhi
Periodicity of Publication	Monthly
Printer's/Publisher's Name	S. Ajmer Singh
Nationality	Indian
Address	Delhi Sikh Gurdwara Management Committee, Guru Gobind Singh Bhawan, Gurdwara Rakab Ganj Sahib, New Delhi.
Editor's Name	S. Paramjeet Singh Rana
Nationality	Indian
Address	Delhi Sikh Gurdwara Management Committee, Guru Gobind Singh Bhawan, Gurdwara Rakab Ganj Sahib, New Delhi.
Name and Address of Individuals who own the newspaper and Partners of shareholders holding more than one percent of the total capital	Delhi Sikh Gurdwara Management Committee.

I, the undersigned do hereby declare that the particulars given above are true to the best of my knowledge and belief.

25/5/17

(HARJEET SINGH)
GENERAL MANAGER (ADMN.)
DELHI SIKH GURDWARA MANAGEMENT COMMITTEE

Phones : +91 11 23712580, 23712581, 23712582, 23737328, 23737329 Fax : +91 11 23317511
Website : www.dsgmc.in Email : info@dsgmc.in

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ

ਸਰਗਰਮੀਆਂ

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਦਿੱਲੀ ਦੀਆਂ ਸੰਗਤਾਂ ਨੇ ਸ਼ਰਧਾ ਨਾਲ ਮਨਾਇਆ

ਪੰਚਮ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਦਿੱਲੀ ਦੀਆਂ ਸੰਗਤਾਂ ਵੱਲੋਂ ਬੜੀ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਦਿੱਲੀ ਦੇ ਸਮੂਹ ਗੁਰਦੁਆਰਿਆਂ 'ਚ ਕੀਰਤਨ ਸਮਾਗਮ ਅਤੇ ਠੰਢੇ-ਮਿੱਠੇ ਜਲ ਦੀਆਂ ਛਬੀਲਾਂ ਆਯੋਜਿਤ ਕੀਤੀਆਂ ਗਈਆਂ। ਮੁੱਖ ਸਮਾਗਮ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਰਕਾਬ ਗੰਜ ਸਾਹਿਬ ਜੀ ਦੇ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਖੇ ਅੰਮ੍ਰਿਤ ਵੇਲੇ ਤੋਂ ਦੇਰ ਸ਼ਾਮ ਤਕ ਸਜਾਇਆ

ਗਿਆ। ਜਿਸ 'ਚ ਪੰਥ ਪ੍ਰਸਿੱਧ ਰਾਗੀ, ਢਾਡੀ ਜਥਿਆਂ ਤੇ ਕਥਾਵਾਚਕਾਂ ਨੇ ਗੁਰਬਾਣੀ ਦੇ ਮਨੋਹਰ ਕੀਰਤਨ, ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ 'ਤੇ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਸੰਗਤਾਂ ਨੂੰ ਸੰਬੋਧਨ ਕਰਦਿਆ ਗੁਰੂ ਅਰਜਨ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਮੁਖ ਘਟਨਾਵਾਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਸਾਰੇ ਗੁਰੂ ਸਾਹਿਬਾਨ ਵੱਲੋਂ ਸਿੱਖ ਪੰਥ ਨੂੰ ਕੁਝ ਨਾ ਕੁਝ ਦੇਣ ਜਰੂਰ ਦਿੱਤੀ ਗਈ। ਪੰਜਵੇਂ ਪਾਤਿਸ਼ਾਹ ਨੇ ਬਾਣੀ ਦਾ ਸੰਪਾਦਨ ਕਰਕੇ ਆਦਿ ਗ੍ਰੰਥ ਦੀ ਸੰਪਾਦਨਾ ਕਰਕੇ ਸਮੁੱਚੀ ਮਨੁੱਖਤਾ ਨੂੰ ਸਾਂਝੀਵਾਲਤਾ, ਪ੍ਰੇਮ, ਭਰਾਤਰੀ ਭਰਾ ਦਾ ਸੁਨੇਹਾ ਦੇ ਕੇ ਬਾਣੀ ਨਾਲ ਜੋੜਿਆ। ਜਿਸਨੂੰ ਬਾਅਦ ਵਿਚ ਖਾਲਸਾ ਪੰਥ ਦੀ ਸਥਾਪਨਾ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਨੂੰ ਮੁੜ੍ਹ ਸੰਪਾਦਨਾ ਰਾਹੀਂ ਗੁਰੂ ਗ੍ਰੰਥ ਸਾਹਿਬ ਦਾ ਰੂਪ ਦੇ ਕੇ ਬਾਣੀ ਅਤੇ ਬਾਣੇ ਦੇ ਸੰਕਲਪ ਨਾਲ ਜੁੜਨ ਦਾ ਪੰਥ ਨੂੰ ਸੱਦਾ ਦਿੱਤਾ। ਇਸ ਲਈ ਬਾਣੀ ਅਤੇ ਬਾਣੇ ਨਾਲ ਜੁੜ ਕੇ ਅਸੀਂ ਗੁਰੂ ਦੀ ਬਖਸ਼ਿਸ਼ ਦੇ ਪਾਤਰ ਬਣ ਸਕਦੇ ਹਾਂ। ਉਨ੍ਹਾਂ ਨੇ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਹਰਿਦੁਆਰ ਦਾ ਜਿਕਰ ਕਰਦਿਆਂ ਕਿਹਾ ਕਿ 2019 ਵਿਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਉਥੇ ਗੁਰਦੁਆਰਾ ਸਾਹਿਬ ਦਾ ਨਿਰਮਾਣ ਹੋ ਜਾਵੇਗਾ। ਇਸਦੇ ਨਾਲ ਹੀ ਜਗਨਨਾਥ ਪੁਰੀ ਉੜੀਸਾ 'ਚ ਗੁਰੂ ਨਾਨਕ ਦੇਵ ਜੀ ਦਾ ਆਰਤੀ ਉਚਾਰਨ ਨਾਲ ਸਬੰਧਤ ਸਥਾਨ ਵੀ ਛੇਤੀ ਹੀ ਸਿੱਖ ਕੌਮ ਦੇ ਹਵਾਲੇ ਹੋਵੇਗਾ। ਰਾਜਸਥਾਨ 'ਚ ਸਿੱਖਾਂ ਨਾਲ ਕੁੱਟ-ਮਾਰ ਕਰਨ ਦੇ ਦੋਸ਼ੀਆਂ ਖਿਲਾਫ ਦਿੱਲੀ ਕਮੇਟੀ ਵੱਲੋਂ ਕੀਤੀ ਗਈ ਪੈਰਵੀ ਸਦਕਾ ਮੁਕਦਮੇ ਦਰਜ ਹੋਣ ਦੀ ਸੰਗਤਾਂ ਨੂੰ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਨੇ ਮੱਧ ਪ੍ਰਦੇਸ਼ ਦੇ ਸਿਕਲੀਘਰ ਸਿੱਖਾਂ ਖਿਲਾਫ ਸਰਕਾਰੀ ਤਸ਼ੱਦਦ ਰਾਹੀਂ ਦਰਜ ਹੋਏ ਮੁਕਦਮੇ ਵਾਪਿਸ ਕਰਾਉਣ ਲਈ ਕਮੇਟੀ ਵੱਲੋਂ ਕਾਨੂੰਨੀ ਪੱਧਰ 'ਤੇ ਪੀੜਤਾਂ ਨੂੰ ਹਰ ਪ੍ਰਕਾਰ ਦੀ ਸਹਾਇਤਾ ਦੇਣ ਦਾ ਖੁਲਾਸਾ ਕੀਤਾ। ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਬਣ ਰਹੇ ਇੰਟਰਨੈਸ਼ਨਲ ਸੈਂਟਰ ਫਾਰ ਸਿੱਖ ਸਟਡੀਜ ਦੀ ਉਸਾਰੀ ਛੇਤੀ ਪੂਰਣ ਹੋਣ ਦਾ ਭਰੋਸਾ ਜਤਾਉਂਦੇ ਹੋਏ ਉਨ੍ਹਾਂ ਨੇ ਸਿੱਖ ਚੇਤਨਾ ਮਿਸਨ ਵੱਲੋਂ ਕਰਵਾਏ ਗਏ ਮੁਕਾਬਲਿਆਂ ਦੌਰਾਨ ਜੇਤੂ ਰਹੇ ਬੱਚਿਆਂ ਨੂੰ ਇਨਾਮਾਂ ਦੀ ਵੰਡ ਕੀਤੀ। ਸਟੇਜ ਸਕੱਤਰ ਦੀ ਸੇਵਾ ਕਮੇਟੀ ਮੈਂਬਰ ਪਰਮਜੀਤ ਸਿੰਘ ਰਾਣਾ, ਉਂਕਾਰ ਸਿੰਘ ਰਾਜਾ, ਜਤਿੰਦਰ ਪਾਲ ਸਿੰਘ ਗੋਲਡੀ ਤੇ ਗੁਰਮੀਤ ਸਿੰਘ ਮੀਤਾ ਨੇ ਨਿਭਾਈ।

ਸਾਕਾ ਨੀਲਾ ਤਾਰਾ ਬਾਰੇ ਰਾਸਟਰਪਤੀ ਦਾ ਖੁਲਾਸਾ ਸਾਧੂਵਾਦ

ਨਵੀਂ ਦਿੱਲੀ (7 ਜੂਨ 2017): ਰਾਸ਼ਟਰਪਤੀ ਪ੍ਰਣਬ ਮੁਖਰਜੀ ਵੱਲੋਂ ਸਾਕਾ ਨੀਲਾ ਤਾਰਾ ਨੂੰ ਅੰਜਾਮ ਨਾ ਦੇਣ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਦਿੱਤੀ ਗਈ ਸਲਾਹ ਦਾ ਖੁਲਾਸਾ ਸਾਹਮਣੇ ਆਉਣ 'ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਨ ਕੀਤੀ ਗਈ ਟਿੱਪਣੀ ਦੌਰਾਨ ਰਾਸ਼ਟਰਪਤੀ ਦੇ ਖੁਲਾਸੇ ਨੂੰ ਸਾਧੂਵਾਦ ਜਤਾਉਂਦੇ ਹੋਏ ਕਿਹਾ ਕਿ ਰਾਸ਼ਟਰਪਤੀ ਦੇ ਖੁਲਾਸੇ ਨੇ

ਇੰਦਰਾ ਗਾਂਧੀ ਦੀ ਤਾਨਾਸ਼ਾਹੀ ਸੋਚ ਦੀ ਪੋਲ ਖੋਲ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਅੱਜੇ ਤਕ ਇੰਦਰਾ ਗਾਂਧੀ ਦੇ ਇਸ ਫੈਸਲੇ ਨੂੰ ਸਿੱਖ ਕੌਮ ਹੀ ਗਲਤ ਦੱਸਦੀ ਸੀ ਪਰ ਮੌਜੂਦਾ ਰਾਸ਼ਟਰਪਤੀ ਵੱਲੋਂ ਸਿੱਖਾਂ ਦੀ ਰਾਇ 'ਚ ਰਾਇ ਮਿਲਾਉਣਾ ਇਹ ਸਾਬਿਤ ਕਰਦਾ ਹੈ ਕਿ ਜੂਨ 1984 'ਚ ਸਿੱਖਾਂ ਦੀ ਪਵਿੱਤਰ ਧਾਰਮਿਕ ਥਾਂ 'ਤੇ ਜੋ ਕੁਝ ਹੋਇਆ ਉਹ ਭਾਰਤੀ ਇਤਿਹਾਸ ਦਾ ਕਲੰਕਿਤ ਵਰਕਾ ਹੈ। ਰਾਸ਼ਟਰਪਤੀ ਨੂੰ ਆਪਣੇ ਬਾਕੀ ਰਹਿੰਦੇ ਕਾਰਜਕਾਲ ਦੌਰਾਨ ਸਿੱਖਾਂ ਨਾਲ ਸੰਬੰਧਿਤ ਰੁਕੇ ਹੋਏ ਮਸਲਿਆਂ ਨੂੰ ਹਲ ਕਰਨ ਦੀ ਮੰਗ ਕਰਦੇ ਹੋਏ ਜੀ.ਕੇ. ਨੇ ਕਿਹਾ ਕਿ ਜੂਨ ਅਤੇ ਨਵੰਬਰ 1984 ਵਿਚ ਸਿੱਖਾਂ ਤੇ ਜੋ ਵੀ ਤਸ਼ੱਦਦ ਹੋਈ ਸੀ ਉਹ ਸਰਕਾਰੀ ਅੱਤਵਾਦ ਸੀ। ਜਿਸਦੇ ਬਾਅਦ ਸਿੱਖਾਂ ਵੱਲੋਂ ਹੋਈਆਂ ਪ੍ਰਤਿਕ੍ਰਿਆ ਦੇ ਕਾਰਨ ਅੱਜ ਵੀ ਕਈ ਸਿੱਖ ਜੇਲਾਂ ਵਿਚ ਬੰਦ ਹਨ। ਜਿਸ ਵਿਚੋਂ ਕਈ ਸਿੱਖ ਕਾਨੂੰਨ ਵੱਲੋਂ ਮਿਲੀ ਸਜ਼ਾ ਨੂੰ ਪੂਰਾ ਵੀ ਕਰ ਚੁੱਕੇ ਹਨ ਤੇ ਕੁਝ ਦੀ ਦਇਆ ਅਰਜੀਆਂ ਰਾਸ਼ਟਰਪਤੀ ਦੇ ਕੋਲ ਪੈਂਡਿੰਗ ਹਨ। ਇਸ ਲਈ ਰਾਸ਼ਟਰਪਤੀ ਨੂੰ ਦਰਿਆਦਿਲੀ ਦਿਖਾਉਂਦੇ ਹੋਏ ਇਨ੍ਹਾਂ ਅਰਜੀਆਂ ਨੂੰ ਆਪਣੇ ਕਾਰਜਕਾਲ ਵਿਚ ਨਿਪਟਾਰਾ ਕਰਨਾ ਚਾਹੀਦਾ ਹੈ। ਕਿਉਂਕਿ ਹੁਣ ਰਾਸ਼ਟਰਪਤੀ ਖੁਦ ਇਸ ਗੱਲ ਦਾ ਇਕਰਾਰ ਕਰ ਚੁੱਕੇ ਹਨ ਕਿ ਸਿੱਖਾਂ ਨਾਲ ਹੋਇਆ ਵਿਵਹਾਰ ਗੈਰਵਿਹਾਰਿਕ ਤੇ ਗੈਰਜ਼ਰੂਰੀ ਸੀ। ਉਹਨਾਂ ਨੇ ਸਾਫ ਕਿਹਾ ਕਿ ਜਿਨ੍ਹਾਂ ਸਿੱਖਾਂ ਦੇ ਉੱਤੇ ਪੰਜਾਬ ਦੇ ਸੰਤਾਪ ਦੇ ਦੌਰ ਦੌਰਾਨ ਮੁਕੱਦਮੇ ਦਰਜ ਹੋਏ ਸਨ ਉਹ ਕੋਈ ਪੇਸ਼ੇਵਰ ਅਪਰਾਧੀ ਨਹੀਂ ਸਨ ਸਗੋਂ ਧਾਰਮਿਕ ਥਾਂ ਦੀ ਹੋਈ ਬੇਅਦਬੀ ਦੇ ਸਰਕਾਰੀ ਕਾਰੇ ਦੇ ਖਿਲਾਫ਼ ਇਹ ਧਾਰਮਿਕ ਰੋਸ ਸੀ। ਜੀ.ਕੇ. ਨੇ ਕਿਹਾ ਕਿ ਇਨ੍ਹਾਂ ਵਿਚੋਂ ਜਿਆਦਾਤਰ ਸਿੱਖ ਕੈਦੀ ਵੱਡੀ ਉਮਰ ਦੇ ਹਨ। ਇਸ ਲਈ ਉਨ੍ਹਾਂ ਦੇ ਆਜਾਦ ਹਵਾ 'ਚ ਆਪਣੇ ਪਰਿਵਾਰ ਦੇ ਨਾਲ ਸਾਹ ਲੈਣ 'ਤੇ ਸਿੱਖਾਂ ਦੇ ਦੁੱਖੀ ਹਿਰਦਿਆਂ ਨੂੰ ਕੁਝ ਠੰਢ ਜਰੂਰ ਪਵੇਗੀ। ਮਨੁੱਖੀ ਅਧਿਕਾਰਾਂ ਅਤੇ ਕਾਨੂੰਨ ਦਾ ਤਕਾਜਾ ਵੀ ਇਹੋ ਕਹਿੰਦਾ ਹੈ ਕਿ ਆਪਣੀ ਸਜ਼ਾ ਭੁਗਤ ਚੁੱਕੇ ਕੈਦੀਆਂ ਦੀ ਰਿਹਾਈ ਨੂੰ ਘਟਗਿਣਤੀ ਹੋਣ ਕਰਕੇ ਰੋਕਣ ਦਾ ਕੋਈ ਕਾਰਨ ਨਹੀਂ ਬਣਦਾ ਹੈ। ਜੀ.ਕੇ. ਨੇ ਰਾਸ਼ਟਰਪਤੀ ਨੂੰ ਕਸ਼ਮੀਰੀ ਵੱਖ-ਵਾਦੀਆਂ ਅਤੇ ਨਕਸਲੀਆਂ ਨੂੰ ਸਰਕਾਰਾਂ ਵੱਲੋਂ ਰਾਸ਼ਟਰ ਦੀ ਮੁੱਖ ਧਾਰਾ ਵਿਚ ਜੁੜਨ ਵੇਲੇ ਦਿੱਤੀਆਂ ਜਾਂਦੀਆਂ ਵਿਸ਼ੇਸ਼ ਰਿਆਇਤਾਂ ਸਿੱਖਾਂ ਨੂੰ ਵੀ ਉਪਲਬਧ ਕਰਾਉਣ ਦੀ ਮੰਗ ਕੀਤੀ। ਦਰਅਸਲ ਰਾਸ਼ਟਰਪਤੀ ਦੇ ਹਵਾਲੇ ਨਾਲ ਮੀਡੀਆ 'ਚ ਪ੍ਰਕਾਸ਼ਿਤ ਰਿਪੋਰਟਾਂ ਵਿਚ ਇਹ ਦਾਅਵਾ ਕੀਤਾ ਗਿਆ ਹੈ ਕਿ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਕਰਨ ਤੋਂ ਪਹਿਲਾਂ ਬੁਲਾਈ ਗਈ ਕੈਬੀਨਟ ਮੀਟਿੰਗ ਵਿਚ ਪ੍ਰਣਬ ਮੁਖਰਜੀ ਨੇ ਇੰਦਰਾ ਗਾਂਧੀ ਨੂੰ ਸਿੱਖਾਂ ਦੇ ਪਵਿੱਤਰ ਥਾਂ ਤੇ ਹਮਲਾ ਨਾ ਕਰਨ ਦੀ ਇਤਿਹਾਸਿਕ ਹਵਾਲਿਆਂ ਦੇ ਨਾਲ ਚੇਤਾਵਨੀ ਦਿੱਤੀ ਸੀ। ਪ੍ਰਣਬ ਮੁਖਰਜੀ ਨੇ ਇੰਦਰਾ ਗਾਂਧੀ ਨੂੰ ਅਹਿਮਦ ਸ਼ਾਹ ਅਬਦਾਲੀ ਵੱਲੋਂ ਸ੍ਰੀ ਦਰਬਾਰ ਸਾਹਿਬ ਤੇ ਕੀਤੇ ਗਏ ਹਮਲੇ ਦਾ ਹਵਾਲਾ ਦਿੰਦੇ ਹੋਏ ਉਸਦੀ ਪ੍ਰਤਿਕ੍ਰਿਆ 'ਚ ਪਾਣੀਪਤ ਦੀ ਲੜਾਈ ਦੌਰਾਨ ਸਿੱਖਾਂ ਕਰਕੇ ਅਬਦਾਲੀ ਦੀ ਹੋਈ ਹਾਰ ਦੀ ਵੀ ਦੁਹਾਈ ਦਿੱਤੀ ਸੀ। ਪਰ ਇੰਦਰਾ ਗਾਂਧੀ ਨੇ ਇਤਿਹਾਸ ਤੋਂ ਸਬਕ ਨਾ ਲੈਂਦੇ ਹੋਏ ਆਪਣੀ ਮਨਮਰਜੀ ਕੀਤੀ।

ਦਿੱਲੀ ਕਮੇਟੀ ਦੇ ਦੋ ਤਕਨੀਕੀ ਕਾਲਜਾਂ ਨੂੰ ਬੰਦ ਕਰਵਾਉਣ ਦੀ ਸਾਜ਼ਿਸ਼

ਨਵੀਂ ਦਿੱਲੀ(31 ਮਈ 2017): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 2 ਉੱਚ ਵਿੱਦਿਅਕ ਅਦਾਰਿਆਂ ਨੂੰ ਬੰਦ ਕਰਵਾਉਣ ਦੀ ਸਾਜ਼ਿਸ਼ ਰਚਣ ਦੇ ਦੋਸ਼ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਬਲਦੇਵ ਸਿੰਘ ਵਡਾਲਾ ਤੇ ਲਗਾਇਆ। ਕਮੇਟੀ ਦਫ਼ਤਰ ਗੁਰਦੁਆਰਾ ਰਕਾਬ ਗੰਜ ਸਾਹਿਬ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਕਾਲਜ ਦੇ ਚੇਅਰਮੈਨ ਜਥੇਦਾਰ ਅਵਤਾਰ ਸਿੰਘ ਹਿਤ, ਕਮੇਟੀ ਦੇ ਬੁਲਾਰੇ ਪਰਮਿੰਦਰ ਪਾਲ ਸਿੰਘ ਤੇ ਕਾਨੂੰਨੀ ਵਿਭਾਗ ਮੁਖੀ ਜਸਵਿੰਦਰ ਸਿੰਘ ਜੌਲੀ ਨੇ ਇਸ ਸੰਬੰਧੀ ਵਡਾਲਾ ਦੇ ਸਹਿਯੋਗੀ ਵੱਲੋਂ ਅਦਾਰਿਆਂ ਨੂੰ ਬੰਦ ਕਰਵਾਉਣ ਸੰਬੰਧੀ ਪਾਏ ਗਏ ਮੁਕੱਦਮਿਆਂ ਦੀ ਜਾਣਕਾਰੀ ਦਿੱਤੀ। ਉਕਤ ਆਗੂਆਂ ਨੇ ਖੁਲਾਸਾ ਕੀਤਾ ਕਿ ਕਮੇਟੀ ਦੇ ਵਸੰਤ ਵਿਹਾਰ ਪੱਲੀਟੈਕਨੀਕ ਦੇ ਕਰਮਚਾਰੀ ਹਰਿੰਦਰ ਪਾਲ ਸਿੰਘ ਵੱਲੋਂ ਕਮੇਟੀ ਦੇ ਅਦਾਰਿਆਂ ਨੂੰ ਬੰਦ ਕਰਵਾਉਣ ਲਈ ਅਜੇ ਤਕ 6 ਕੇਸ ਵੱਖ-ਵੱਖ ਅਦਾਲਤਾਂ 'ਚ ਪਾਏ ਗਏ ਹਨ ਤੇ ਹਰਿੰਦਰ ਪਾਲ ਸਿੰਘ ਦੀ ਪਤਨੀ ਚਰਨਜੀਤ ਕੌਰ ਨੇ 2017 ਦੀਆਂ ਕਮੇਟੀ ਚੋਣਾਂ 'ਚ ਵਡਾਲਾ ਦੀ ਪਾਰਟੀ ਸਿੱਖ ਸਦਭਾਵਨਾ ਦਲ ਦੇ ਉਮੀਦਵਾਰ ਦੇ ਤੌਰ ਤੇ ਟੈਗੋਰ ਗਾਰਡਨ ਵਾਰਡ ਤੋਂ ਚੋਣ ਲੜੀ ਸੀ। ਬੀਤੇ ਦਿਨੀਂ ਗੁਰੂ ਤੇਗ

ਬਹਾਦਰ ਆਈ.ਟੀ. ਇੰਸਟੀਚਿਊਟ ਹਰੀ ਨਗਰ ਨੂੰ ਏ.ਆਈ.ਸੀ.ਟੀ.ਆਈ. ਵੱਲੋਂ ਇਸ ਸਾਲ ਦੇ ਦਾਖਲੇ ਲਈ 600 ਸੀਟਾਂ ਅਲਾਟ ਕੀਤੀਆਂ ਗਈਆਂ ਹਨ। ਪਰ ਇਹ ਗੱਲ ਵਡਾਲਾ ਦੇ ਸਹਿਯੋਗੀਆਂ ਨੂੰ ਰਾਸ ਨਹੀਂ ਆਈ। ਜਿਸਦੇ ਬਾਅਦ ਹਰਿੰਦਰ ਪਾਲ ਸਿੰਘ ਨੂੰ ਬਲੀ ਦਾ ਬੱਕਰਾ ਬਣਾਉਂਦੇ ਹੋਏ ਦਿੱਲੀ ਹਾਈਕੋਰਟ ਵਿਚ ਇੰਜੀਨੀਅਰਿੰਗ ਕਾਲਜ ਨੂੰ ਮਿਲੀਆਂ ਸੀਟਾਂ ਨੂੰ ਰੱਦ ਕਰਨ ਦੀ ਅਰਜ਼ੀ ਦਾਖਲ ਕੀਤੀ ਗਈ ਹੈ। ਹਾਲਾਂਕਿ ਇਸ ਅਰਜ਼ੀ ਤੇ ਸੁਣਵਾਈ ਕਰਦੇ ਹੋਏ ਹਾਈਕੋਰਟ ਨੇ ਅਰਜੀਕਰਤਾ ਨੂੰ ਕਿਸੇ ਪ੍ਰਕਾਰ ਦੀ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ। ਜਿਸਦੇ ਬਾਅਦ ਇਸ ਸਾਲ ਕਾਲਜ 'ਚ ਦਾਖਲੇ ਖੁਲੇ ਰਹਿਣ ਦੀ ਆਸ਼ ਕਾਇਮ ਹੈ। ਹਿਤ ਨੇ ਕਿਹਾ ਕਿ ਕਮੇਟੀ ਚੋਣਾਂ ਦੌਰਾਨ 10 ਰੁਪਏ ਮਹੀਨਾ ਫੀਸ ਲੈ ਕੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਵਿਚ ਸਿੱਖ ਬੱਚਿਆਂ ਦੀ ਪੜ੍ਹਾਈ ਕਰਵਾਉਣ ਦਾ ਚੁਨਾਵੀ ਚੋਗਾ ਸੁੱਟਣ ਵਾਲੇ ਵਡਾਲਾ ਦਾ ਅਸਲੀ ਚਿਹਰਾ ਕੌਮ ਦੇ ਸਾਹਮਣੇ ਬੇਨਕਾਬ ਹੋ ਗਿਆ ਹੈ। ਹਿਤ ਨੇ ਸਵਾਲ ਕੀਤਾ ਕਿ ਇਕ ਸਾਲ ਦੀ ਲੰਬੀ ਕਾਨੂੰਨੀ ਲੜਾਈ ਦੇ ਬਾਅਦ ਜੇਕਰ ਇੰਜੀਨੀਅਰਿੰਗ ਕਾਲਜ ਨੂੰ ਸੀਟਾਂ ਮਿਲੀਆਂ ਹਨ ਤਾਂ ਵਡਾਲਾ ਨੂੰ ਕਿਸ ਗੱਲ ਦੀ ਪੀੜ ਹੈ? ਹਿਤ ਨੇ ਅਫਸੋਸ ਜਤਾਇਆ ਕਿ ਪਹਿਲੇ ਸਾਬਕਾ ਕਮੇਟੀ ਪ੍ਰਧਾਨ ਪਰਮਜੀਤ ਸਿੰਘ ਸਰਨਾ ਵੱਲੋਂ ਕੀਤੇ ਗਏ ਫਰਜ਼ੀ ਕਾਰਜਾਂ ਕਰਕੇ ਪਿਛਲੇ ਸਾਲ ਇੰਜੀਨੀਅਰਿੰਗ ਤੇ ਪੱਲੀਟੈਕਨਿਕ ਕਾਲਜਾਂ ਨੂੰ ਸੀਟਾਂ ਨਹੀਂ ਮਿਲੀਆਂ ਸੀ ਪਰ ਇਸ ਵਿੱਦਿਅਕ ਵਰ੍ਹੇ ਇੰਜੀਨੀਅਰਿੰਗ ਕਾਲਜ ਨੂੰ ਸੀਟਾਂ ਮਿਲਣ ਤੋਂ ਬਾਅਦ ਵਡਾਲਾ ਵੱਲੋਂ ਆਪਣੇ ਕਾਰਕੁਨ ਰਾਹੀਂ ਸੀਟਾਂ ਰੱਦ ਕਰਵਾਉਣ ਦੀ ਅਰਜ਼ੀ ਦਾਇਰ ਕਰਵਾਉਣਾ ਸ਼ਰਮਨਾਕ ਕਾਰਾ ਹੈ। ਹਿਤ ਨੇ ਦੱਸਿਆ ਕਿ ਉਕਤ ਕਾਲਜ ਦੀ ਮਾਨਤਾ ਬਚਾਉਣ ਲਈ ਫਰਜ਼ੀ ਐਨ.ਓ.ਸੀ. ਬਣਾਉਣ ਕਰਕੇ ਸਰਨਾ ਦੇ ਖ਼ਿਲਾਫ਼ ਪਹਿਲਾਂ ਹੀ ਠੱਗੀ ਦੇ ਮੁਕਦਮੇ ਵਿਚ ਚਾਰਜਸ਼ੀਟ ਕੋਰਟ 'ਚ ਦਾਖਲ ਹੋ ਚੁੱਕੀ ਹੈ। ਹਿਤ ਨੇ ਵਡਾਲਾ ਨੂੰ ਸਿਆਸਤ ਛੱਡ ਕੇ ਕੀਰਤਨ ਕਰਨ ਦੀ ਸਲਾਹ ਦਿੰਦੇ ਹੋਏ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਂ ਤੇ ਸਿੱਖ ਬੱਚਿਆਂ ਦੇ ਭਵਿੱਖ ਨੂੰ ਸਵਾਰਨ ਦੇ ਪ੍ਰਤੀਕ ਵੱਜੋਂ ਸਥਾਪਿਤ ਕਾਲਜਾਂ ਨੂੰ ਆਪਣੇ ਸਿਆਸੀ ਸੁਆਰਥ ਦਾ ਔਜਾਰ ਨਾ ਬਣਾਉਣ ਦੀ ਨਸੀਹਤ ਦਿੱਤੀ। ਦਿੱਲੀ ਦੀ ਸੰਗਤ ਨੂੰ ਇਸ ਸੰਬੰਧ 'ਚ ਜਾਗਰੁੱਕ ਹੋਣ ਦਾ ਸੱਦਾ ਦਿੰਦੇ ਹੋਏ ਪਰਮਿੰਦਰ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਇੰਜੀਨੀਅਰਿੰਗ ਕਾਲਜ ਦੀ ਜਮੀਨ ਨੂੰ ਲੈ ਕੇ ਚਲੇ ਮਸਲੇ ਨੂੰ ਕਾਨੂੰਨੀ ਤਰੀਕੇ ਨਾਲ ਕਮੇਟੀ ਨੇ ਹੱਲ ਕਰਵਾ ਲਿਆ ਹੈ। ਪਰ ਕੁਝ ਮਤਲਬੀ ਲੋਕਾਂ ਨੂੰ ਬੱਚਿਆਂ ਦੇ ਭਵਿੱਖ ਤੋਂ ਜ਼ਿਆਦਾ ਸਿਆਸੀ ਰੋਟੀਆਂ ਸੇਕਣ 'ਚ ਸੁਆਦ ਆਉਂਦਾ ਹੈ। ਹਰਿੰਦਰ ਪਾਲ ਸਿੰਘ ਵੱਲੋਂ ਰੋਜ਼ਾਨਾ ਅਦਾਲਤਾਂ ਵਿਚ ਸੀਨੀਅਰ ਵਕੀਲਾਂ ਦੇ ਜਰੀਏ ਪਾਏ ਜਾ ਰਹੇ ਮੁਕਦਮਿਆਂ ਦੇ ਮਾਲੀ ਭਾਰ ਨੂੰ ਬਰਦਾਸ਼ਤ ਕਰਨ ਵਾਲਿਆਂ ਦੇ ਨਾਂ ਛੇਤੀ ਹੀ ਉਜਾਗਰ ਕਰਨ ਦਾ ਵੀ ਪਰਮਿੰਦਰ ਨੇ ਦਾਅਵਾ ਕੀਤਾ। ਪਰਮਿੰਦਰ ਨੇ ਵਿਰੋਧੀ ਧਿਰਾਂ ਦੀ ਕਾਰਗੁਜਾਰੀ ਨੂੰ ਕੌਮ ਦੇ ਭਵਿੱਖ ਨੂੰ ਕਤਲ ਕਰਨ ਦੇ ਤੌਰ ਤੇ ਪਰਿਭਾਸ਼ਿਤ ਕੀਤਾ। ਜੌਲੀ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਗਹਿਰੀ ਸਾਜ਼ਿਸ਼ ਤਹਿਤ ਹਰਿੰਦਰ ਸਿਆਸੀ ਵਿਰੋਧੀਆਂ ਦਾ ਮੋਹਰਾ ਬਣ ਕੇ ਕੌਮ ਦੇ 2 ਕਾਲਜਾਂ ਨੂੰ ਬੰਦ ਕਰਵਾਉਣ ਲਈ ਸਾਜ਼ਿਸ਼ ਕਰ ਰਿਹਾ ਹੈ। ਜਿਸਦੇ ਲਈ ਅਦਾਲਤਾਂ ਵਿਚ ਲੱਖਾਂ ਰੁਪਏ ਇੱਕ ਸੁਣਵਾਈ ਬਦਲੇ ਵਸੂਲਣ ਵਾਲੇ ਵਕੀਲਾਂ ਦੀ ਫ਼ੌਜ ਵੀ ਹਰਿੰਦਰ ਨੂੰ ਪਰਦੇ ਦੇ ਪਿੱਛੋਂ ਉਪਲਬਧ ਕਰਵਾਈ ਜਾ ਰਹੀ ਹੈ। ਜੌਲੀ ਨੇ ਕਿਹਾ ਕਿ ਪੰਥ ਹਿਤ ਦੀ ਗੱਲਾਂ ਕਰਨ ਵਾਲੇ ਅਖੌਤੀ ਆਗੂਆਂ ਦੇ ਕਾਰਨਾਮਿਆਂ ਨੇ ਆਪਣੇ ਕਾਲਜਾਂ ਨੂੰ ਬੰਦ ਕਰਵਾਉਣ ਦਾ ਬੀੜਾ ਚੁੱਕ ਕੇ ਨੀਵੀਂ ਸੋਚ ਨੂੰ ਜਨਤਕ ਕੀਤਾ ਹੈ। ਇਸ ਮੌਕੇ ਕਮੇਟੀ ਦੇ ਮੁਖ ਸਲਾਹਕਾਰ ਮਹਿੰਦਰ ਪਾਲ ਸਿੰਘ ਚੱਢਾ ਤੇ ਕਮੇਟੀ ਮੈਂਬਰ ਪਰਮਜੀਤ ਸਿੰਘ ਚੰਢੋਕ ਮੌਜੂਦ ਸਨ।

ਐਮਰਜੈਂਸੀ ਖਿਲਾਫ਼ ਲਗਾਇਆ ਗਿਆ ਮੋਰਚਾ ਸਾਕਾ ਨੀਲਾ ਤਾਰਾ ਸਾਕੇ ਦਾ ਮੁਖ ਕਾਰਨ

ਨਵੀਂ ਦਿੱਲੀ (6 ਜੂਨ 2017): ਜੂਨ 1984 'ਚ ਵਾਪਰੇ ਸਾਕਾ ਨੀਲਾ ਤਾਰਾ ਦਾ ਮੁਖ ਕਾਰਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਐਮਰਜੈਂਸੀ ਦੇ ਖਿਲਾਫ਼ ਲਗਾਇਆ ਗਿਆ ਮੋਰਚਾ ਸੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਮਨਜੀਤ ਸਿੰਘ ਜੀ.ਕੇ. ਨੇ ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਆਯੋਜਿਤ ਕੀਤੇ ਗਏ ਅਰਦਾਸ ਸਮਾਗਮ ਦੌਰਾਨ ਕੀਤਾ। ਸੰਤ ਜਰਨੈਲ ਸਿੰਘ ਜੀ ਭਿੰਡਰਾਵਾਲੇ ਅਤੇ ਉਨ੍ਹਾਂ ਦੇ ਨਾਲ ਸ਼ਹੀਦ ਹੋਏ ਸਿੰਘਾਂ ਦੀ ਸ਼ਹਾਦਤ ਨੂੰ ਨਤਮਸਤਕ ਹੁੰਦੇ ਹੋਏ ਜੀ.ਕੇ. ਨੇ ਮੁਲਕ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਗਿਣੀ-ਮਿੱਥੀ ਸਾਜਿਸ਼ ਤਹਿਤ ਫੌਜਾਂ ਰਾਹੀਂ ਸ਼੍ਰੀ ਦਰਬਾਰ ਸਾਹਿਬ ਕੰਪਲੈਕਸ 'ਤੇ ਹਮਲਾ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਖੁਲਾਸਾ ਕੀਤਾ ਕਿ ਐਮਰਜੈਂਸੀ ਦੇ 19 ਮਹੀਨੇ ਦੌਰਾਨ ਅਕਾਲੀ ਦਲ ਦੇ 46 ਹਜਾਰ ਕਾਰਕੂਨਾ ਨੇ ਸਰਕਾਰ ਵੱਲੋਂ ਆਜ਼ਾਦੀ ਦਾ ਗਲਾ ਦਬਾਉਣ ਦੇ ਕੀਤੇ ਗਏ ਕਾਰੇ ਦੇ ਖਿਲਾਫ ਗ੍ਰਿਫਤਾਰੀਆਂ ਦਿੱਤੀਆਂ ਸਨ। ਇੱਕ ਵੀ ਅਕਾਲੀ ਕਾਰਕੂਨ ਨੇ ਇਸ ਮਸਲੇ 'ਤੇ ਸਰਕਾਰ ਕੋਲੋਂ ਮੁਆਫੀ ਨਹੀਂ ਮੰਗੀ। ਜਦਕਿ ਮੌਜੂਦਾ ਸਮੇਂ ਵਿਚ ਰਾਜ ਭਾਗ ਸੰਭਾਲ ਰਹੇ ਕਈ ਦੂਜੇ ਦਲਾਂ ਦੇ ਆਗੂਆਂ ਨੇ ਇੰਦਰਾ ਗਾਂਧੀ ਸਰਕਾਰ ਤੋਂ ਲਿਖਿਤ 'ਚ ਮਾਫੀਆਂ ਮੰਗੀਆਂ ਸਨ। ਜਿਸ ਕਰਕੇ ਸਿੱਖਾਂ ਦੇ ਖਿਲਾਫ ਇੰਦਰਾ ਗਾਂਧੀ ਦੇ ਮਨ ਵਿਚ ਬਹੁਤ ਗੁੱਸਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਇਸ ਗੁੱਸੇ ਦਾ ਇਸਤੇਮਾਲ ਇੰਦਰਾ ਗਾਂਧੀ ਨੇ 1980 'ਚ ਮੁੜ ਸਰਕਾਰ ਬਣਨ ਉਪਰੰਤ ਸਤੰਬਰ 1981 ਵਿਖੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਨੂੰ ਸ਼੍ਰੀ

ਅਕਾਲ ਤਖਤ ਸਾਹਿਬ ਦੇ ਖਿਲਾਫ ਭੜਕਾ ਕੇ ਗੁਰਦੁਆਰਾ ਸੀਸਗੰਜ ਸਾਹਿਬ ਨੂੰ ਕੌਮ ਦਾ ਤਖਤ ਐਲਾਨਣ ਦੀ ਸਲਾਹ ਦੇ ਕੇ ਕਰਨ ਦੀ ਕੋਸ਼ਿਸ਼ ਤਹਿਤ ਕੀਤਾ ਸੀ। ਪਰ ਜਥੇਦਾਰ ਜੀ ਵੱਲੋਂ ਕੀਤੀ ਗਈ ਕੋਰੀ ਨਾ ਉਪਰੰਤ ਸਤੰਬਰ 1983 ਵਿਚ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਦੀ ਵਿਉਂਤ ਬੰਦੀ ਬਣਾਉਣ ਲਈ ਇੰਦਰਾ ਗਾਂਧੀ ਨੇ ਬ੍ਰਿਟਿਸ਼ ਪ੍ਰਧਾਨ ਮੰਤਰੀ ਮਾਰਗੇਟ ਥੇਚਰ ਨੂੰ ਸਹਾਇਤਾ ਮੰਗਣ ਲਈ ਪੱਤਰ ਵੀ ਲਿਖੇ ਗਏ ਸਨ। ਇਸ ਕਰਕੇ ਭਾਰਤ ਸਰਕਾਰ ਵੱਲੋਂ ਸਾਕਾ ਨੀਲਾ ਤਾਰਾ ਨੂੰ ਅੰਜਾਮ ਦੇਣ ਦਾ ਫੈਸਲਾ 20-25 ਮਈ 1984 ਵਿਚ ਲਏ ਜਾਣ ਦਾ ਕੀਤਾ ਜਾਂਦਾ ਦਾਅਵਾ ਝੂਠਾ ਜਾਪਦਾ ਹੈ। ਰਾਗੀ ਸਿੰਘਾਂ ਵੱਲੋਂ ਬਾਬਰ ਬਾਣੀ ਦੇ ਪੜ੍ਹੇ ਗਏ ਸ਼ਬਦ ਦਾ ਹਵਾਲਾ ਦਿੰਦੇ ਹੋਏ ਜੀ.ਕੇ. ਨੇ ਕਿਹਾ ਕਿ ਜੇ ਸਕਤੇ ਨੂੰ ਸਕਤਾ ਮਾਰੇ ਤਾਂ ਕੋਈ ਰੋਸ਼ ਦੀ ਗੱਲ ਨਹੀਂ ਹੈ ਪਰ ਇਸ ਹਮਲੇ ਦੌਰਾਨ ਮਾਸੂਮ ਬੱਚਿਆਂ ਤਕ ਨੂੰ ਵੀ ਹਿੰਦੂਸਤਾਨੀ ਫੌਜ਼ ਨੇ ਨਹੀਂ ਬਖਸ਼ਿਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਦੀ ਹਮਲੇ ਵੱਜੋਂ ਚੋਣ ਕਰਨ ਦੇ ਪਿੱਛੇ ਜੀ.ਕੇ. ਨੇ ਸਰਕਾਰ ਵੱਲੋਂ ਵੱਡੇ ਪੱਧਰ ਤੇ ਸਿੱਖਾਂ ਦਾ ਜਾਨੀ ਨੁਕਸਾਨ ਕਰਨ ਦੇ ਰੱਖੇ ਗਏ ਟੀਚੇ ਨੂੰ ਮੁਖ ਕਾਰਨ ਦੱਸਿਆ। ਨਿਹੱਥੇ ਲੋਕਾਂ ਤੇ ਹੋਏ ਹਮਲੇ ਨੂੰ ਜੀ.ਕੇ. ਨੇ ਅਜਾਦੀ ਤੋਂ ਬਾਅਦ ਦੇ ਭਾਰਤ ਦੇ ਇਤਿਹਾਸ ਦਾ ਕਾਲਾ ਧੱਬਾ ਦੱਸਿਆ। ਜੂਨ ਅਤੇ ਨਵੰਬਰ 1984 ਦੇ ਕਤਲੇਆਮਾਂ ਤੋਂ ਬਾਅਦ ਸਿੱਖਾਂ ਨੂੰ ਦੇਸ਼ਧ੍ਰੋਹੀ ਦੱਸਣ ਦੀ ਚਲੀ ਪਿਰਤ ਦੀ ਨਿਖੇਧੀ ਕਰਦੇ ਹੋਏ ਜੀ.ਕੇ. ਨੇ ਸਿੱਖ ਕੌਮ ਵੱਲੋਂ ਕਾਤਿਲਾਂ ਦੇ ਖਿਲਾਫ ਲੜੀ ਜਾ ਰਹੀ ਲੜਾਈ ਨੂੰ ਕੌਮ ਦੀ ਚੜ੍ਹਦੀਕਲਾ ਦਾ ਪ੍ਰਤੀਕ ਦੱਸਿਆ। ਜੀ.ਕੇ. ਨੇ ਦਾਅਵਾ ਕੀਤਾ ਕਿ 1984 ਆਪਣੇ ਪਿੰਡੇ ਤੇ ਹੰਢਾਉਣ ਦੇ ਬਾਵਜੂਦ ਦਿੱਲੀ ਦਾ ਸਿੱਖ ਅੱਜ ਵੀ ਚੜ੍ਹਦੀਕਲਾ ਵਿਚ ਹੈ।ਜੇਕਰ ਸਿੱਖਾਂ ਦੇ ਇਲਾਵਾ ਕਿਸੇ ਹੋਰ ਕੌਮ ਦੇ ਨਾਲ ਅਜਿਹਾ ਧੱਕਾ ਹੋਇਆ ਹੁੰਦਾ ਤਾਂ ਸ਼ਾਇਦ ਉਹ ਕੌਮ ਅੱਜ ਹੋਂਦ ਵਿਚ ਹੀ ਨਾ ਹੁੰਦੀ। ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਕੁਲਮੋਹਨ ਸਿੰਘ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਕਮੇਟੀ ਵੱਲੋਂ ਧਰਮ ਪ੍ਰਚਾਰ ਦੇ ਖੇਤਰ ਵਿਚ ਕੀਤੇ ਜਾ ਰਹੇ ਕਾਰਜਾਂ ਦੀ ਜਾਣਕਾਰੀ ਦਿੱਤੀ।

ਕੈਪਟਨ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਤਲਬ ਕਰਨ ਦੀ ਮੰਗ

ਨਵੀਂ ਦਿੱਲੀ (28 ਮਈ 2017): ਪੰਜਾਬ ਦੇ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 17 ਮਈ 2017 ਨੂੰ ਆਪਣੇ ਟਵੀਟਰ ਐਕਾਉਂਟ ਜਰੀਏ ਸਾਬਕਾ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਦੀ ਮਾਰਫਤ ਪੰਜਾਬ ਪੁਲਿਸ ਨੂੰ ਹਵਾਲਗੀ ਦੇਣ ਵਾਲੇ 21 ਸਿੱਖ ਨੌਜਵਾਨਾਂ ਦੇ ਫਰਜ਼ੀ ਮੁਕਾਬਲੇ ਵਿੱਚ ਕਤਲ ਕਰ ਦਿੱਤੇ ਜਾਣ ਦਾ ਖੁਲਾਸਾ ਕਰਨਾ ਹੁਣ ਸਿੱਖਾਂ ਦੀ ਸਭ ਤੋਂ ਵੱਡੀ ਜਥੇਬੰਦੀ ਸ੍ਰੀ ਅਕਾਲ ਤਖਤ ਸਾਹਿਬ ਕੋਲ ਵਿਚਾਰ ਲਈ ਪੁੱਜ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਬੁਲਾਰੇ ਪਰਮਿੰਦਰ ਪਾਲ ਸਿੰਘ ਅਤੇ ਜਸਵਿੰਦਰ ਸਿੰਘ ਜੌਲੀ ਨੇ ਗਿਆਨੀ ਗੁਰਬਚਨ ਸਿੰਘ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਪੱਤਰ ਭੇਜ ਕੇ ਕੈਪਟਨ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਤਲਬ ਕਰਨ ਦੀ ਮੰਗ ਕੀਤੀ ਹੈ। ਉਕਤ ਆਗੂਆਂ ਦਾ ਕਹਿਣਾ ਹੈ ਕਿ 1980-90 ਦੇ ਦਹਾਕੇ ਦੌਰਾਨ ਪੰਜਾਬ 'ਚ ਨਿਰਦੋਸ਼ ਸਿੱਖਾਂ ਨੂੰ ਪੁਲਿਸ ਵੱਲੋਂ ਫਰਜ਼ੀ ਮੁਕਾਬਲਿਆਂ 'ਚ ਮਾਰਨ ਦੇ ਦੋਸ਼ ਪਹਿਲਾਂ ਵੀ ਲੱਗਦੇ ਰਹੇ ਹਨ। ਪਰ ਹੁਣ ਸੂਬੇ ਦੇ ਮੁੱਖ ਮੰਤਰੀ ਵੱਲੋਂ ਪੁਲਿਸ ਦੇ ਇਸ ਜੁਰਮ ਦਾ ਇਕਬਾਲ ਕਰਨਾ ਮਨੁੱਖੀ ਅਧਿਕਾਰ ਕਾਰਕੂਨਾਂ ਦੇ ਦਾਅਵੇ ਦੀ ਪ੍ਰੋੜਤਾ ਕਰਦਾ ਹੈ। ਉਨ੍ਹਾਂ ਪੱਤਰ ਵਿਚ ਕਿਹਾ ਕਿ ਕੈਪਟਨ ਦੇ ਖੁਲਾਸੇ ਨਾਲ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਪੰਜਾਬ ਪੁਲਿਸ ਵੱਲੋਂ ਅੱਤਵਾਦ ਦੇ ਨਾਂ 'ਤੇ ਸਿੱਖਾਂ ਨੂੰ ਨਿਆਇਕ ਅਤੇ ਪੁਲਿਸੀਆ ਦਮਨ ਰਾਹੀਂ ਕਤਲ ਕਰਨ ਦੀ ਸਿੱਖਾਂ ਦੇ ਮਨ ਵਿਚ ਜੋ ਧਾਰਨਾਂ ਪਾਈ ਜਾਂਦੀ ਸੀ, ਉਹ ਸੱਚ ਹੈ। ਸੂਬੇ ਦਾ ਮੁੱਖ ਮੰਤਰੀ ਬਣਨ ਦੇ ਤੁਰੰਤ ਬਾਅਦ ਕੈਪਟਨ ਵੱਲੋਂ ਸਿੱਖਾਂ ਨੂੰ ਚੁਣ-ਚੁਣ ਕੇ ਮਾਰਨ ਵਾਲੇ ਸਾਬਕਾ ਪੁਲਿਸ ਮੁੱਖੀ ਕੇ.ਪੀ.ਐਸ. ਗਿਲ ਨਾਲ ਮੁਲਾਕਾਤ ਕਰਨਾ ਅਤੇ ਸਿੱਖਾਂ ਦੇ ਇਕ ਹੋਰ ਕਾਤਲ ਤੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਨੂੰ ਪੰਜਾਬ ਪੁਲਿਸ 'ਚ ਸਿੱਧਾ ਡੀ.ਐਸ.ਪੀ. ਲਗਾਉਣ ਦਾ ਐਲਾਨ ਕਰਨਾ, ਸਿੱਖਾਂ ਦੇ ਹਿਰਦੇ ਵਲੂੰਧਰਣ ਦੇ ਬਰਾਬਰ ਹੈ। ਵੋਟ ਬੈਂਕ ਦੀ ਸੌੜੀ ਸਿਆਸਤ ਲਈ ਸਿੱਖ ਕੌਮ ਦੇ ਗੱਦਾਰਾਂ ਦੀ ਚੌਖਟ ਤੇ ਬਾਰ-ਬਾਰ ਸਿਰ ਨਿਵਾਂ ਕੇ ਸਿੱਖਾਂ ਨੂੰ ਮੂੰਹ ਚਿੜ੍ਹਾਉਣ ਦਾ ਦੋਸ਼ ਕੈਪਟਨ 'ਤੇ ਲਗਾਉਂਦੇ ਹੋਏ ਉਕਤ ਆਗੂਆਂ ਨੇ ਕਿਹਾ ਕਿ ਕੋਈ ਵੀ ਆਮ ਸਿੱਖ ਇਹ ਕਦੇ ਬਰਦਾਸ਼ਤ ਨਹੀਂ ਕਰ ਸਕਦਾ ਕਿ ਪੰਜਾਬ ਸੂਬੇ ਦਾ ਮੁੱਖ ਮੰਤਰੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਛੇਕੇ ਗਏ ਲੋਕਾਂ ਨਾਲ ਮਿਤਰਤਾ ਰੱਖਦੇ ਹੋਏ 21 ਸਿੱਖ ਨੌਜਵਾਨਾਂ ਦੇ ਕਤਲ ਤੇ ਆਪਣੀ ਬੇਬਸੀ ਜਾਹਿਰ ਕਰ ਸਿੱਖੀ ਦੇ ਬੂਟੇ ਨੂੰ ਜੜੋਂ ਪੁੱਟਣ ਦੀ ਸਾਜਿਸ਼ ਕਰੇ। 21 ਸਿੱਖ ਨੌਜਵਾਨਾਂ ਨੂੰ ਮਰਵਾਉਣ ਦਾ ਕਥਿਤ ਦੋਸ਼ ਕੈਪਟਨ ਤੇ ਲਗਾਉਂਦੇ ਹੋਏ ਉਨ੍ਹਾਂ ਨੇ ਲਗਭਗ 25 ਸਾਲ ਤਕ ਇਸ ਮਸਲੇ ਤੇ ਚੁੱਪ ਰਹਿਣ ਪਿੱਛੇ ਕੈਪਟਨ ਦੀ ਮਜਬੂਰੀ ਦਾ ਵੀ ਕਾਰਨ ਪੁੱਛਿਆ। ਪੰਜ ਸਿੰਘ ਸਾਹਿਬਾਨਾਂ ਅੱਗੇ ਕੈਪਟਨ ਨੂੰ ਤਲਬ ਕਰਨ ਦੀ ਬੇਨਤੀ ਜਥੇਦਾਰ ਨੂੰ ਕਰਦੇ ਹੋਏ

ਉਨ੍ਹਾਂ ਨੇ ਦੋਸ਼ੀ ਪਾਏ ਜਾਣ 'ਤੇ ਕੈਪਟਨ ਨੂੰ ਸਿੱਖ ਪੰਥ ਤੋਂ ਖਾਰਿਜ ਕਰਨ ਦੀ ਮੰਗ ਕੀਤੀ ਹੈ।

ਰਾਜਸਥਾਨ ਸਿੱਖ ਮਾਰਕੁਟ ਮਾਮਲੇ 'ਚ ਸੀ.ਆਈ.ਡੀ. ਜਾਂਚ ਦੀ ਕੀਤੀ ਮੰਗ

ਨਵੀਂ ਦਿੱਲੀ (26 ਮਈ 2017): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਾਂ ਨਾਲ ਹੋ ਰਹੇ ਧੱਕਿਆਂ ਦੇ ਖਿਲਾਫ ਸਰਕਾਰੇ-ਦਰਬਾਰੇ ਆਵਾਜ਼ ਚੁੱਕਣ ਦਾ ਸਿਲਸਿਲਾ ਜਾਰੀ ਰੱਖਿਆ ਹੋਇਆ ਹੈ। ਇਸੇ ਕੜੀ 'ਚ ਕਮੇਟੀ ਵੱਲੋਂ ਦੋ ਪੱਤਰ ਜਾਰੀ ਕੀਤੇ ਗਏ। ਜਿਸ ਵਿਚ ਪਹਿਲਾ ਪੱਤਰ ਬੀਤੇ ਦਿਨੀਂ ਅਜਮੇਰ ਦੇ ਚੈਨਪੁਰਾ ਪਿੰਡ 'ਚ 4 ਸਿੱਖਾਂ ਨੂੰ ਕਥਿਤ ਤੌਰ 'ਤੇ ਕੁੱਟਣ ਅਤੇ ਘਸੀਟਣ ਦੇ ਸ਼ੋਸਲ ਮੀਡੀਆ ਤੇ ਸਾਹਮਣੇ ਆਏ ਵੀਡੀਓ ਤੇ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਦੀ ਮੰਗ ਸੰਬੰਧੀ ਤੇ ਦੂਜਾ ਕੌਮੀ ਘਟ ਗਿਣਤੀ ਕਮਿਸ਼ਨ 'ਚ ਸਿੱਖ ਮੈਂਬਰ ਨੂੰ ਕੇਂਦਰ ਸਰਕਾਰ ਵੱਲੋਂ ਨਾ ਸ਼ਾਮਿਲ ਕਰਨ 'ਤੇ ਇਤਰਾਜ਼ ਬਾਰੇ ਹੈ। ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਸਿੰਧਿਆ ਨੂੰ ਪੱਤਰ ਭੇਜ ਕੇ ਸੀ.ਆਈ.ਡੀ. ਨੂੰ ਮਾਮਲੇ ਦੀ ਜਾਂਚ ਸੌਂਪਣ ਦੀ ਮੰਗ ਕੀਤੀ ਹੈ। ਜੀ.ਕੇ. ਨੇ ਦੋਸ਼ੀ ਪਿੰਡ ਵਾਲਿਆਂ ਦੇ ਖਿਲਾਫ ਮੁਕਦਮਾ ਦਰਜ ਕਰਨ ਦੀ ਵਕਾਲਤ ਕਰਦੇ ਹੋਏ ਵੀਡੀਓ ਵਿਚ ਨਜ਼ਰ ਆ ਰਹੀ ਸਿੱਖਾਂ ਦੀ ਦਸਤਾਰ ਅਤੇ ਕੇਸ਼ਾਂ ਦੀ ਬੇਅਦਬੀ ਨੂੰ ਨਾ ਬਰਦਾਸਤ ਕਰਨ ਦੀ ਕੌਮ ਵੱਲੋਂ ਚੇਤਾਵਨੀ ਦਿੱਤੀ ਹੈ। ਜੀ.ਕੇ. ਨੇ ਕਮਿਸ਼ਨ 'ਚ ਸਿੱਖ ਮੈਂਬਰ ਨੂੰ ਸਰਕਾਰ ਵੱਲੋਂ ਥਾਂ ਨਾ ਦੇਣ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਭੇਜ ਕੇ ਇਤਰਾਜ਼ ਦਰਜ਼ ਕਰਵਾਇਆ ਹੈ। ਦਰਅਸਲ ਕਮਿਸ਼ਨ 'ਚ ਸਿੱਖਾਂ ਨੂੰ ਛੱਡ ਕੇ ਬਾਕੀ ਸਭ ਘਟਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਥਾਂ ਦੇਣ ਵਾਲੀਆਂ ਖਬਰਾਂ ਅਖ਼ਬਾਰਾਂ ਵਿਚ ਛੱਪੀਆਂ ਸਨ। ਜੀ.ਕੇ. ਨੇ ਪ੍ਰਧਾਨ ਮੰਤਰੀ ਨੂੰ ਤੁਰੰਤ ਸਿੱਖ ਮੈਂਬਰ ਨੂੰ ਕਮਿਸ਼ਨ 'ਚ ਲੈਣ ਦੀ ਮੰਗ ਕਰਦੇ ਹੋਏ ਸਿੱਖਾਂ ਨੂੰ ਨਜ਼ਰ ਅੰਦਾਜ ਨਾ ਕਰਨ ਦੀ ਸਲਾਹ ਦਿੱਤੀ ਹੈ। ਜੀ.ਕੇ. ਨੇ ਪ੍ਰਧਾਨਮੰਤਰੀ ਨੂੰ ਉਨ੍ਹਾਂ ਦੇ ਨਾਰੇ ''ਸਬਕਾ ਸਾਥ-ਸਬਕਾ ਵਿਕਾਸ'' ਦਾ ਚੇਤਾ ਦਿਵਾਉਂਦੇ ਹੋਏ ਦੇਸ਼ ਦੀ ਤਰੱਕੀ 'ਚ ਸਿੱਖਾਂ ਦੇ ਯੋਗਦਾਨ ਤੇ ਕੁਰਬਾਨੀਆਂ ਦੇ ਸਫ਼ਰ 'ਤੇ ਝਾਤ ਪਾਉਣ ਦੀ ਬੇਨਤੀ ਕੀਤੀ ਹੈ।

ਗੁਰਦੁਆਰਾ ਕਮੇਟੀ ਸਟਾਫ ਨੂੰ ਸਹੂਲਤਾਂ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਟਾਫ ਵੱਲੋਂ ਕਮੇਟੀ ਪ੍ਰਬੰਧਕਾਂ ਵੱਲੋਂ ਸਟਾਫ ਦੀਆਂ ਸਹੂਲਤਾ 'ਚ ਵਾਧਾ ਕਰਨ ਲਈ ਧੰਨਵਾਦ ਕੀਤਾ ਗਿਆ। ਗੁਰਦੁਆਰਾ ਰਕਾਬਗੰਜ ਸਾਹਿਬ 'ਚ ਸ੍ਰੀ ਅਖੰਡ ਪਾਠ ਸਾਹਿਬ ਦੀ ਸਮਾਪਤੀ ਉਪਰੰਤ ਭਾਈ ਲੱਖੀ ਸ਼ਾਹ ਵਣਜਾਰਾ ਵਿਖੇ ਹੋਏ ਧੰਨਵਾਦ ਸਮਾਗਮ ਦੌਰਾਨ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਅਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਸਟਾਫ ਦੀਆਂ ਕਈ ਮੰਗਾਂ ਨੂੰ ਪ੍ਰਵਾਨ ਕਰਨ ਦਾ ਐਲਾਨ ਕੀਤਾ। ਜਿਸ ਵਿਚ ਪ੍ਰਮੁਖ ਹਨ: ਸਟਾਫ ਦੇ ਬੱਚਿਆਂ ਦੇ ਵਿਆਹ ਲਈ ਬਹੁਮੰਤਵੀ ਹਾਲ ਮੁਫਤ ਦੇਣਾ, ਸਗਨ ਸਕੀਮ ਰਾਹੀਂ 51 ਹਜਾਰ ਰੁਪਏ ਕੁੜੀ ਅਤੇ 31 ਹਜਾਰ ਰੁਪਏ ਮੁੰਡੇ ਦੇ ਵਿਆਹ ਮੌਕੇ ਮਾਲੀ ਮਦਦ ਦੇ ਤੌਰ ਤੇ ਦੇਣਾ, ਕਿਸੇ ਵੀ ਮੁਲਾਜ਼ਮ ਦੀ ਮੌਤ ਤੇ ਸਾਰੇ ਸਟਾਫ ਦੀ ਇੱਕ ਦਿਨ ਦੀ ਤਨਖਾਹ ਜੋ ਕਿ ਲਗਭਗ 8.5 ਲੱਖ ਬਣਦੀ ਹੈ ਨੂੰ ਸਟਾਫ ਦੇ ਖਾਤੇ ਵਿਚੋਂ ਕੱਟ ਕੇ ਉਸਦੇ ਬਰਾਬਰ ਕਮੇਟੀ ਵੱਲੋਂ ਵੀ ਇੱਕ ਦਿਨ ਦੀ ਤਨਖਾਹ ਅੰਸ਼ਦਾਨ ਵਜੋਂ ਦੇਣਾ ਤਾਂ ਕਿ ਮ੍ਰਿਤਕ ਦੇ ਪਰਿਵਾਰ ਨੂੰ ਲਗਭਗ 17 ਲੱਖ ਰੁਪਏ ਦੀ ਮਦਦ ਮਿਲ ਸਕੇ ਆਦਿਕ ਮੰਗਾਂ ਸ਼ਾਮਿਲ ਸਨ। ਸਟਾਫ ਯੂਨੀਅਨ ਦੇ ਸਾਬਕਾ ਪ੍ਰਧਾਨ ਅਤੇ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਹੈਡਗ੍ਰੰਥੀ ਭਾਈ ਹਰਜਿੰਦਰ ਸਿੰਘ ਨੇ ਮੌਜੂਦਾ ਕਮੇਟੀ ਪ੍ਰਬੰਧਕਾਂ ਦਾ ਧੰਨਵਾਦ ਕਰਦੇ ਹੋਏ ਸਾਬਕਾ ਪ੍ਰਬੰਧਕਾਂ ਦੀ ਕਾਰਜਸ਼ੈਲੀ ਨੂੰ ਸਟਾਫ ਵਿਰੋਧੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸਾਬਕਾ ਪ੍ਰਧਾਨ ਨੇ ਤਾਂ ਕਮੇਟੀ ਮੁਲਾਜਮਾ ਦੀ ਤਣਖਾਹ ਵਿਚ ਕੀ ਵਾਧਾ ਕਰਨਾ ਸੀ, ਸਗੋਂ ਜਾਇਜ ਹੱਕਾਂ ਤੇ ਵੀ ਡਾਕਾ ਮਾਰਿਆ ਸੀ। 2007 ਤੱਕ ਸਟਾਫ ਦੀ ਤਨਖਾਹ 'ਚੋਂ ਕੱਟੀ ਜਾਂਦੀ ਰਾਸ਼ੀ ਦੇ ਸਹਾਰੇ ਚਲਦੇ ਸਟਾਫ ਭਲਾਈ ਫੰਡ 'ਚੋਂ 35 ਹਜਾਰ ਰੁਪਏ ਦੀ ਮਾਲੀ ਮਦਦ ਮ੍ਰਿਤਕ ਮੁਲਾਜਮ ਦੇ ਪਵਿਰਾਰ ਨੂੰ ਦਿੱਤੀ ਜਾਂਦੀ ਸੀ ਜਿਸਨੂੰ ਪਰਮਜੀਤ ਸਿੰਘ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ
ਗੁਰਦੁਆਰਾ ਪ੍ਰਬੰਧਕ ਕਮੇਟੀ
ਗੁਰਦੁਆਰਾ ਪ੍ਰਬੰਧਕ ਕਮੇਟੀ ਦੇ
ਗੁਰਦੁਆਰਾ ਪ੍ਰਬੰਧਕ

ਸਰਨਾ ਨੇ ਬੰਦ ਕਰ ਦਿੱਤਾ ਸੀ। ਮੌਜੂਦਾ ਕਮੇਟੀ ਵੱਲੋਂ ਸਟਾਫ ਭਲਾਈ ਦੇ ਕੀਤੇ ਗਏ ਕਾਰਜਾਂ ਲਈ ਉਨ੍ਹਾਂ ਨੇ ਧੰਨਵਾਦ ਵੀ ਜਤਾਇਆ। ਜੀ.ਕੇ. ਨੇ ਕਿਹਾ ਕਿ ਸਟਾਫ ਦਾ ਬਣਦਾ ਹੱਕ ਦੇ ਕੇ ਉਨ੍ਹਾਂ ਨੇ ਆਪਣਾ ਫਰਜ ਨਿਭਾਇਆ ਹੈ। ਸਟਾਫ ਦੇ ਗ੍ਰੇਡ 'ਚ ਕੀਤੇ ਗਏ ਸੁਧਾਰਾਂ ਦੇ ਕਾਰਨ ਕਮੇਟੀ ਦੇ ਸਿਰ 47 ਲੱਖ ਰੁਪਏ ਮਹੀਨੇ ਦਾ ਆਰਥਿਕ ਬੋਝ ਵਧਿਆ ਹੈ। ਮੁਲਾਜਮਾ ਦੇ ਬੱਚਿਆਂ ਦੀ ਸਕੂਲੀ ਪੜਾਈ ਲਈ ਕਮੇਟੀ ਵੱਲੋਂ ਦਿੱਤੀ ਜਾਂਦੀ 360 ਰੁਪਏ ਦੀ ਸਲਾਨਾ ਸਹਾਇਤਾ ਨੂੰ ਵਧਾ ਕੇ ਪਹਿਲੇ ਕਮੇਟੀ ਵੱਲੋਂ 1800 ਰੁਪਏ ਤੇ ਹੁਣ 6 ਹਜਾਰ ਰੁਪਏ ਸਲਾਨਾ ਪ੍ਰਤੀ ਬੱਚਾ ਕਰ ਦਿੱਤਾ ਗਿਆ ਹੈ ਤਾਂ ਕਿ ਮੁਲਾਜਮਾ ਦੇ ਬੱਚੇ ਚੰਗੀ ਸਿੱਖਿਆ ਪ੍ਰਾਪਤ ਕਰ ਸਕਣ। ਜੀ.ਕੇ. ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਜਥੇਦਾਰ ਸੰਤੋਖ ਸਿੰਘ ਨੇ ਦਿੱਲੀ ਕਮੇਟੀ ਦੇ ਮੁਲਾਜਮਾ ਲਈ ਵੱਖਰੀ ਕੱਲੋਨੀ ਬਣਾਉਣ ਦਾ ਸੁਪਨਾ ਵੇਖਿਆ ਸੀ ਜਿਸ ਨੂੰ ਪੂਰਾ ਕਰਨ ਲਈ ਅਸੀਂ ਆਪਣੇ ਚੋਣ ਮਨੋਰਥ ਪੱਤਰ 'ਚ ਸਟਾਫ ਨਾਲ ਵਾਇਦਾ ਵੀ ਕੀਤਾ ਹੋਇਆ ਹੈ। ਜਿਸ ਲਈ ਸੁਸਾਇਟੀ ਬਣਾਕੇ ਸਰਕਾਰ ਪਾਸੋਂ ਥਾਂ ਲੈਣ ਦੀ ਤਿਆਰੀ ਕੀਤੀ ਜਾ ਰਹੀ ਹੈ। ਸਿਰਸਾ ਨੇ ਸਟਾਫ ਨੂੰ ਆਪਣਾ ਪਰਿਵਾਰ ਦੱਸਦੇ ਹੋਏ ਕਮੇਟੀ ਵੱਲੋਂ ਹਰ ਪ੍ਰਕਾਰ ਦੀ ਮਦਦ ਦੇਣ ਦਾ ਭਰੋਸਾ ਦਿੱਤਾ। ਸਿਰਸਾ ਨੇ ਕਿਹਾ ਕਿ ਅਸੀਂ ਬੀਤੇ ਚਾਰ ਸਾਲ ਪਹਿਲੇ ਸਟਾਫ ਨਾਲ ਜੋ ਵਾਇਦੇ ਕੀਤੇ ਸਨ ਉਨ੍ਹਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਦੇਸ਼-ਵਿਦੇਸ਼ ਵਿਚ ਕਮੇਟੀ ਦੇ ਚੰਗੇ ਕਾਰਜਾਂ ਦੀ ਹੁੰਦੀ ਤਾਰੀਫ ਲਈ ਸਿਰਸਾ ਨੇ ਸਟਾਫ ਵੱਲੋਂ ਪੂਰੀ ਤਨਦੇਹੀ ਨਾਲ ਕੀਤੇ ਜਾਂਦੇ ਕਾਰਜਾਂ ਦੇ ਸਿਰ ਸਿਹਰਾ ਬੰਨ੍ਹਿਆ। ਜਥੇਦਾਰ ਅਵਤਾਰ ਸਿੰਘ ਹਿੱਤ ਨੇ ਆਪਣੇ ਪ੍ਰਧਾਨਗੀ ਕਾਲ ਦੌਰਾਨ ਸਟਾਫ ਭਲਾਈ ਦੇ ਕੀਤੇ ਗਏ ਕਾਰਜਾਂ ਦੀ ਜਾਣਕਾਰੀ ਦਿੱਤੀ। ਸਟੇਜ ਸਕੱਤਰ ਦੀ ਸੇਵਾ ਮੀਤ ਜਨਰਲ ਮੈਨੇਜਰ ਇਕਬਾਲ ਸਿੰਘ ਵੱਲੋਂ ਨਿਭਾਈ ਗਈ। ਇਸ ਮੌਕੇ ਕਮੇਟੀ ਦੇ ਜਨਰਲ ਮੈਨੇਜਰ ਹਰਜੀਤ ਸਿੰਘ ਸੂਬੇਦਾਰ ਵੱਲੋਂ ਕਮੇਟੀ ਪ੍ਰਬੰਧਕਾਂ ਨੂੰ ਸ਼ਾਲ, ਸ੍ਰੀ ਸਾਹਿਬ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਖਾਲਸਾ ਕਾਲਜ 'ਚ ਦਾਖ਼ਲੇ ਬਾਅਦ ਸਿੱਖੀ ਸਰੂਪ ਨੂੰ ਤਿਆਗਣ ਵਾਲਿਆਂ ਦਾ ਦਾਖ਼ਲਾ ਹੋਵੇਗਾ ਖਾਰਿਜ

ਨਵੀਂ ਦਿੱਲੀ(27 ਮਈ 2017): ਦਿੱਲੀ ਯੂਨੀਵਰਸਿਟੀ ਦੇ ਖਾਲਸਾ ਕਾਲਜਾਂ 'ਚ ਦਾਖ਼ਲੇ ਦੀ ਉਡੀਕ ਕਰ ਰਹੇ ਸਿੱਖ ਵਿਦਿਆਰਥੀਆਂ ਨਾਲ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਕਾਮਯਾਬੀ ਦੇ ਗੁਰ ਸਾਂਝੇ ਕੀਤੇ। ਗੁਰੂ ਤੇਗ ਬਹਾਦਰ ਖਾਲਸਾ ਕਾਲਜ 'ਚ ਕਮੇਟੀ ਵੱਲੋਂ ਲਗਾਏ ਗਏ ਜਾਣਕਾਰੀ ਮੇਲੇ ਦੌਰਾਨ ਬੋਲਦੇ ਹੋਏ ਜੀ.ਕੇ. ਨੇ ਸਿੱਖ ਵਿਦਿਆਰਥੀਆਂ ਨੂੰ ਸਿਰਫ਼ ਕਾਲਜ ਆਉਣ ਲਈ ਦਾਖ਼ਲਾ ਲੈਣ ਦੀ ਮਾਨਸਿਕਤਾ ਤੋਂ ਬਾਹਰ ਆ ਕੇ ਯੋਗ ਯੋਗਤਾ ਨੂੰ ਆਪਣਾ ਟੀਚਾ ਬਣਾਉਣ ਦੀ ਸਲਾਹ ਦਿੱਤੀ।ਦਰਅਸਲ ਕਮੇਟੀ ਅਧੀਨ ਚਲਦੇ ਚਾਰੋ ਖਾਲਸਾ ਕਾਲਜਾਂ ਨੂੰ ਬੀਤੇ ਵਰ੍ਹੇ ਘਟਗਿਣਤੀ ਅਦਾਰਿਆਂ ਵੱਜੋਂ ਮਾਨਤਾ ਪ੍ਰਾਪਤ ਹੋਈ ਸੀ ਜਿਸਤੋਂ ਬਾਅਦ ਸਾਬਤ-ਸੂਰਤ ਸਿੱਖ ਵਿਦਿਆਰਥੀਆਂ ਲਈ 50 ਫੀਸਦੀ ਸੀਟਾਂ ਰਾਖਵੀਆਂ ਹੋ ਗਈਆਂ ਸਨ। ਇਸ ਲਈ ਵਿਦਿਆਰਥੀਆਂ ਨੂੰ ਦਾਖ਼ਲਾ ਪ੍ਰਕਿਰਿਆ ਦਾ ਵੱਧ ਤੋਂ ਵੱਧ ਫਾਇਦਾ ਚੁੱਕਣ ਦੀ ਪ੍ਰੇਰਣਾ ਦੇਣ ਲਈ ਮੇਲਾ ਲਗਾਇਆ ਗਿਆ ਸੀ। ਜੀ.ਕੇ. ਨੇ ਕਾਲਜਾਂ ਦਾ ਵਿਦਿਅਕ, ਸਭਿਆਚਾਰਕ, ਖੇਡ ਸਣੇ ਸਾਰੇ ਖੇਤਰਾਂ 'ਚ ਮਿਆਰ ਉੱਚਾ ਰਖਣ ਵਾਸਤੇ ਸਟਾਫ ਦਾ ਧੰਨਵਾਦ ਕਰਦੇ ਹੋਏ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਨੂੰ ਬਿਹਤਰ ਢਾਂਚੇ ਕਰਕੇ ਮਿਲੇ ਦਿੱਲੀ ਦੇ 1 ਨੰਬਰ ਕਾਲਜ ਦੇ ਖਿਤਾਬ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਜੀ.ਕੇ. ਨੇ ਵਿਦਿਆਰਥੀਆਂ ਨੂੰ ਦਾਖ਼ਲਾ ਫਾਰਮ ਭਰਨ ਵੇਲੇ ਗਲਤੀ ਨਾ ਕਰਨ ਦੀ ਹਿਦਾਇਤ ਦਿੰਦੇ ਹੋਏ ਸਾਰੇ ਵਿਸ਼ਿਆਂ 'ਤੇ ਨਿਸ਼ਾਨ ਲਗਾਉਣ ਦੀ ਪ੍ਰੇਰਨਾ ਕੀਤੀ। ਜੀ.ਕੇ. ਨੇ ਕਿਹਾ ਕਿ ਪਿੱਛਲੇ ਵਰ੍ਹੇ ਕਈ ਵਿਦਿਆਰਥੀਆਂ ਨੇ ਕਾਮਰਸ ਵਿਸ਼ੇ ਨੂੰ ਹੀ ਨਿਸ਼ਾਨ ਲਗਾ ਕੇ ਬੜੀ ਵੱਡੀ ਗਲਤੀ ਕੀਤੀ ਸੀ। ਕਿਉਂਕਿ ਸੀਟਾਂ ਦੀ ਘਾਟ ਕਾਰਨ ਉੱਚੀ ਕਟ ਆੱਫ ਤੇ ਹੀ ਕਾਮਰਸ ਦੀਆਂ ਸੀਟਾਂ ਖਤਮ ਹੋ ਗਈਆ ਸਨ। ਜਿਸ ਕਰਕੇ ਰਹਿ ਗਏ ਵਿਦਿਆਰਥੀਆਂ ਨੂੰ ਬਾਕੀ ਵਿਸ਼ਿਆ 'ਤੇ ਨਿਸ਼ਾਨ ਨਾ ਲਗਾਉਣ ਕਰਕੇ ਦਾਖ਼ਲਾ ਨਹੀਂ ਮਿਲ ਸਕਿਆ। ਘਟਗਿਣਤੀ ਅਦਾਰੇ ਵਾਸਤੇ ਕਮੇਟੀ ਵੱਲੋਂ ਲੜੀ ਗਈ ਕਾਨੂੰਨੀ ਅਤੇ ਸਿਆਸੀ ਲੜਾਈ ਦਾ ਜ਼ਿਕਰ ਕਰਦੇ ਹੋਏ ਜੀ.ਕੇ. ਨੇ ਸਿੱਖ ਬੱਚਿਆਂ ਨੂੰ ਮਿਲੇ ਦਾਖ਼ਲੇ ਦੇ ਰਾਖਵੇਂ ਹੱਕ ਨੂੰ ਕਮੇਟੀ ਦੀ ਵੱਡੀ ਪ੍ਰਾਪਤੀ ਦੱਸਿਆ। ਜੀ.ਕੇ. ਨੇ ਕਿਹਾ ਕਿ ਬੇਸ਼ਕ 1953 'ਚ ਦਿੱਲੀ ਵਿਖੇ ਖਾਲਸਾ ਕਾਲਜਾਂ ਦੀ ਲੜੀ ਦੀ ਸ਼ੁਰੂਆਤ ਹੋਈ ਸੀ ਪਰ ਅਸਲੀਅਤ 'ਚ 2016 'ਚ ਖਾਲਸਾ ਕਾਲਜ ਸਿਧਾਂਤਕ ਤੌਰ ਤੇ ਸੁਰਜੀਤ ਹੋਏ ਹਨ। ਭਾਰਤ ਦਾ ਇਹ ਅਜਿਹਾ ਇਕ ਮਾਤਰ ਕਾਲਜ ਹੈ ਜਿਸ ਵਿਚ ਫੋਰੇਂਸਿਕ ਸਾਇੰਸ ਵੀ ਪੜ੍ਹਾਈ ਕਰਵਾਈ ਜਾਂਦੀ

ਹੈ।ਘਟਗਿਣਤੀ ਸੀਟ ਤੇ ਦਾਖ਼ਲੇ ਲਈ ਕਮੇਟੀ ਵੱਲੋਂ ਜਾਰੀ ਕੀਤੇ ਜਾ ਰਹੇ ਸਿੱਖੀ ਦੇ ਪ੍ਰਮਾਣ-ਪੱਤਰ ਦੀ ਪ੍ਰਾਪਤੀ ਲਈ ਕਮੇਟੀ ਵੱਲੋਂ ਲਾਈਆਂ ਗਈਆਂ ਸ਼ਰਤਾਂ ਦਾ ਵੀ ਜੀ.ਕੇ. ਨੇ ਹਵਾਲਾ ਦਿੱਤਾ। ਸਿਰਫ ਸਾਬਤ-ਸੂਰਤ ਸਿੱਖ ਪਰਿਵਾਰਾਂ ਦੇ ਸੰਪੂਰਨ ਗੁਰਸਿੱਖ ਬੱਚਿਆਂ ਨੂੰ ਕਮੇਟੀ ਵੱਲੋਂ ਜਾਰੀ ਕੀਤੇ ਜਾ ਰਹੇ ਪ੍ਰਮਾਣ ਪੱਤਰ ਨੂੰ ਹਲਕੇ ਵਿਚ ਨਾ ਲੈਣ ਦੀ ਜੀ.ਕੇ. ਨੇ ਚੇਤਾਵਨੀ ਦਿੱਤੀ। ਜੀ.ਕੇ. ਨੇ ਕਿਹਾ ਕਿ ਜੇਕਰ 3 ਸਾਲ ਦੀ ਪੜ੍ਹਾਈ ਦੌਰਾਨ ਕਿਸੇ ਵੀ ਸਾਬਤ ਸੂਰਤ ਬੱਚੇ ਨੇ ਸਿੱਖੀ ਸਰੂਪ ਨੂੰ ਤਿਆਗਿਆ ਤਾਂ ਉਸਦਾ ਦਾਖ਼ਲਾ ਉਸੇ ਵੇਲੇ ਰੱਦ ਕਰਨ ਦਾ ਅਖਤਿਆਰ ਕਾਲਜ ਕੋਲ ਮੌਜੂਦ ਹੈ। ਜੇਕਰ ਤੁਸੀਂ ਕਾਲਜ ਸਿਰਫ਼ ਵਿਖਾਵੇ ਲਈ ਨਾ ਆ ਕੇ ਆਪਣੀ ਕਾਬਲੀਅਤ ਨੂੰ ਵਧਾਉਣ ਵਾਸਤੇ ਆਉਗੇ ਤਾਂ ਕੌਮ ਦਾ ਭਵਿੱਖ ਰੌਸ਼ਨ ਕਰਨ ਦਾ ਮਾਧਿਅਮ ਬਣੋਗੇ। ਅਸੀਂ ਸਿਰਫ ਸਹੂਲੀਅਤ ਦੇ ਸਕਦੇ ਹਾਂ ਪਰ ਮਿਹਨਤ ਤੁਸੀਂ ਕਰਨੀ ਹੈ। ਤੁਹਾਡੀ ਮਿਹਨਤ ਤੁਹਾਡਾ ਭਵਿੱਖ ਉਸਾਰਨ ਦੇ ਨਾਲ ਹੀ ਪਰਿਵਾਰ ਅਤੇ ਕੌਮ ਦਾ ਨਾਮ ਰੋਸ਼ਨ ਕਰੇਗੀ। ਜੀ.ਕੇ. ਨੇ ਚਾਰੋਂ ਕਾਲਜਾਂ ਵਾਸਤੇ ਸਿਰਫ ਇਕ ਹੀ ਪੋਰਟਲ ਦੇ ਆਪਣਾ ਨਾਂ ਰਜਿਸ਼ਟਰ ਕਰਾਉਣ ਦੀ ਵਿਦਿਆਰਥੀਆਂ ਨੂੰ ਅਪੀਲ ਕੀਤੀ। ਖਾਲਸਾ ਕਾਲਜ ਦੇ ਚੇਅਰਮੈਨ ਅਤੇ ਸਾਬਕਾ ਰਾਜ ਸਭਾ ਮੈਂਬਰ ਤ੍ਰਿਲੋਚਨ ਸਿੰਘ ਨੇ ਜੀ.ਕੇ. ਦੀ ਤਾਰੀਫ਼ ਕਰਦੇ ਹੋਏ ਕਿਹਾ ਕਿ ਕਮੇਟੀ ਨੇ ਕਾਲਜਾਂ ਨੂੰ ਘਟਗਿਣਤੀ ਅਦਾਰੇ ਦਾ ਦਰਜਾ ਦਿਵਾ ਕੇ ਹੁਣ ਅਸਲੀਅਤ 'ਚ ਖਾਲਸਾ ਕਾਲਜਾਂ ਦੇ ਸਿਧਾਂਤ ਦੀ ਰਾਖੀ ਕੀਤੀ ਹੈ। ਪਿਛਲੇ ਵਰ੍ਹੇ ਦੇ ਦਾਖਿਲੇ ਤੋਂ ਬਾਅਦ ਕਾਲਜਾਂ ਵਿਚ ਦਸਤਾਰਾਂ ਅਤੇ ਚੁੰਨੀਆਂ ਹੁਣ ਵੱਡੇ ਪੱਧਰ ਤੇ ਨਜ਼ਰ ਆਉਣ ਲਗ ਪਈਆਂ ਹਨ। ਉਨ੍ਹਾਂ ਆਸ ਜਤਾਈ ਕਿ ਖਾਲਸਾ ਕਾਲਜ ਸਿਰਫ ਨਾਂ ਕਰਕੇ ਹੀ ਖਾਲਸਾ ਕਾਲਜ ਨਹੀਂ ਰਹਿਣਗੇ ਸਗੋਂ ਅਗਲੇ 3 ਸਾਲਾਂ ਬਾਅਦ ਬਹੁਗਿਣਤੀ ਖਾਲਸੇ ਇੱਥੇ ਨਜ਼ਰ ਵੀ ਆਉਣਗੇ।

ਪੀਲੀਭੀਤ ਜੇਲ ਹਵਾਲਤੀ ਮੌਤਾਂ 'ਚ ਯੂ.ਪੀ. ਸਰਕਾਰ ਨੂੰ ਨੋਟਿਸ ਕੀਤਾ ਜਾਰੀ

ਨਵੀਂ ਦਿੱਲੀ(23 ਮਈ 2017): ਪੀਲੀਭੀਤ ਜੇਲ 'ਚ 1994 ਦੌਰਾਨ 7 ਸਿੱਖ ਕੈਦੀਆਂ ਦੀ ਮੌਤ ਦੇ ਆਰੋਪੀ 41 ਜੇਲ ਅਧਿਕਾਰੀਆਂ ਦੇ ਖਿਲਾਫ਼ ਕਾਨੂੰਨੀ ਸ਼ਿਕੰਜ਼ਾ ਕੱਸ ਗਿਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋਸ਼ੀਆਂ ਦੇ ਖਿਲਾਫ਼ ਮੁਕਦਮਾ ਚਲਾਉਣ ਦੀ ਮੰਗ ਨੂੰ ਲੈ ਕੇ ਅਲਾਹਾਬਾਦ ਹਾਈਕੋਰਟ 'ਚ ਚਲ ਰਹੇ ਕੇਸ 'ਚ ਅਦਾਲਤ ਨੇ ਯੂ.ਪੀ. ਸਰਕਾਰ ਨੂੰ ਇਸ ਸੰਬੰਧੀ ਨੋਟਿਸ ਜਾਰੀ ਕਰ ਜਵਾਬ ਦੇਣ ਦਾ ਆਦੇਸ਼ ਦੇ ਦਿੱਤਾ ਹੈ। ਦਰਅਸਲ 1984 ਦੌਰਾਨ ਜੇਲ 'ਚ 8-9 ਨਵੰਬਰ ਦੀ ਰਾਤ ਨੂੰ ਸਿੱਖ ਕੈਦੀਆਂ ਨਾਲ ਜੇਲ ਸੁਪਰਡੈਂਟ ਵਿੰਧਿਆਂਚਲ ਸਿੰਘ ਯਾਦਵ ਤੇ ਬਾਕੀ ਅਧਿਕਾਰੀਆਂ ਵੱਲੋਂ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਸੀ। ਜਿਸ ਕਰਕੇ 7 ਕੈਦੀਆਂ ਦੀ ਮੌਤ ਹੋ ਗਈ ਸੀ ਤੇ ਕਈ ਕੈਦੀਆਂ ਨੂੰ ਗੰਭੀਰ ਸੱਟਾਂ ਲਗੀਆਂ ਸਨ। ਪਰ 2007 'ਚ ਪੀਲੀਭੀਤ ਜਿਲਾ ਅਦਾਲਤ ਨੇ ਮੁਲਾਇਮ ਸਿੰਘ ਯਾਦਵ ਸਰਕਾਰ ਵੱਲੋਂ ਦੋਸ਼ੀ ਜੇਲ ਅਧਿਕਾਰੀਆਂ ਦੇ ਖਿਲਾਫ਼ ਮੁਕਦਮਾ ਵਾਪਸ ਲੈਣ ਦੀ ਲਗਾਈ ਗਈ ਅਰਜੀ ਨੂੰ ਮਨਜੂਰ ਕਰ ਲਿਆ ਸੀ। ਜਿਸਦੇ ਖਿਲਾਫ਼ ਗਵਾਹਾਂ ਨੂੰ ਨਾਲ ਲੈ ਕੇ ਦਿੱਲੀ ਕਮੇਟੀ ਵੱਲੋਂ ਪਹਿਲੇ ਸੁਪਰੀਮ ਕੋਰਟ ਵਿਚ ਕੇਸ ਦਾਖਿਲ ਕੀਤਾ ਗਿਆ ਸੀ। ਜਿਸ ਤੇ ਸੁਣਵਾਈ ਕਰਦੇ ਹੋਏ ਸੁਪਰੀਮ ਕੋਰਟ ਨੇ ਕਮੇਟੀ ਨੂੰ ਮਾਮਲੇ ਦੀ ਅਗਲੀ ਸੁਣਵਾਈ ਲਈ ਅਲਾਹਾਬਾਦ ਹਾਈ ਕੋਰਟ ਜਾਣ ਦਾ ਆਦੇਸ਼ ਦਿੱਤਾ ਸੀ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਕਮੇਟੀ ਦੇ ਕਾਨੂੰਨੀ ਵਿਭਾਗ ਦੇ ਮੁਖੀ ਜਸਵਿੰਦਰ ਸਿੰਘ ਜੌਲੀ ਨੇ ਦੱਸਿਆ ਕਿ ਜਸਟਿਸ ਰਮੇਸ਼ ਸਿਨਹਾ ਤੇ ਜਸਟਿਸ ਉਮੇਸ਼ ਚੰਦਰ ਸ੍ਰੀਵਾਸਤਵ ਦੀ ਬੈਂਚ ਨੇ ਯੂ.ਪੀ. ਸਰਕਾਰ ਨੂੰ ਇਸ ਮਸਲੇ 'ਤੇ ਜਵਾਬ ਦੇਣ ਲਈ ਨੋਟਿਸ ਜਾਰੀ ਕਰ ਦਿੱਤਾ ਹੈ। ਜਿਸ ਕਰਕੇ ਹੁਣ ਇਨਸਾਫ਼ ਮਿਲਣ ਦੀ ਆਸ ਵੱਧ ਗਈ ਹੈ। ਜੌਲੀ ਨੇ ਦੱਸਿਆ ਕਿ 41 ਦੋਸ਼ੀਆਂ ਵਿਚੋਂ 24 ਦੋਸ਼ੀਆਂ ਨੂੰ ਅੱਜੇ ਤਕ ਮੁਕਦਮੇ ਸੰਬੰਧੀ ਕਾਗਜ਼ਾਤ ਪਹੁੰਚੇ ਹਨ। ਜਿਸ ਕਰਕੇ ਅਦਾਲਤ ਵੱਲੋਂ ਅਗਲੀ ਸੁਣਵਾਈ 14 ਜੁਲਾਈ ਨੂੰ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਯੂ.ਪੀ. ਵਿਚ ਨਵੀਂ ਸਰਕਾਰ ਆਉਣ ਕਰਕੇ ਪੁਲਿਸ ਵਿਭਾਗ ਦੇ ਜਵਾਬ ਵਿਚ ਹੁਣ ਫਰਕ ਆਉਣ ਦੀ ਵੀ ਜੌਲੀ ਨੇ ਆਸ਼ ਜਤਾਈ। ਕਮੇਟੀ ਵੱਲੋਂ ਪੇਸ਼ ਹੋਏ ਐਡਵੋਕੇਟ ਗੁਰਬਖਸ਼ ਸਿੰਘ ਨੇ ਅਦਾਲਤ ਸਾਹਮਣੇ ਦਲੀਲਾਂ ਦਿੰਦੇ ਹੋਏ ਜੇਲ ਅਧਿਕਾਰੀਆਂ ਵੱਲੋਂ ਮਨੁੱਖੀ ਅਧਿਕਾਰਾਂ ਦੇ ਕੀਤੇ ਗਏ ਘਾਣ ਦਾ ਤੱਥਾਂ ਨਾਲ ਵੇਰਵਾ ਰੱਖਿਆ।

ਜਗਿਆਸੂ ਦਾ ਪ੍ਰੀਤਮ ਸਿੰਘ ਕਾਸਦ ਯਾਦਗਰੀ ਐਵਾਰਡ ਨਾਲ ਸਨਮਾਨ

ਸਪਤ-ਸਿੰਗ ਅੰਤਰ-ਰਾਸ਼ਟਰੀ ਪੰਜਾਬੀ ਕਵੀ ਸਭਾ, ਨਵੀਂ ਦਿੱਲੀ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਹਰਿਕ੍ਰਿਸ਼ਨ ਨਗਰ, ਨਵੀਂ ਦਿੱਲੀ ਵਿਖੇ ਸਾਲਾਨਾ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ, ਜਿਸ ਵਿੱਚ ਪੰਜਾਬੀ ਦੇ ਸ਼ਾਇਰ ਜੋਗਾ ਸਿੰਘ ਜਗਿਆਸੂ ਨੂੰ 8ਵੇਂ 'ਪ੍ਰੀਤਮ ਸਿੰਘ ਕਾਸਦ ਯਾਦਗਾਰੀ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਐਵਾਰਡ ਵਿੱਚ ਇਕਵੰਜਾ ਹਜ਼ਾਰ ਰੁਪਏ ਦੀ ਨਕਦ ਰਾਸ਼ੀ, ਸਨਮਾਨ ਚਿੰਨ੍ਹ, ਪ੍ਰਸੰਸਾ ਤੇ ਸਨਮਾਨ ਪੱਤਰ, ਦੁਸ਼ਾਲਾ ਆਦਿ ਵਸਤਾਂ ਸਨਮਾਨ ਦੇ ਪ੍ਰਤੀਕ ਵਜੋਂ ਸ਼ਾਮਿਲ ਸਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਕੁਲਮੋਹਣ ਸਿੰਘ ਨੇ ਜੋਗਾ ਸਿੰਘ ਜਗਿਆਸੂ ਨੂੰ ਇਹ ਐਵਾਰਡ ਭੇਟ ਕੀਤਾ।

ਕੈਪਟਨ ਨੇ ਸਿੱਖ ਕੌਮ ਦੇ ਕਾਤਿਲ ਦੇ ਭੋਗ ਵਿਚ ਜਾ ਸਿੱਖੀ ਰਵਾਇਤਾਂ ਦਾ ਘਾਣ ਕੀਤਾ

ਪੰਜਾਬ ਦੇ ਮੁਖਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਾਬਕਾ ਪੁਲਿਸ ਮੁਖੀ ਕੇ.ਪੀ.ਐਸ. ਗਿਲ ਦੇ ਭੋਗ ਤੇ ਜਾਣ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣਾ ਰੁੱਖ ਸਖ਼ਤ ਕਰ ਲਿਆ ਹੈ।ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਅਮਰਿੰਦਰ ਦੀ ਹਾਜ਼ਰੀ ਨੂੰ ਸਿੱਖਾਂ ਦੇ ਜਖ਼ਮਾਂ 'ਤੇ ਲੂਣ ਛਿੜਕਣ ਵੱਜੋਂ ਪ੍ਰਭਾਸ਼ਿਤ ਕੀਤਾ

ਹੈ। ਮੀਡੀਆ ਨੂੰ ਜਾਰੀ ਆਪਣੇ ਬਿਆਨ 'ਚ ਜੀ.ਕੇ. ਨੇ ਕਿਹਾ ਕਿ ਅਮਰਿੰਦਰ ਨੇ ਗਿਲ ਦੇ ਭੋਗ 'ਤੇ ਜਾ ਕੇ ਅਸਿੱਧੇ ਤਰੀਕੇ ਨਾਲ ਗਿਲ ਵੱਲੋਂ ਸਿੱਖ ਨੌਜਵਾਨਾਂ ਦੇ ਖ਼ੂਨ ਨਾਲ ਖੇਡੀ ਗਈ ਹੋਲੀ ਨੂੰ ਸਰਕਾਰੀ ਮਾਨਤਾ ਦੇ ਦਿੱਤੀ ਹੈ। ਜੀ.ਕੇ. ਨੇ ਕਿਹਾ ਕਿ ਸਿੱਖ ਕੌਮ ਗਿੱਲ ਨੂੰ ਅੱਜ ਵੀ ਆਪਣਾ ਕਾਤਿਲ ਮੰਨਦੀ ਹੈ। ਜਿਸ ਕਰਕੇ ਉਸਦੀ ਮੌਤ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਗਿਲ ਦੀ ਅੰਤਿਮ ਰਸਮਾਂ ਵਿਚ ਭਾਗ ਲੈਣ ਤੋਂ ਸਿੱਖਾਂ ਨੂੰ ਵਰਜਿਆਂ ਗਿਆ ਸੀ। ਪਰ ਅਮਰਿੰਦਰ ਨੇ ਕਾਂਸੀਟਿਊਸ਼ਨ ਕਲੱਬ 'ਚ ਭੋਗ ਸਮਾਗਮ ਤੇ ਜਾ ਕੇ ਸਿੱਖ ਕੌਮ ਦੀ ਭਾਵਨਾਵਾਂ ਨੂੰ ਅਨਦੇਖਾ ਕੀਤਾ ਹੈ। ਜੀ.ਕੇ. ਨੇ ਕਿਹਾ ਕਿ ਇਹੀ ਅਮਰਿੰਦਰ ਜੂਨ 1984 'ਚ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਤੋਂ ਬਾਅਦ ਕਾਂਗਰਸ ਪਾਰਟੀ ਨੂੰ ਕਾਤਿਲ ਜਮਾਤ ਦੱਸਦੇ ਹੋਏ ਕਾਂਗਰਸ ਨੂੰ ਅਲਵਿਦਾ ਕਹਿਕੇ ਆਪਣੇ ਆਪ ਨੂੰ ਪੰਥਕ ਦੱਸਣ ਦੇ ਦਗਮਜੇ ਮਾਰਦਾ ਸੀ। ਪਰ ਅਮਰਿੰਦਰ ਨੇ ਸਿੱਖ ਕੌਮ ਦੇ ਕਾਤਿਲ ਦੇ ਭੋਗ ਵਿਚ ਜਾ ਕੇ ਸਿੱਖੀ ਅਣਖ ਅਤੇ ਰਵਾਇਤਾ ਦਾ ਭੋਗ ਪਾ ਦਿੱਤਾ ਹੈ। ਜੀ.ਕੇ. ਨੇ ਸਾਫ਼ ਕਿਹਾ ਕਿ ਗਿਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 5 ਸਿੰਘ ਸਾਹਿਬਾਨਾ ਨੇ ਪੰਥ ਚੋਂ ਛੇਕਿਆ ਹੋਇਆ ਸੀ, ਇਸ ਕਰਕੇ ਅਮਰਿੰਦਰ ਨੇ ਕਿਤੇ ਨਾ ਕਿਤੇ ਤਖਤ ਸਾਹਿਬ ਦੇ ਵਕਾਰ ਨੂੰ ਵੀ ਚੁਨੌਤੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਮੁਖਮੰਤਰੀ ਬਣਨ ਉਪਰੰਤ ਅਮਰਿੰਦਰ ਸਰਕਾਰ ਵੱਲੋਂ ਲਏ ਗਏ ਕਈ ਫੈਸਲਿਆਂ ਦੀ ਵੀ ਜੀ.ਕੇ. ਨੇ ਨਿਖੇਧੀ ਕੀਤੀ। ਸਾਬਕਾ ਮੁਖਮੰਤਰੀ ਬੇਅੰਤ ਸਿੰਘ ਦੇ ਪੋਤਰੇ ਨੂੰ ਡੀ.ਐਸ.ਪੀ. ਲਗਾਉਣਾ, ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਯੂਨੀਵਰਸਿਟੀ ਬਣਾਉਣ ਦੀ ਮਿਲੀ ਮਾਨਤਾ ਨੂੰ ਰੱਦ ਕਰਨਾ ਅਤੇ ਪੰਜਾਬ ਸਰਕਾਰ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਵਿਰਾਸਤ-ਏ-ਖਾਲਸਾ ਨੂੰ ਚਿੱਟਾ ਹਾਥੀ ਦੱਸਣ ਨੂੰ ਜੀ.ਕੇ. ਨੇ ਪੰਜਾਬ ਸਰਕਾਰ ਵੱਲੋਂ ਸਿੱਖਾਂ ਨੂੰ ਚਿੜਾਉਣ ਵੱਜੋਂ ਦੱਸਿਆ। ਜੀ.ਕੇ. ਨੇ ਦਾਅਵਾ ਕੀਤਾ ਕਿ ਅਮਰਿੰਦਰ ਨੇ ਗਿਲ ਦੇ ਭੋਗ 'ਤੇ ਜਾ ਕੇ ਬੇਦੋਸ਼ੇ ਮਾਰੇ ਗਏ ਸਿੱਖ ਨੌਜਵਾਨਾਂ ਦੇ ਕਤਲ ਨੂੰ ਜਾਇਜ਼ ਸਾਬਿਤ ਕੀਤਾ ਹੈ। ਗਿਲ ਦੀਆਂ ਅੰਤਿਮ ਰਸਮਾਂ ਨਿਭਾਉਣ ਲਈ ਗੁਰਦੁਆਰਾ ਸਾਹਿਬ ਕੌਮ ਵੱਲੋਂ ਉਪਲਬਧ ਨਾ ਕਰਾਉਣ ਦੇ ਲਏ ਗਏ ਕੌਮੀ ਫੈਸਲੇ ਨੂੰ ਜੀ.ਕੇ. ਨੇ ਸਿੱਖੀ ਭੇਖ 'ਚ ਕੌਮ ਨਾਲ ਧਰੋਹ ਕਮਾਉਣ ਵਾਲੇ ਲੋਕਾਂ ਲਈ ਚੇਤਾਵਨੀ ਵੱਜੋਂ ਦੱਸਿਆ।

ਘੁਮੰਤਰੂ ਭਾਈਚਾਰੇ ਲੋਕਾਂ ਦੇ ਸਮਾਜਿਕ ਕਾਰਜਾਂ ਲਈ ਰਾਸ਼ੀ ਕੀਤੀ ਜਾਰੀ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਣਜਾਰਾ,ਲੁਬਾਣਾ ਅਤੇ ਸਿਕਲੀਗਰ ਭਾਈਚਾਰੇ ਦੇ ਲੋਕਾਂ ਨੂੰ ਸਿੱਖ ਪੰਥ ਦੀ ਮੁਖ ਧਾਰਾ ਨਾਲ ਜੋੜਨ ਲਈ ਕੀਤੇ ਜਾ ਰਹੇ ਜਤਨਾਂ 'ਚ ਹੋਰ ਵਾਧਾ ਹੋਇਆ ਹੈ। ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਆੱਲ ਇੰਡੀਆ ਘੁਮੰਤਰੂ ਜਾਤੀ ਸੰਸਕ੍ਰਿਤੀ ਸੋਧ ਸੰਸਥਾਨ ਦੇ ਮੁਖੀ ਦਿਲਰਾਜ ਵਣਜਾਰਾ ਨੂੰ ਕਮੇਟੀ ਵੱਲੋਂ ਉਕਤ ਭਾਈਚਾਰੇ ਦੇ ਲੋਕਾਂ ਦੇ ਸਮਾਜਿਕ ਕਾਰਜਾਂ ਲਈ ਚੈਕ ਤਕਸੀਮ ਕਰਦੇ ਹੋਏ ਗੁਰੂ ਸਾਹਿਬ ਦੇ ਸਮੇਂ ਤੋਂ ਪੰਥ ਦਾ ਹਿੱਸਾ ਰਹੇ ਭਾਈਚਾਰਿਆਂ ਨੂੰ ਹਰ ਪ੍ਰਕਾਰ ਦੀ ਮਦਦ ਕਰਨ ਦਾ ਭਰੋਸਾ ਦਿੱਤਾ। ਜੀ.ਕੇ. ਨੇ ਕਿਹਾ ਕਿ ਕਮੇਟੀ ਵੱਲੋਂ ਲਗਾਤਾਰ ਪੰਥ ਦਾ ਘੇਰਾ ਵੱਡਾ ਕਰਨ ਦੇ ਜਤਨ ਕੀਤੇ ਜਾ ਰਹੇ ਹਨ। ਜਿਸ ਕਰਕੇ ਸਿੱਖੀ ਤੋਂ ਦੂਰ ਜਾ ਚੁੱਕੇ ਕੌਮ ਦੇ ਰਿਵਾਇਤੀ ਭਾਈਚਾਰੇ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾ ਰਿਹਾ ਹੈ। ਬੀਤੇ ਦਿਨੀਂ ਸਿਕਲੀਗਰ ਭਾਈਚਾਰੇ ਦੇ ਲੋਕਾਂ ਨਾਲ ਮੱਧ ਪ੍ਰਦੇਸ਼ ਸਰਕਾਰ ਵੱਲੋਂ ਕੀਤੀ ਗਈ ਜਿਆਦਤੀ ਤੋਂ ਬਾਅਦ ਕਮੇਟੀ ਵੱਲੋਂ ਚੁੱਕੇ ਗਏ ਸਖ਼ਤ ਕਦਮਾਂ ਨੂੰ ਜੀ.ਕੇ. ਨੇ ਘੁਮੰਤਰੂ ਜਾਤੀ ਭਾਈਚਾਰੇ ਦੇ ਲੋਕਾਂ ਦੀ ਸੁਰੱਖਿਆ ਛੱਤਰੀ ਕਰਾਰ ਦਿੱਤਾ। ਜੀ.ਕੇ. ਨੇ ਕਿਹਾ ਕਿ ਦਿੱਲੀ ਕਮੇਟੀ ਉਕਤ ਭਾਈਚਾਰਿਆਂ ਨਾਲ ਤਨ, ਮਨ ਅਤੇ ਧਨ ਦੇ ਨਾਲ ਹਮੇਸ਼ਾ ਖੜੀ ਰਹੇਗੀ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਕੁਲਮੋਹਨ ਸਿੰਘ ਤੇ ਯਾਤਰਾ ਕਮੇਟੀ ਦੇ ਚੇਅਰਮੈਨ ਪਰਮਜੀਤ ਸਿੰਘ ਚੰਢੋਕ ਮੌਜੂਦ ਸਨ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਮਈ 2017 (ਆਮਦਨ ਭਾਗ)

ਖਾਤਾ	ਚੜ੍ਹਤ	ਪ੍ਰਸਾਦਿ	ਪਿੰਨੀ ਪ੍ਰਸਾਦਿ	ਲੰਗਰ	ਪਾਠ	ਸ਼ਬਦ ਭੇਟ	ਇਮਾਰਤ	ਕਿਊ.ਐਮ.ਸੀ.	ਫੁਟਕਲ	ਜੋੜ
ਗੁਰਦੁਆਰਾ ਸੀਸ ਗੰਜ ਸਾਹਿਬ	14397108.00	3828166.00	---	1373799.00	882300.00	---	---	22500.00	803110.00	21306983.00
ਗੁਰਦੁਆਰਾ ਬੰਗਲਾ ਸਾਹਿਬ	26571300.00	10263662.00	---	6653774.00	1518800.00	---	---	---	1329800.00	46337336.00
ਗੁਰਦੁਆਰਾ ਰਕਾਬ ਗੰਜ ਸਾਹਿਬ	1602100.00	894738.00	---	831899.00	130649.00	---	106000.00	26972.00	289390.00	3881748.00
ਗੁਰਦੁਆਰਾ ਨਾਨਕ ਪਿਆਉ ਸਾਹਿਬ	2614143.00	1047255.00	---	452263.00	260100.00	---	---	16299.00	48600.00	4438660.00
ਗੁਰਦੁਆਰਾ ਬਾਲਾ ਸਾਹਿਬ	497505.00	313996.00	---	72786.00	71400.00	---	1000.00	14500.00	---	971187.00
ਗੁਰਦੁਆਰਾ ਦਮਦਮਾ ਸਾਹਿਬ	239800.00	148766.00	---	141508.00	40800.00	---	37100.00	2307.00	75000.00	685281.00
ਗੁਰਦੁਆਰਾ ਮਜਨੂੰ ਟਿੱਲਾ ਸਾਹਿਬ	579335.00	330756.00	---	152560.00	62200.00	---	5100.00	10130.00	77300.00	1217381.00
ਗੁਰਦੁਆਰਾ ਮਾਤਾ ਸੁੰਦਰੀ ਜੀ	410376.00	26114.00	---	42205.00	15300.00	---	---	12500.00	---	506495.00
ਗੁਰਦੁਆਰਾ ਮੋਤੀ ਬਾਗ ਸਾਹਿਬ	1709472.00	513120.00	---	455058.00	122400.00	---	---	7600.00	84500.00	2892150.00
ਗੁਰਦੁਆਰਾ ਦਰੀਆ ਗੰਜ	---	---	---	---	---	---	---	550.00	---	550.00
ਗੁਰਦੁਆਰਾ ਢੱਕਾ ਧੀਰਪੁਰ	1777.00	2701.00	---	---	---	---	5100.00	780.00	---	10358.00
ਗੁਰਦੁਆਰਾ ਕਰੋਲ ਬਾਗ	---	7400.00	---	7520.00	---	---	---	1455.00	---	16375.00
ਗੁਰਦੁਆਰਾ ਬਦਰਪੁਰ	---	5260.00	---	4873.00	---	---	---	875.00	---	11008.00
ਗੁਰਦੁਆਰਾ ਬੰਦਾ ਸਿੰਘ ਬਹਾਦਰ ਜੀ	---	3328.00	---	15706.00	25500.00	---	---	645.00	---	45179.00
ਗੁਰਦੁਆਰਾ ਭਾਈ ਲਾਲੋ ਜੀ	6331.00	7401.00	---	18226.00	25500.00	---	---	690.00	---	58148.00
ਗੁਰਦੁਆਰਾ ਰਣਜੀਤ ਨਗਰ	2385.00	7200.00	---	8300.00	---	---	9500.00	750.00	---	28135.00
ਗੁਰਦੁਆਰਾ ਪਹਾੜੀ ਧੀਰਜ / ਪਿੱਪਲ ਮਹਾਂਦੇਵ	---	---	---	---	---	---	---	250.00	450.00	700.00
ਹਰੀ ਨਗਰ ਡਿਸਪੈਂਸਰੀ	---	---	---	---	---	---	---	---	169670.00	169670.00
ਗੁਰਦੁਆਰਾ ਸੀਸ ਗੰਜ ਡਿਸਪੈਂਸਰੀ	---	---	---	---	---	---	---	---	18475.00	18475.00
ਗੁਰਦੁਆਰਾ ਬੰਗਲਾ ਸਾਹਿਬ ਹਸਪਤਾਲ	---	---	---	---	---	---	---	---	98788.00	98788.00
ਡਿਸਪੈਂਸਰੀ ਰਮੇਸ਼ ਨਗਰ	---	---	---	---	---	---	---	---	20220.00	20220.00
ਗੁਰੂ ਨਾਨਕ ਪੋਲੀਕਲੀਨਿਕ, ਗੁਰਦੁਆਰਾ ਨਾਨਕ ਪਿਆਓ	---	---	---	---	---	---	---	---	282182.00	282182.00
ਪਿੰਨੀ ਪ੍ਰਸ਼ਾਦਿ	---	---	524000.00	---	---	---	---	---	---	524000.00
ਸ਼ਬਦ ਭੇਟ	---	---	---	---	---	169250.00	---	---	---	169250.00
ਜਾਇਦਾਦ ਉਤਮ ਨਗਰ, ਮਹਾਵੀਰ ਨਗਰ, ਰਾਜ ਨਗਰ, ਪਾਲਮ, ਸਰਿਤਾ ਵਿਹਾਰ, ਝੰਡੇਵਾਲਾਨ, ਗੁ. ਬੈਕੁੰਠ ਧਾਮ, ਗੁ: ਮੰਗੋਲ ਪੁਰੀ	---			---	---	---	---	---	52942.00	52942.00
ਜਾਇਦਾਦ ਬੀਘੜ, ਅੰਮ੍ਰਿਤਸਰ, ਸ੍ਰੀ ਹਜ਼ੂਰ ਸਾਹਿਬ ਨਾਂਦੇੜ, ਗੁਰਦੁਆਰਾ ਸੀਸ ਗੰਜ ਸਾਹਿਬ, ਗੁ: ਮੋਰੀ ਗੇਟ	---			---	---	---	---	---	595327.00	595327.00
ਪ੍ਰੋਪਰਟੀ ਦੁਕਾਨ ਓਲਡ ਮਹਾਂਵੀਰ ਨਗਰ	---	---	---	---	---	---	---	---	4000.00	4000.00
ਗੁਰਦੁਆਰਾ ਅਤੇ ਹੋਰ	---	---	---	---	---	---	---	---	1641600.00	1641600.00
ਜੁਰਮਾਨਾ	---	---	---	---	---	---	---	---	16200.00	16200.00
ਪ੍ਰਚਾਰ ਸੀਸ ਗੰਜ	---	---	---	---	---	---	---	---	3085.00	3085.00
ਸੂਦ	---	---	---	---	---	---	---	---	76250.00	76250.00
ਸਟਾਫ ਅਬਰੋਡ ਰਿਟਰਨ	---	---	---	---	---	---	---	---	128000.00	128000.00
ਆਫਿਸ ਫੁਟਕਲ	---	---	---	---	---	---	---	---	10005.00	10005.00
ਐਜੂਕੇਸ਼ਨ ਫੰਡ	---	---	---	---	---	---	---	---	882700.00	882700.00
ਡਿਸਪੈਂਸਰੀ ਹਰਗੋਬਿੰਦ ਇਨਕਲੇਵ	---	---	---	---	---	---	---	---	15950.00	15950.00
ਡਿਸਪੈਂਸਰੀ ਪੰਜਾਬੀ ਬਾਗ	---	---	---	---	---	---	---	---	2640.00	2640.00
ਬਾਲਾ ਸਾਹਿਬ ਹਸਪਤਾਲ	---	---	---	---	---	---	---	---	65000.00	65000.00
ਗੁਰੂ ਨਾਨਕ ਸੁਖਸ਼ਾਲਾ	---	---	---	16773.00	---	---	---	---	28933.00	28933.00
ਗੁਰਪੁਰਬ ਫੁਟਕਲ	---	---	---	---	---	---	---	---	---	16773.00
ਗੁਰਦੁਆਰਾ ਜੈਤਪੁਰ ਫੁਟਕਲ	---	---	---	---	---	---	---	---	16.00	16.00
ਪ੍ਰਚਾਰ ਕਥਾ ਭੇਟਾ	---	---	---	---	---	---	---	---	500.00	500.00
ਪ੍ਰਚਾਰ ਫੁਟਕਲ	---	---	---	---	---	---	---	---	30000.00	30000.00
ਹਜ਼ੂਰ ਸਾਹਿਬ ਸਰਾਂ	---	---	---	---	---	---	---	---	101750.00	101750.00
ਆਈ.ਟੀ.ਸੀ. ਤਿਲਕ ਨਗਰ	---	---	---	---	---	---	---	---	26500.00	26500.00
ਪ੍ਰੋਪਰਟੀ ਬੀਘੜ	---	---	---	---	---	---	---	---	606325.00	606325.00
1984 ਸਿੱਖ ਕਤਲੇਆਮ ਯਾਦਗਾਰ	---	---	---	---	---	---	---	---	7250.00	7250.00
ਜੋੜ : ਮਈ 2017	48631632.00	17399863.00	524000.00	10247250.00	3154949.00	169250.00	163800.00	118803.00	7592458.00	88002005.00
ਅਪ੍ਰੈਲ 2017	53146425.00	13663817.00	357400.00	13160173.59	2850900.00	89050.00	12900.00	115981.00	8601163.00	92046148.59
ਅਪ੍ਰੈਲ 2017 ਤੋਂ ਮਈ 2017	101778057.00	31063680.00	881400.00	23407423.59	6005849.00	258300.00	176700.00	234784.00	16193621.00	180048153.59

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਮਈ 2017 (ਖਰਚ ਭਾਗ)

ਖਾਤਾ	ਪਿੰਨੀ ਪ੍ਰਸ਼ਾਦਿ	ਪ੍ਰਸ਼ਾਦਿ	ਲੰਗਰ	ਪਾਠ	ਬਿਲਡਿੰਗ	ਤਨਖਾਹ	ਬਿਜਲੀ ਤੇ ਪਾਣੀ	ਟੈਲੀਫੋਨ	ਇਮਾ. ਮੁਰੰਮਤ	ਫੁਟਕਲ	ਜੋੜ
ਗੁਰਦੁਆਰਾ ਸੀਸ ਗੰਜ ਸਾਹਿਬ	---	7026970.00	4358940.00	706553.00	78703.00	---	1333275.00	3567.00	---	905847.00	14413855.00
ਗੁਰਦੁਆਰਾ ਬੰਗਲਾ ਸਾਹਿਬ	---	4756255.00	7192663.00	2132892.00	1361418.00	---	53371.00	7142.00	---	1396647.00	16900388.00
ਗੁਰਦੁਆਰਾ ਰਕਾਬ ਗੰਜ ਸਾਹਿਬ	---	438895.00	1685261.00	142400.00	443396.00	---	1299691.00	---	---	685422.00	4695065.00
ਗੁਰਦੁਆਰਾ ਨਾਨਕ ਪਿਆਉ ਸਾਹਿਬ	---	268745.00	1148236.00	92584.00	50463.00	---	939020.00	2210.00	---	466332.00	2967590.00
ਗੁਰਦੁਆਰਾ ਬਾਲਾ ਸਾਹਿਬ	---	240803.00	861425.00	69184.00	88125.00	---	486628.00	1545.00	---	260025.00	2007735.00
ਗੁਰਦੁਆਰਾ ਦਮਦਮਾ ਸਾਹਿਬ	---	48100.00	107758.00	16861.00	211258.00	---	107297.00	650.00	---	229414.00	721338.00
ਗੁਰਦੁਆਰਾ ਮਜਨੂੰ ਟਿੱਲਾ	---	203598.00	495321.00	45276.00	5865.00	---	180120.00	959.00	---	466048.00	1397187.00
ਗੁਰਦੁਆਰਾ ਮਾਤਾ ਸੁੰਦਰੀ ਜੀ	---	56220.00	183993.00	10800.00	12276.00	---	85990.00	650.00	---	54440.00	404369.00
ਗੁਰਦੁਆਰਾ ਮੋਤੀ ਬਾਗ	---	221974.00	1143487.00	58707.00	---	---	295417.00	966.00	---	229994.00	1950545.00
ਗੁਰਦੁਆਰਾ ਦਰੀਆ ਗੰਜ	---	13930.00	15474.00	---	---	---	6670.00	---	---	10733.00	46807.00
ਗੁਰਦੁਆਰਾ ਢੱਕਾ ਧੀਰਪੁਰ	---	67500.00	136722.00	---	---	---	20420.00	---	---	900.00	225542.00
ਗੁਰਦੁਆਰਾ ਕਰੋਲ ਬਾਗ	---	40500.00	44175.00	18000.00	---	---	65200.00	650.00	---	28000.00	196525.00
ਗੁਰਦੁਆਰਾ ਬਦਰਪੁਰ	---	---	19091.00	3650.00	---	---	2570.00	1777.00	---	104083.00	131171.00
ਗੁਰਦੁਆਰਾ ਬੰਦਾ ਸਿੰਘ ਬਹਾਦਰ ਜੀ	---	---	16370.00	7200.00	25564.00	---	13090.00	---	---	131845.00	194069.00
ਗੁਰਦੁਆਰਾ ਭਾਈ ਲਾਲੋ ਜੀ	---	---	---	46800.00	---	---	37550.00	---	---	37800.00	122150.00
ਗੁਰਦੁਆਰਾ ਰਣਜੀਤ ਨਗਰ	---	---	5320.00	---	---	---	19220.00	---	---	56017.00	80557.00
ਗੁਰਪੁਰਬ ਫੁਟਕਲ ਖਰਚੇ	---	---	---	---	---	---	---	---	---	3234931.00	3234931.00
ਡਿਸਪੈਂਸਰੀ ਜੀ.ਐਚ.ਕੇ. ਹਰਿਗੋਬਿੰਦ ਐਨਕਲੇਵ	---	---	---	---	---	---	---	---	---	14810.00	14810.00
ਡਿਸਪੈਂਸਰੀ ਹਰੀ ਨਗਰ	---	---	---	---	---	---	---	---	---	25467.00	25467.00
ਡਿਸਪੈਂਸਰੀ ਰਮੇਸ਼ ਨਗਰ	---	---	---	---	---	---	---	---	---	66579.00	66579.00
ਗੁਰਦੁਆਰਾ ਬਾਲਾ ਸਾਹਿਬ ਹਸਪਤਾਲ	---	---	---	---	---	---	---	---	---	62209.00	62209.00
ਗੁਰਦੁਆਰਾ ਬੰਗਲਾ ਸਾਹਿਬ ਹਸਪਤਾਲ	---	---	---	---	---	---	---	---	---	118478.00	118478.00
ਗੁਰੂ ਨਾਨਕ ਹਸਪਤਾਲ, ਗੁ. ਨਾਨਕ ਪਿਆਉ	---	---	---	---	---	---	---	---	---	214645.00	214645.00
ਗ੍ਰੈਚੁਟੀ	---	---	---	---	---	---	---	---	---	810719.00	810719.00
ਕੰਪਿਊਟਰ ਸਾਫਟਵੇਅਰ ਅਤੇ ਹਾਰਡਵੇਅਰ ਫੁਟਕਲ	---	---	---	---	---	---	---	---	---	186755.00	186755.00
ਰਾਗੀ ਭੇਟਾ	---	---	---	---	---	---	---	---	---	360165.00	360165.00
ਸਟਾਫ ਵਰਦੀਆਂ	---	---	---	---	---	---	---	---	---	17876.00	17876.00
ਗੁਰੂ ਨਾਨਕ ਸੁਖਸ਼ਾਲਾ, ਰਜਿੰਦਰ ਨਗਰ	---	---	---	---	---	---	---	---	---	70790.00	70790.00
300 ਸਾਲਾ ਸ਼ਹੀਦੀ ਸ਼ਤਾਬਦੀ ਬਾਬਾ ਬੰਦਾ ਸਿੰਘ ਬਹਾਦਰ	---	---	---	---	---	---	---	---	---	75660.00	75660.00
ਗੁਰਮਤਿ ਕਾਲਜ ਗੁਰਦੁਆਰਾ ਮਾਤਾ ਸੁੰਦਰੀ ਜੀ	---	---	---	---	---	---	---	---	---	213378.00	213378.00
ਸਹਾਇਤਾ	---	---	---	---	---	---	---	---	---	5407969.00	5407969.00
ਲੀਗਲ ਚਾਰਜ	---	---	---	---	---	---	---	---	---	1120086.00	1120086.00
ਐਜੂਕੈਸ਼ਨ ਕੌਂਸਿਲ	---	---	---	---	---	---	---	---	---	637013.00	637013.00
ਪੈਟਰੋਲ, ਡੀਜ਼ਲ ਅਤੇ ਸੀ.ਐਨ.ਜੀ.	---	---	---	---	---	---	---	---	---	37215.00	37215.00

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਮਈ 2017 (ਖਰਚ ਭਾਗ)

ਖਾਤਾ	ਪਿੰਨੀ ਪ੍ਰਸ਼ਾਦਿ	ਪ੍ਰਸ਼ਾਦਿ	ਲੰਗਰ	ਪਾਠ	ਬਿਲਡਿੰਗ	ਤਨਖਾਹ	ਬਿਜਲੀ ਤੇ ਪਾਣੀ	ਟੈਲੀਫੋਨ	ਇਮਾ. ਮੁਰੰਮਤ	ਫੁਟਕਲ	ਜੋੜ
ਪਿੰਨੀ ਪ੍ਰਸ਼ਾਦਿ	336180.00	---	---	---	---	---	---	---	---	---	336180.00
ਪ੍ਰਿੰਟਿੰਗ ਪ੍ਰੈਸ ਫੁਟਕਲ	---	---	---	---	---	---	---	---	---	45181.00	45181.00
ਮੁਰੰਮਤ ਗੁਰਦੁਆਰੇ	---	---	---	---	---	---	---	---	---	63432.00	63432.00
ਮੁਰੰਮਤ ਅਤੇ ਰੱਖ-ਰਖਾਵ ਗੱਡੀਆਂ	---	---	---	---	---	---	---	---	---	233099.00	233099.00
ਜਾਇਦਾਦ ਗੁਰਦੁਆਰਾ ਮੰਗੋਲ ਪੁਰੀ	---	---	---	---	---	---	---	---	---	33216.00	33216.00
ਐਡਵਰਟਾਈਜ਼ਮੈਂਟ	---	---	---	---	---	---	---	---	---	193064.00	193064.00
ਸਕੋਲਰਸ਼ਿਪ	---	---	---	---	---	---	---	---	---	---	---
ਆਫਿਸ ਖਰਚੇ ਅਤੇ ਤਨਖਾਹ	---	---	---	---	---	27756383.00	---	61452.00	---	1728795.00	29546630.00
ਪ੍ਰਚਾਰ ਫੁਟਕਲ	---	---	---	---	---	---	---	---	---	5937317.00	5937317.00
ਪ੍ਰਚਾਰ ਅਲਵਰ	---	---	---	---	---	---	---	---	---	29342.00	29342.00
ਪ੍ਰਚਾਰ ਕਿਤਾਬਾਂ	---	---	---	---	---	---	---	---	---	49101.00	49101.00
ਸਟਾਫ ਸਗਨ ਸਕੀਮ	---	---	---	---	---	---	---	---	---	62000.00	62000.00
ਪ੍ਰੋਵੀਡੈਂਟ ਫੰਡ	---	---	---	---	---	---	---	---	---	275050.00	275050.00
ਪ੍ਰਚਾਰ ਸੀਸ ਗੰਜ	---	---	---	---	---	---	---	---	---	7661.00	7661.00
ਪ੍ਰੋਪਰਟੀ ਅੰਮ੍ਰਿਤਸਰ (ਪੰਜਾਬ)	---	---	---	---	---	---	---	---	---	748589.00	748589.00
ਪ੍ਰੋਪਰਟੀ ਝੰਡੇਵਾਲਾ	---	---	---	---	---	---	---	---	---	3800.00	3800.00
ਪ੍ਰੋਪਰਟੀ ਰਾਜ ਨਗਰ, ਪਾਲਮ	---	---	---	---	---	---	---	---	---	54335.00	54335.00
ਗੁਰਦੁਆਰਾ ਬੈਕੁੰਠ ਧਾਮ, ਪੰਜਾਬ ਖੋੜ	---	---	---	---	---	---	---	---	---	5480.00	5480.00
ਪ੍ਰਾਪਰਟੀ ਮਿਲਾਪ ਨਗਰ/ਉਤਮ ਨਗਰ	---	---	---	---	---	---	---	---	---	41766.00	41766.00
ਲੀਵ ਅਤੇ ਕੈਸ਼ ਪੇਡ ਅਕਾਊਂਟ	---	---	---	---	---	---	---	---	---	329933.00	329933.00
ਗੱਡੀਆਂ, ਕਾਰ, ਬੱਸ, ਸਵਰਾਜ ਮਾਜਦਾ ਟੈਂਪੂ	---	---	---	---	---	---	---	---	---	33461.00	33461.00
ਫਰਨੀਚਰ ਅਤੇ ਫਿਕਸਚਰ	---	---	---	---	---	---	---	---	---	94985.00	94985.00
ਜ਼ਮੀਨ ਗੁਰਮਤਿ ਪ੍ਰਚਾਰ, ਮੋਰੀ ਗੇਟ	---	---	---	---	---	---	---	---	---	62323.00	62323.00
ਆਈ.ਟੀ.ਸੀ. ਬਦਰਪੁਰ	---	---	---	---	---	---	---	---	---	17690.00	17690.00
ਵਸਤੂਆਂ ਫੁਟਕਲ	---	---	---	---	---	---	---	---	---	978191.00	978191.00
ਸਕੂਲ/ਕਾਲਜ ਬਿਲਡਿੰਗ ਅਕਾਊਂਟ	---	---	---	---	---	---	---	---	---	---	---
ਸਕੂਲ/ਕਾਲਜ ਫੁਟਕਲ ਅਕਾਊਂਟ	---	---	---	---	---	---	---	---	---	849332.00	849332.00
ਸਕੂਲ/ਕਾਲਜ ਡੈਫੀਸੀਏਟ	---	---	---	---	---	---	---	---	---	1307710.00	1307710.00
ਐਸ.ਜੀ.ਐਚ.ਆਈ.ਟੀ. ਸੈਂਟਰ ਤਿਲਕ ਨਗਰ	---	---	---	---	---	---	---	---	---	219706.00	219706.00
ਟੀ.ਏ.ਡੀ.ਏ.	---	---	---	---	---	---	---	---	---	61500.00	61500.00
ਪੁਸਤਕ ਪ੍ਰਦਰਸ਼ਨੀ	---	---	---	---	---	---	---	---	---	---	---
ਭਾਈ ਘਨ੍ਹਈਆ ਇੰਸਟੀਚਿਊਟ	---	---	---	---	---	---	---	---	---	55800.00	55800.00
ਗੁਰਦੁਆਰਾ ਅਤੇ ਹੋਰ	---	---	---	---	---	---	---	---	---	69595.00	69595.00
ਬੈਂਕ ਚਾਰਜਿਸ	---	---	---	---	---	---	---	---	---	---	---

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਮਈ 2017 (ਖਰਚ ਭਾਗ)

ਖਾਤਾ	ਪਿੰਨੀ ਪ੍ਰਸ਼ਾਦਿ	ਪ੍ਰਸ਼ਾਦਿ	ਲੰਗਰ	ਪਾਠ	ਬਿਲਡਿੰਗ	ਤਨਖਾਹ	ਬਿਜਲੀ ਤੇ ਪਾਣੀ	ਟੈਲੀਫੋਨ	ਇਮਾ. ਮੁਰੰਮਤ	ਫੁਟਕਲ	ਜੋੜ
ਫਤਿਹ ਮਾਰਚ	---	---	---	---	---	---	---	---	---	2391406.00	2391406.00
ਕਨਵੈਂਨਸ (ਰਾਗੀਆਂ)	---	---	---	---	---	---	---	---	---	---	---
ਆਫਿਸ ਸਟੇਸ਼ਨਰੀ	---	---	---	---	---	---	---	---	---	18958.00	18958.00
ਹਾਲ ਬੁਕਿੰਗ, ਗੁਰਦੁਆਰਾ ਰਕਾਬ ਗੰਜ ਸਾਹਿਬ	---	---	---	---	---	---	---	---	---	---	---
ਪ੍ਰੋਪਰਟੀ ਬੀਘੜ	---	---	---	---	---	---	---	---	---	55954.00	55954.00
1984 ਦੰਗਾ ਪੀੜ੍ਹਤ	---	---	---	---	---	---	---	---	---	---	---
ਆਡਿਟ ਫੀਸ	---	---	---	---	---	---	---	---	---	287500.00	287500.00
ਗੁਰਬਾਣੀ ਸੰਗੀਤ ਅਕੈਡਮੀ	---	---	---	---	---	---	---	---	---	---	---
ਮੋਟਰ ਇੰਸੋਰੈਂਸ	---	---	---	---	---	---	---	---	---	3408.00	3408.00
ਗੁਰਦੁਆਰਾ ਸਰਿਤਾ ਵਿਹਾਰ	---	---	---	---	---	---	---	---	---	---	---
ਗੁਰਦੁਆਰਾ ਜੈਤ ਪੁਰ	---	---	---	---	1568.00	---	---	---	---	---	1568.00
ਡਿਸਪੈਂਸਰੀ ਸੀਸ ਗੰਜ	---	---	---	---	---	---	---	---	---	23682.00	23682.00
ਪ੍ਰੋਪਰਟੀ ਨਾਂਦੇੜ	---	---	---	---	---	---	---	---	---	101750.00	101750.00
ਸ੍ਰੀ ਅਨੰਦਪੁਰ ਵਾਈਟ ਵਾਸ	---	---	---	---	---	---	---	---	---	---	---
ਸੂਦ	---	---	---	---	---	---	---	---	---	1170.00	1170.00
ਜਸਟਿਸ ਉਂਕਾਰ ਸਿੰਘ ਲਾਅ ਟਰੱਸਟ	---	---	---	---	---	---	---	---	---	650.00	650.00
ਪਾਠ ਬੋਧ ਸਮਾਗਮ	---	---	---	---	---	---	---	---	---	---	---
ਸਟਾਫ ਇੰਸੋਰੈਂਸ ਐਕਸੀਡੈਂਟਲ	---	---	---	---	---	---	---	---	---	---	---
ਵੈਬਸਾਈਟ (ਡੀ.ਐਸ.ਜੀ.ਐਮ.ਸੀ.) ਫੁਟਕਲ	---	---	---	---	---	---	---	---	---	12840.00	12840.00
ਗੁਰਦੁਆਰਾ ਰਕਾਬ ਗੰਜ ਸਾਹਿਬ ਕਨਸਟਰੈਕਸ਼ਨ ਅਤੇ ਡਿਵੈਲਮੈਂਟ		---	---	---	---	---	---	---	---	---	---
ਐਲ.ਟੀ.ਸੀ.	---	---	---	---	---	---	---	---	---	9660.00	9660.00
ਕੈਰੀਅਰ ਗਾਇਡੈਂਸ ਕੈਂਪ	---	---	---	---	---	---	---	---	---	184978.00	184978.00
ਬਾਬਾ ਬਘੇਲ ਸਿੰਘ ਮਿਊਜ਼ਿਅਮ	---	---	---	---	---	---	---	---	---	1314.00	1314.00
ਗੁਰੂ ਲਾਧੋ ਰੇ ਵਣਜਾਰਾ ਸਮਾਜ ਫੁਟਕਲ	---	---	---	---	---	---	---	---	---	33000.00	33000.00
350ਵਾਂ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ	---	---	---	---	---	---	---	---	---	772316.00	772316.00
ਆਈ.ਟੀ.ਆਈ ਮੰਗੋਲਪੁਰੀ	---	---	---	---	---	---	---	---	---	131621.00	131621.00
ਗੁਰਦੁਆਰਾ ਆਰ. ਕੇ. ਪੁਰਮ	---	---	---	---	---	---	6860.00	---	---	---	6860.00
ਨਵੰਬਰ 1984 ਸਿੱਖ ਕਤਲੇਆਮ ਮੈਮੋਰੀਅਲ (ਫੁਟਕਲ)	---	---	---	---	---	---	---	---	---	110155.00	110155.00
ਪ੍ਰੋਪਰਟੀ ਸਰਾਂਏ ਝੁਲਾਨਾ (ਫੁਟਕਲ)	---	---	---	---	---	----	---	---	---	21160.00	21160.00
ਜੋੜ : ਮਈ 2017	336180.00	13383490.00	17414236.00	3350907.00	2278636.00	27756383.00	4952389.00	81568.00	0.00	35491268.00	105045057.00
ਅਪ੍ਰੈਲ 2017	308000.00	4524880.00	13342030.00	3552919.00	5620385.00	28018291.00	4344015.50	187486.00	0.00	33726092.50	93914499.00
ਅਪ੍ਰੈਲ 2017 ਤੋਂ ਮਈ 2017	644180.00	17908370.00	30756266.00	6903826.00	7899021.00	55774674.00	9296404.50	269054.00	0.00	69217360.50	198959556.00

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਅਜਮੇਰ ਸਿੰਘ ਚੀਫ ਐਡਮਨਿਸਟ੍ਰੇਟਰ, ਪ੍ਰਿੰਟਰ ਤੇ ਪਬਲੀਸ਼ਰ ਨੇ ਗੁਰ ਉਪਦੇਸ਼ ਪ੍ਰਿੰਟਰਜ਼, ਗੁਰੂ ਗ੍ਰੰਥ ਸਾਹਿਬ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ ਤੋਂ ਕੰਪੋਜ਼ ਕਰਵਾ ਅਤੇ ਛਪਵਾ ਕੇ ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-110001 ਤੋਂ ਪ੍ਰਕਾਸ਼ਤ ਕੀਤਾ।

ਸ਼ਹੀਦ ਊਧਮ ਸਿੰਘ

ਸ੍ਰ: ਊਧਮ ਸਿੰਘ ਅਜੇ ਤਿੰਨ ਸਾਲ ਦਾ ਬਾਲਕ ਹੀ ਸੀ ਕਿ ਉਸਦੇ ਮਾਤਾ ਜੀ ਅਕਾਲ ਚਲਾਣਾ ਕਰ ਗਏ। ਫਿਰ ਛੋਟੇ ਹੁੰਦਿਆਂ ਹੀ ਪਿਤਾ ਟਹਿਲ ਸਿੰਘ ਦਾ ਛਾਇਆ ਵੀ ਸਿਰ ਤੋਂ ਉਠ ਗਿਆ। ਹੁਣ ਊਧਮ ਸਿੰਘ ਤੇ ਉਸਦਾ ਭਰਾ ਬਚਪਨ ਵਿੱਚ ਹੀ ਯਤੀਮ ਹੋ ਗਏ। ਦੋਹਾਂ ਭਰਾਵਾਂ ਨੂੰ ਅੰਮ੍ਰਿਤਸਰ ਦੇ ਪੁਤਲੀਘਰ ਦੇ ਯਤੀਮਖਾਨੇ ਵਿੱਚ 24 ਅਕਤੂਬਰ 1907 ਨੂੰ ਭਰਤੀ ਕਰਵਾ ਦਿੱਤਾ ਗਿਆ। ਇਥੇ ਹੀ ਦਸਵੀਂ ਜਮਾਤ ਪਾਸ ਕਰਨ ਤੋਂ ਪਹਿਲਾਂ ਹੀ ਊਧਮ ਸਿੰਘ ਦਾ ਭਰਾ ਵੀ ਅਕਾਲ ਚਲਾਣਾ ਕਰ ਗਿਆ। ਊਧਮ ਸਿੰਘ ਦਸਵੀਂ ਪਾਸ ਕਰਨ ਤੋਂ ਬਾਅਦ ਵੀ ਅਜੇ ਯਤੀਮਖਾਨੇ ਹੀ ਰਹਿ ਰਿਹਾ ਸੀ।

ਅੰਮ੍ਰਿਤਸਰ ਵਿਖੇ 13 ਅਪ੍ਰੈਲ 1919 ਈਸਵੀ ਨੂੰ ਜਲਿਆਵਾਲੇ ਬਾਗ ਦਾ ਭਿਆਨਕ ਸਾਕਾ ਹੋਇਆ। ਜਿਸਦੇ ਜ਼ਿੰਮੇਵਾਰ ਜਨਰਲ ਡਾਇਰ ਤੇ ਪੰਜਾਬ ਦੇ ਲੈਫੀ: ਗਵਰਨਰ ਸਰ ਮਾਈਕਲ ਉਡਵਾਇਰ ਸਨ।

ਕਹਿੰਦੇ ਹਨ ਕਿ ਸਾਕੇ ਤੋਂ ਬਾਅਦ ਬਾਗ ਵਿੱਚ ਲਾਸ਼ਾਂ ਚੁੱਕਣ ਤੇ ਸਹਿਕਦਿਆਂ ਦੀ ਸੰਭਾਲ ਕਰਨ ਲਈ ਸਿਵਲ ਅਧਿਕਾਰੀਆਂ ਵੱਲੋਂ ਕੁੱਝ ਸੰਸਥਾਵਾਂ ਨੂੰ ਪ੍ਰਮਿਟ ਜਾਰੀ ਕੀਤੇ ਗਏ। ਇਸ ਸਮੇਂ ਭਾਈ ਊਧਮ ਸਿੰਘ ਯਤੀਮਖਾਨੇ ਰਹਿੰਦਿਆਂ ਪ੍ਰਮਿਟ ਮਿਲਨ ਤੇ ਆਪਣੇ ਸਾਥੀਆਂ ਨਾਲ ਸਾਕੇ ਵਾਲੀ ਘਟਨਾ 'ਤੇ ਪਹੁੰਚ ਗਏ। ਉਥੇ ਸ਼ਹੀਦਾਂ ਦੀਆਂ ਲਾਸ਼ਾਂ ਵੇਖ ਕਿ ਤੇ ਜਖ਼ਮੀਆਂ ਦੀਆਂ ਚੀਕ ਪੁਕਾਰਾਂ ਸੁਣ ਕੇ ਊਧਮ ਸਿੰਘ ਦਾ ਹਿਰਦਾ ਵਲੂੰਧਰਿਆ ਗਿਆ। ਜਿਸਦਾ ਬਦਲਾ ਸ੍ਰ: ਊਧਮ ਸਿੰਘ ਨੇ 21 ਸਾਲ ਬਾਅਦ ਮਾਈਕਲ ਉਡਵਾਇਰ ਨੂੰ ਮਾਰ ਕੇ ਲਿਆ। ਸ੍ਰ: ਊਧਮ ਸਿੰਘ ਨੂੰ ਗ੍ਰਿਫਤਾਰ ਕਰਕੇ ਬ੍ਰਿਕਸਟਨ ਜੇਲ੍ਹ ਵਿੱਚ ਲਿਜਾਇਆ ਗਿਆ। ਊਧਮ ਸਿੰਘ ਦੇ ਪੱਖ ਵਿਚ ਦੋ ਭਾਰਤੀ ਵਕੀਲ ਅਤੇ ਇੱਕ ਅੰਗਰੇਜ਼ ਵਕੀਲ ਪੇਸ਼ ਹੋਏ ਅਤੇ ਦੱਸਿਆ ਕਿ ਊਧਮ ਸਿੰਘ ਨੇ ਗੋਲੀ ਉਡਵਾਇਰ ਨੂੰ ਮਾਰਨ ਲਈ ਨਹੀਂ ਚਲਾਈ ਸੀ। ਇਹਨਾਂ ਪਾਸ ਜੋ ਹਥਿਆਰ ਸੀ, ਉਹ ਬਿਲਕੁੱਲ ਪੁਰਾਣਾ ਅਤੇ ਜੰਗ ਲੱਗਿਆ ਹੋਇਆ ਸੀ। ਫਿਰ ਇਹ ਵੀ ਕਿਹਾ ਗਿਆ ਕਿ ਊਧਮ ਸਿੰਘ ਪਹਿਲਾਂ ਤੋਂ ਹੀ ਮਾਈਕਲ ਨੂੰ ਜਾਣਦਾ ਸੀ ਅਤੇ ਜੇਕਰ ਮਾਰਨਾ ਹੁੰਦਾ ਤਾਂ ਪਹਿਲਾਂ ਕਈ ਮੌਕੇ ਅਜਿਹੇ ਸਨ, ਜਿੰਨ੍ਹਾਂ ਵਿੱਚ ਉਹ ਮਾਈਕਲ ਨੂੰ ਮਾਰ ਸਕਦਾ ਸੀ।

ਜੱਜ ਨੇ ਅੰਤਿਮ ਫੈਸਲਾ ਦੇਣ ਤੋਂ ਪਹਿਲਾਂ ਊਧਮ ਸਿੰਘ ਨੂੰ ਕੁੱਝ ਕਹਿਣ ਲਈ ਕਿਹਾ ਤਾਂ ਸ੍ਰ: ਊਧਮ ਸਿੰਘ ਨੇ ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ ਮੁਰਦਾਬਾਦ ਦੇ ਨਾਹਰੇ ਲਗਾਉਣੇ ਸ਼ੁਰੂ ਕਰ ਦਿੱਤੇ ਅਤੇ ਗਰਜ ਕੇ ਕਿਹਾ ਕਿ ਮੈਨੂੰ ਮੌਤ ਦੀ ਕੋਈ ਪ੍ਰਵਾਹ ਨਹੀਂ ਹੈ। ਮੇਰੇ ਲਈ ਇਸਦੇ ਕੋਈ ਅਰਥ ਵੀ ਨਹੀਂ ਹਨ। ਮੈਨੂੰ ਕਿਸੇ ਤਰ੍ਹਾਂ ਦੀ ਸਜਾ ਦੀ ਵੀ ਕੋਈ ਪ੍ਰਵਾਹ ਨਹੀਂ ਹੈ। ਜਦੋਂ ਜੱਜ ਨੇ ਮੌਤ ਦੀ ਸਜਾ ਦਾ ਐਲਾਨ ਕੀਤਾ ਤਾਂ ਵੀ ਊਧਮ ਸਿੰਘ ਨੇ ਤਿੰਨ ਵਾਰ ਇੰਨਕਲਾਬ ਜਿੰਦਾਬਾਦ ਦੇ ਨਾਹਰੇ ਲਗਾਏ। ਹੋਰ ਵੀ ਜੋ ਕੁੱਝ ਊਧਮ ਸਿੰਘ ਨੇ ਬ੍ਰਿਟਿਸ਼ ਸਰਕਾਰ ਦੇ ਖਿਲਾਫ ਬੋਲਿਆ, ਉਹ ਵੀ ਜੱਜ ਨੇ ਉਸ ਸਮੇਂ ਛਪ ਰਹੇ ਅਖਬਾਰਾਂ-ਰਸਾਲੇ, ਸਮਾਚਾਰ ਪੱਤਰਾਂ ਵਿੱਚ ਛਾਪਣ ਦੀ ਮਨਾਹੀ ਕਰ ਦਿੱਤੀ ਸੀ।

ਮੌਤ ਦੀ ਸਜਾ ਐਲਾਣ ਕਰਨ ਤੋਂ ਬਾਅਦ ਉਹਨਾਂ ਨੂੰ ਭਾਰੀ ਸੁਰੱਖਿਆ ਹੇਠ ਬ੍ਰਿਕਸਟਨ ਜੇਲ੍ਹ ਤੋਂ ਤਬਦੀਲ ਕਰਕੇ ਪੈਂਟੋਨਵਿਲੇ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ। ਇਥੇ ਹੀ ਉਹਨਾਂ ਨੂੰ 31 ਜੁਲਾਈ 1940 ਈਸਵੀ ਨੂੰ ਸਵੇਰੇ 9.00 ਵਜੇ ਫਾਂਸੀ ਦੇ ਦਿੱਤੀ ਗਈ।

– ਡਾ: ਗੁਰਚਰਨ ਸਿੰਘ ਜੀਰਾ ਦੀ ਲਿਖਤ 'ਤੇ ਅਧਾਰਤ

"SIS GANJ" Monthly, New Delhi
Date of Publishing : 24 JUNE 2017
Date of Posting : 1-2 JULY 2017
Posted at NEW DELHI, PSO Mkt. Road,
New Delhi-110001

JULY 2017

Regd. No. DL (ND)-11/6040/2015-16-17
Licensed to post without
Pre-Payment vide U(c) 224/2015-2017
Regd. No. R.N.I. 10622/64

ਸ਼ਹੀਦੀ ਅਸਥਾਨ ਭਾਈ ਤਾਰੂ ਸਿੰਘ ਜੀ, ਲਾਹੌਰ (ਪਾਕਿਸਤਾਨ)